ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਨੌਵੀਂ Raas 9

# Sri Gur Partap Suraj Granth

ਕ੍ਰਿਤ:

## ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji

*Visit: www.ik13.com* *Email rarasahib@yahoo.com*

ੴ ਸਤਿਗੁਰ ਪ੍ਰਸਾਦਿ ॥

## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਤਤਕਰਾ ਰਾਸਿ ਨੌਵੀਂ

## ਰਾਸਿ ਨੌਵੀਂ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
੧ ਜਨਵਰੀ ੨੦੦੫ ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਰਾਸਿ ਨੌਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਨੌਵੀਂ ਉਪਰ ਕਲਿਕ ਕਰੋ ਜੀ)

# ਤਤਕਰਾ ਰਾਸਿ ਨੌਵੀਂ

## ਰਾਸਿ ਨੌਵੀਂ

# ਰਾਸਿ ਨੌਵੀਂ ਚੱਲੀ

ੴ ਸਤਿਗੁਰ ਪ੍ਰਸਾਦਿ† ॥

†ਸ੍ਰੀ ਗੁਰ ਨਾਨਕ ਪ੍ਰਕਾਸ਼ ਪੁਰਬਾਰਧ ਦੇ ਪਹਿਲੇ ਅਧ੍ਯਾਯ ਦੇ ਪਹਿਲੇ ਦੋਹਰੇ ਵਿਚ ਇਨ੍ਹਾਂ ਦੋਹਾਂ ਮੰਗਲਾਂ ਨੂੰ ਕਵਿਤਾ ਰੂਪ ਵਿਚ ਦਰਸਾਇਆ ਸੀ ਏਥੇ ਕਵਿ ਜੀ ਨੇ ਦੋਵੇਂ ਇਕੱਠੇ ਅਸਲ ਰੂਪ ਵਿਚ ਦਿੱਤੇ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਨਵਮਿ ਰਾਸਿ ਲਿਖ੍ਯਤੇ ॥

### ਅੰਸੂ ੧. [ਮੰਗਲ। ਸ੍ਰੀ ਹਰਿਰਾਇ ਨਿੱਤ ਕਰਮ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

ਸੈਯਾ:

ਸ੍ਰੀ ਪੁਰਸ਼ੋਤਮ ਪੂਰਨ ਹੈ, ਪਰਮਾਤਮ ਪਾਲਕ, ਲੇਪ ਨ ਮਾਯਾ।
ਸ੍ਰੀ ਪਰਮੇਸ਼ੁਰ, ਮਾਧਵ, ਪਾਵਨ, ਪੋਖਕ, ਪ੍ਰੇਰਕ, ਪਾਰ ਨ ਪਾਯਾ।
ਜੈ ਕਰਿਤਾ ਜਗਦੀਸ਼, ਜਜੇ ਜਗ ਜੀਵਨ, ਜੋਨਿ ਬਿਨਾ, ਜਸ ਛਾਯਾ।
ਸ੍ਰੀ ਪਤਿ, ਜੋਤਿ ਸਰੂਪ ਅਨੂਪਮ, ਭੂਪਨ ਭੂਪ, ਨਮੋ ਹਰਿਰਾਯਾ ॥੧॥

ਪੁਰਸ਼ੋਤਮ = ਸਭ ਤੋਂ ਉੱਤਮ ਪੁਰਖ਼, ਅਕਾਲ ਪੁਰਖ (ਦੇਖੋ ਸ੍ਰੀ ਗੁਰ ਨਾ: ਪ੍ਰ: ਪੂਰ: ਅਧ੍ਯ: ੧ ਅੰਕ ੪)
ਮਾਧਵ = ਮਾਇਆ ਦਾ ਪਤੀ, ਵਾਹਿਗੁਰੂ। [ਮਾ = ਮਾਇਆ। ਧਵ = ਪਤੀ]
ਪਾਵਨ = ਪਵਿੱਤ੍ਰ।
ਪੋਖਕ = ਖਾਣ ਪੀਣ ਆਦਿ ਦੇ ਸਾਰੇ ਪਦਾਰਥਾਂ ਦਾ ਦਾਤਾ, ਪਾਲਿਕ। ਪੋਸਣ ਵਾਲਾ।
ਪਾਰ = ਅੰਤ। ਜਜੇ = ਪੂਜੇ, ਪੂਜਦਾ ਹੈ।
ਜੋਨਿ = ਜਨਮ ਧਾਰਨਾ, ਗਰਭ ਵਿਚ ਪੈਣਾ। (ਅ) ਜੀਵਣਾ ਮਰਨਾ।
ਸ੍ਰੀਪਤਿ = ਸ਼ੋਭਾ ਦਾ ਪਤੀ, ਪਰਮਾਤਮਾ, ਵਾਹਿਗੁਰੂ।
ਹਰਿਰਾਯਾ = (ਸਾਰੇ ਪਾਪਾਂ ਨੂੰ) ਹਰਿ ਲੈਣ ਵਾਲਾ, ਪ੍ਰਕਾਸ਼ ਸਰੂਪ। (ਅ) ਹਰੀ ਰੂਪ ਰਾਜਾ। ਪ੍ਰਸੰਗ ਸ੍ਰੀ ਗੁਰੂ ਹਰਿ ਰਾਇ ਜੀ ਦਾ ਚਲ ਰਿਹਾ ਹੈ, ਵਾਹਿਗੁਰੂ ਦਾ ਨਾਮ ਬੀ 'ਹਰਿ-ਰਾਯਾ' ਲਿਆਏ ਹਨ, ਇਹ ਕਟਾਖ੍ਯ ਹੈ।

ਅਰਥ:

ਸ੍ਰੀ ਅਕਾਲ ਪੁਰਖ (ਸਾਰੇ) ਪੂਰਨ ਹੈ (ਉਹੀ ਜੀਵਾਂ ਦਾ) ਪਾਲਣ ਹਾਰ ਪਰਮਾਤਮਾ ਹੈ, (ਫਿਰ ਉਹ) ਮਾਇਆ ਕਰਕੇ ਲਿਪਾਇਮਾਨ ਨਹੀਂ। ਉਹੀ ਧਰਮ ਈਸ਼੍ਵਰ ਹੈ, ਮਾਇਆ ਦਾ ਪਤੀ ਹੈ, ਪਵਿੱਤ੍ਰ ਹੈ (ਫਿਰ) ਪੋਖਕ ਤੇ ਪ੍ਰੇਰਕ ਹੈ (ਜਿਸ ਦਾ) ਅੰਤ ਕਿਸੇ ਨਹੀਂ ਲਿਆ। (ਤਿਸ) ਜਗਤ ਦੇ ਈਸ਼੍ਵਰ ਦੀ ਜੈ ਹੋਵੇ (ਜੋ ਸਾਰੇ ਸੰਸਾਰ ਦਾ) ਕਰਤਾ ਹੈ, (ਜਿਸ ਨੂੰ ਸਾਰਾ) ਜਗਤ ਪੂਜਦਾ ਹੈ, (ਉਹੀ ਜਗਤ ਦਾ) ਜੀਵਨ ਹੈ, (ਅਤੇ ਉਹ) ਜਨਮ ਮਰਨ ਤੋਂ ਰਹਿਤ ਹੈ (ਅਤੇ ਉਸ ਦਾ) ਜਸ (ਸਾਰੇ ਜਗਤ ਵਿਚ) ਫੈਲਿਆ ਹੋਇਆ ਹੈ, (ਉਹ ਸਰਬ) ਸ਼ੋਭਾ ਦਾ ਸ੍ਵਾਮੀ ਹੈ, ਸਰੂਪ ਉਸ ਦਾ ਅਨੂਪਮ ਪ੍ਰਕਾਸ਼ ਹੈ, ਰਾਜਿਆਂ ਦਾ ਮਹਾਰਾਜ ਹੈ (ਐਸੇ) ਪ੍ਰਕਾਸ਼ ਸਰੂਪ ਹਰੀ (ਨੂੰ ਮੇਰੀ) ਨਮਸਕਾਰ ਹੋਵੇ।

੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਸ੍ਰੀ ਮੁਖ ਪੰਕਜ ਕੀ ਸਮ ਹੈ, ਜਗ ਬ੍ਯਾਪਕ ਹੋਇ ਬਨੀ ਗਨ† ਬਾਨੀ। †ਪਾ:-ਗੁਨਿ।

ਨੌ ਨਿਧਿ ਦਾ ਸਿਧਿ ਦਾ ਸ਼ੁਧਿ ਦੇਤਿ, ਨਿਕੇਤ ਕ੍ਰਿਪਾ, ਸੁਖ ਹੇਤੁ ਮਹਾਨੀ।
ਦੇਵਨ ਕੇ ਗਨ ਮਾਨਤਿ ਹੈਂ, ਜਸੁ ਠਾਨਤਿ ਹੈਂ, ਬਰਦਾਇਕ ਜਾਨੀ।
ਸਾਰਸੁਤੀ ! ਕਰ ਬੇਣਵਤੀ ! ਮੁਝ ਦੇਹੁ ਮਤੀ, ਪਦ ਬੰਦਨ ਠਾਨੀ ॥੨॥

ਗਨ = ਸਾਰੇ। ਸ਼ੱਧਿ = ਉੱਜਲਤਾ।
ਨਿਕੇਤ ਕ੍ਰਿਪਾ = ਕ੍ਰਿਪਾ ਦਾ ਘਰ। ਸੁਖ ਹੇਤ = ਸੁਖਾਂ ਦਾ ਕਾਰਣ।
ਕਰ ਬੇਣਵਤੀ = ਜਿਸ ਦੇ ਹੱਥ ਵਿਖੇ ਵੀਣਾ ਹੈ।

ਅਰਥ:

(ਜਿਸ ਦਾ) ਸ਼ੋਭਾ ਵਾਲਾ ਮੁੱਖ ਕਵਲ ਵਰਗਾ ਹੈ, (ਅਤੇ ਜੋ) ਬਾਣੀ ਰੂਪ ਹੋਕੇ ਸਾਰੇ ਜਗਤ ਵਿਖੇ ਵਿਆਪਕ ਹੋ ਰਹੀ ਹੈ। ਨੌ ਨਿਧੀਆਂ (ਅਠਾਰਾਂ) ਸਿਧੀਆਂ (ਤੇ) ਉੱਜਲਤਾ ਦੀ ਦਾਤੀ ਹੈ, ਕ੍ਰਿਪਾ ਦਾ ਘਰ ਤੇ ਸੁਖਾਂ ਦਾ ਮਹਾਨ ਕਾਰਨ ਹੈ। (ਜਿਸ ਨੂੰ) ਦੇਵਤਿਆਂ ਦੇ ਪੁੰਜ ਵਰ ਦਾਤੀ ਜਾਣ ਕੇ ਮੰਨਦੇ ਹਨ ਤੇ ਜਸ ਕਰਦੇ ਹਨ। (ਹੇ) ਸਰਸ੍ਵਤੀ ! ਹੱਥਾਂ ਵਿਖੇ ਵੀਣਾ ਧਾਰਨ ਵਾਲੀ ! ਮੈਨੂੰ (ਸ੍ਰੇਸ਼ਟ) ਮਤਿ ਦੇਹੁ (ਮੈਂ ਤੇਰੇ) ਚਰਨਾਂ ਤੇ ਬੰਦਨਾ ਕਰਦਾ ਹਾਂ।

### ੩. ਇਸ੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਦੋਹਰਾ:

ਪਾਰ ਬ੍ਰਹਮ, ਕਰਤਾ ਪੁਰਖ, ਸ਼੍ਰੀ ਨਾਨਕ ਅਵਤਾਰ।
ਦਾਸ ਬ੍ਰਿੰਦ ਅਨੰਦ ਦੇ ਤਿਨ ਪਦ ਬੰਧਨ ਧਾਰਿ ॥੩॥

ਅਰਥ:

ਸ੍ਰੀ (ਗੁਰੂ) ਨਾਨਕ ਦੇਵ ਜੀ ਪਾਰਬ੍ਰਹਮ ਕਰਤਾ ਪੁਰਖ (ਵਾਹਿਗੁਰੂ ਦੇ) ਅਵਤਾਰ (ਹਨ ਅਤੇ) ਸਮੂਹ ਦਾਸਾਂ ਨੂੰ ਅਨੰਦ ਦੇ ਦਾਤੇ ਹਨ ਤਿਨ੍ਹਾਂ ਦੇ ਚਰਨਾਂ ਕਵਲਾਂ ਤੇ (ਮੈਂ) ਨਮਸਕਾਰ ਕਰਦਾ ਹਾਂ।

### ੪. ਇਸ੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਸ਼੍ਰੀ ਅੰਗਦ ਦੂਸਰ ਗੁਰੂ, ਦਰਸ਼ਨ ਤੇ ਸੁਖ ਦੇਤਿ।
ਚਨਰ ਸਰੋਜਨਿ ਬੰਦਨਾਂ, ਆਨੰਦ ਕ੍ਰਿਪਾ ਨਿਕੇਤ ॥੪॥

ਅਰਥ:

ਦੂਸਰੇ (ਪਾਤਿਸ਼ਾਹ) ਸ੍ਰੀ ਗੁਰੂ ਅਗੰਦ ਦੇਵ ਜੀ ਦੇ ਚਰਨਾਂ ਕਵਲਾਂ ਤੇ (ਮੈਂ) ਨਮਸਕਾਰ ਕਰਦਾ ਹਾਂ (ਜੋ) ਦਰਸ਼ਨ ਕਰਨ ਨਾਲ ਹੀ ਸੁਖ ਦੇ ਦਿੰਦੇ ਹਨ, ਤੇ (ਜੋ) ਅਨੰਦ ਤੇ ਕ੍ਰਿਪਾ ਦੇ ਘਰ ਹਨ।

### ੫. ਇਸ੍ਟ ਗਰੂ-ਸ਼੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

ਅਧਿਕ ਬ੍ਰਿਧ ਸੇਵਨ ਲਗੇ, ਅਧਿਕ ਬ੍ਰਿੱਧ ਕਰਿ ਸੇਵ॥
ਬੰਦੌਂ ਜੇ ਬ੍ਰਿਧ ਅਧਿਕ ਹ੍ਵੈ, ਭਏ ਜਗਤ ਗੁਰਦੇਵ ॥੫॥

ਅਧਿਕ ਬ੍ਰਿੱਧ = ਵੱਡੀ ਆਯੂ ਵਿਖੇ। ਬ੍ਰਿੱਧ = ਵੱਡੀ, ਬਹੁਤੀ, ਵੱਧ ਤੋਂ ਵੱਧ।
ਬ੍ਰਿੱਧ = ਵਧੀਆ; ਉਤਕ੍ਰਿਸ਼ਟ।

ਅਰਥ:

(ਸ਼੍ਰੀ ਗੁਰ ਅਮਰਦਾਸ ਜੀ) ਬਹੁਤ ਬ੍ਰਿੱਧ (ਆਯੂ ਵਿਖੇ ਗੁਰੂ ਅੰਗਦ ਦੇਵ ਜੀ ਦੀ) ਸੇਵਾ ਕਰਨ ਲਗੇ (ਤੇ ਫਿਰ) ਵੱਧ ਤੋਂ ਵੱਧ ਸੇਵਾ ਕੀਤੀ (ਤਿਸ ਸਤਿਗੁਰੂ ਜੀ ਨੂੰ ਮੈਂ) ਨਮਸਕਾਰ ਕਰਦਾ ਹਾਂ ਜੋ ਜਗਤ ਦੇ ਬਹੁਤ ਹੀ ਉਤਕ੍ਰਿਸ਼ਟ ਗੁਰੂ ਹੋਏ ਹਨ।

ਹੋਰ ਅਰਥ:

੨. (ਜੋ ਫਿਰ) ਬਹੁਤ ਬ੍ਰਿੱਧ ਅਵਸਥਾ ਵਿਖੇ ਜਗਤ ਗੁਰਦੇਵ ਬਣੇ (ਭਾਵ ਗੁਰਿਆਈ ਪਾਈ)।

ੲ. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

ਰਾਮ ਰਾਮ ਇਕ ਨਾਮ ਹੈ, ਭਏ ਬਿਸ਼ੇਸ਼ਨ ਦੋਇ।
ਰਾਜਾ ਭਗਤਿ ਸਰੂਪ ਤੇ, ਚੰਦ ਦਾਸ ਲਖਿ ਸੋਇ ॥੬॥

ਅਰਥ:

(ਸ਼੍ਰੀ ਗੁਰੂ ਰਾਮਦਾਸ ਜੀ ਤੇ ਰਾਮਚੰਦ ਜੀ ਦੋਹਾਂ ਦੇ ਨਾਮ ਵਿਖੇ) 'ਰਾਮ' 'ਰਾਮ' (ਤਾਂ) ਇਕੋ ਨਾਮ ਹੈ (ਅੱਗੇ ਇਸ 'ਰਾਮ' ਨਾਮ ਨਾਲ) ਦੋ ਵਿਸ਼ੇਸ਼ਨ (ਉਨ੍ਹਾਂ ਦੇ ਅਪਣੇ ਸਰੂਪ ਤੋਂ) ਪਏ ਹਨ। ਰਾਜਾ ਸਰੂਪ ਹੋਣ ਤੇ (ਉਨ੍ਹਾਂ ਦੇ 'ਨਾਮ' ਦੇ ਪਿੱਛੇ ਰਜੋਗੁਣੀ ਵਿਸ਼ੇਸ਼ਣ) ਚੰਦ (ਤੇ ਗੁਰੂ ਜੀ ਦੇ) ਭਗਤ (ਸਰੂਪ) (ਹੋਣ ਤੇ ਸਤੋਗੁਣੀ ਵਿਸ਼ੇਸ਼ਣ) ਦਾਸ (ਪਦ ਲੱਗਾ), ਇਹ ਜਾਣ ਲਓ।

ਭਾਵ:

ਸ਼੍ਰੀ ਗੁਰੂ ਰਾਮਦਾਸ ਜੀ ਤੇ ਸ਼੍ਰੀ ਰਾਮ ਚੰਦ ਜੀ ਵਿਚ 'ਰਾਮ' ਪਦ ਤਾਂ ਇਕੋ ਹੈ; ਸ਼੍ਰੀ ਰਾਮ ਚੰਦ ਜੀ ਨੇ ਨਾਮ ਨਾਲ ਚੰਦ ਇਸ ਕਰਕੇ ਲਗਾ ਕਿ ਉਹ ਰਾਜਾ ਸਨ। ਰਾਜਾ ਦਾ ਬੀ ਅਰਥ ਹੈ ਪ੍ਰਕਾਸ਼ ਤੇ ਚੰਦ ਬੀ ਪ੍ਰਕਾਸ਼ ਦਿੰਦਾ ਹੈ, ਸੋ ਰਾਜਾ ਸਰੂਪ ਧਾਰਨ ਕਰਕੇ ਉਸ ਭਾਵ ਦਾ ਵਿਸ਼ੇਖਣ ਲੱਗਾ। ਗੁਰੂ ਰਾਮਦਾਸ ਜੀ ਭਗਤੀ ਦਾ ਸਰੂਪ ਸੇ, ਇਸ ਕਰਕੇ ਉਨ੍ਹਾਂ ਨਾਲ ਦਾਸ ਪਦ ਲੱਗਾ। ਦਾਸ ਦਾ ਧਾਤੂ ਅਰਥ ਹੈ = ਦੇਣਾ†, ਸੋ ਉਹ ਜੀਅਦਾਨ ਦੇ ਦਾਤੇ ਸਨ, ਇਸ ਕਰਕੇ 'ਦਾਸ' ਵਿਸੇਸ਼ਣ ਨਾਲ ਭੂਖਤਿ ਹੋਏ।

†ਸੰਸਕ੍ਰਿਤ ਧਾਤੂ ਹੈ दाशृ ਦਾਸ਼੍ਰੀ = ਦੇਣਾ; ਅਤੇ, दास् ਦਾਸ੍ = ਦੇਣਾ, ਇਸ ਤੋਂ ਦਾਸ ਦਾ ਅਰਥ ਜਿਸਨੂੰ ਦਿੱਤਾ ਜਾਵੇ ਤਾਂ ਕਰਦੇ ਹੀ ਹਨ, ਜੋ ਦਾਨ ਕਰੇ ਉਹ, ਬੀ ਲਗਦੇ ਹਨ। ਮੋ: ਮੋ: ਵਿਲੀ: ਕੋਸ਼ ਵਿਚ ਦਾਸ ਪਦ ਦਾ ਅਰਥ ਐਉਂ ਬੀ ਲਾਇਆ ਹੈ:-ਉਹ ਜਿਸ ਅਗੇ ਤੁਹਾਫੇ ਪੇਸ਼ ਕੀਤੇ ਜਾਣ; ਭਾਵ ਜਿਸਨੂੰ ਸੇਵਕਾਂ ਦੀਆਂ ਭੇਟਾ ਸ੍ਵੀਕਾਰ ਕਰਨ ਦਾ ਅਧਿਕਾਰ ਹੋਵੇ।

੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਤਾਂਹਿ ਬਾਨ ਬਾਨੀ ਇਨਹੁ, ਛੇਦਤਿ ਲੱਛ ਬਿਕਾਰ।
ਨਾਮ ਦੋਇ ਇਕ ਰੂਪ ਜਿਨ, ਸ਼੍ਰੀ ਅਰਜੁਨ ਸੁਖਕਾਰ ॥੭॥

ਬਾਨ = ਤੀਰ। ਬਾਨ = ਬਾਣੀ।

ਨਾਮ ਦੋਇ ਇਕ ਰੂਪ = ਸ਼ਬਦ ਬ੍ਰਿਤੀ ਦੇ ਅਸੂਲਾਂ ਮੂਜਬ ਇਥੇ ਪਹਿਲਾਂ ਤੀਸ੍ਰਾ ਤੇ ਦੂਸਰਾ ਚੌਥਾ ਪਦ ਲੱਗਣਗੇ, ਯਥਾ:-ਨਾਮ ਇਕ ਦੋਇ ਰੂਪ। ਨਾਮ ਦੋਇ ਤੇ ਇਕ ਰੂਪ ਜੋੜਨਾਂ ਗਲਤੀ ਹੋਵੇਗੀ, ਕਿਉਂਕਿ ਨਾਮ ਤਾਂ ਦੋ ਨਹੀਂ ਹਨ, ਇਕੋ ਹੈ, ਰੂਪ ਦੋ ਪ੍ਰਤੱਖ ਹਨ, ਗੁਰੂ ਅਰਜਨ ਜੀ ਅਵਤਾਰ ਹਨ, ਤੇ ਪਾਂਡਵ ਅਰਜਨ ਜੀਵ ਹੈ, ਸ਼੍ਰੀ ਕ੍ਰਿਸ਼ਨ ਜੀ ਦਾ ਸ਼ਿਸ਼ ਹੈ।

ਅਰਥ:

ਉਸ ਦੇ (ਤਾਂ) ਤੀਰ ਤੇ ਇਨ੍ਹਾਂ ਦੀ ਬਾਣੀ (ਦੋਵੇਂ ਅਮੋਘ ਹਨ, ਉਸ ਦੇ ਤੀਰ) ਨਿਸ਼ਾਨੇ ਨੂੰ ਵਿੰਨ੍ਹ ਸਿਟਦੇ ਸਨ। (ਇਨ੍ਹਾਂ ਦੀ ਬਾਣੀ) ਵਿਕਾਰਾਂ ਨੂੰ (ਵਿੰਨ੍ਹ ਸਿੱਟਦੀ ਹੈ) ਨਾਮ ਤਾਂ (ਦੋਹਾਂ ਦਾ- 'ਅਰਜਨ') ਇਕੋ ਹੈ ਪਰ ਵਜੂਦ ਦੋ ਹਨ (ਉਹ ਤੀਰ ਮਾਰਕੇ ਜਾਨ ਲੈਂਦੇ ਸਨ, ਇਹ) ਸ਼੍ਰੀ ਅਰਜਨ ਜੀ (ਬਾਣੀ ਨਾਲ ਵਿਕਾਰਾਂ ਨੂੰ ਛੇਦ ਕੇ) ਸੁਖਾਂ ਦਾ ਦਾਨ ਕਰਦੇ ਹਨ।

ਭਾਵ:

ਪਾਂਡਵਾਂ ਵਿਚੋਂ ਅਰਜੁਨ ਜੀ ਅਮੋਘ ਬਾਣਾਂ ਦੇ ਚਲਾਉਣੇ ਵਿਚ ਬੜੇ ਪ੍ਰਸਿੱਧ ਸਨ ਤੇ ਗੁਰੂ ਪੰਚਮ ਜੀ ਦਾ ਪਵਿੱਤ੍ਰ ਨਾਮ ਭੀ ਅਰਜੁਨ ਹੈ ਇਸ ਕਰਕੇ ਕਹਿੰਦੇ ਹਨ ਨਾਮ ਤਾਂ ਇਕੋ ਹੈ ਪਰ ਰੂਪ ਦੋ ਹਨ। ਪਹਿਲੇ ਅਰਜੁਨ ਜੀ ਇਕ ਸ੍ਰੇਸ਼ਟ ਪੁਰਖ ਹਨ, ਸ਼੍ਰੀ ਕ੍ਰਿਸ਼ਨ ਜੀ ਦੇ ਸ਼ਿਸ਼ ਹਨ। ਪਰੰਤੂ ਗੁਰੂ ਅਰਜੁਨ ਜੀ

ਈਸ਼੍ਵਰ ਕੋਟੀ ਹਨ, ਕਾਰਕ ਹਨ, ਗੁਰ ਅਵਤਾਰ ਹਨ, ਇਸ ਕਰਕੇ ਇਹ ਅਮੋਘ ਬਾਣੀ ਨਾਲ ਵਿਕਾਰਾਂ ਨੂੰ ਨਾਸ਼ ਕਰਕੇ ਜੀਅਦਾਨ ਦਿੰਦੇ ਹਨ।

ਕਈ ਦਾਨ ਇਸ ਦੋਹੇ ਨੂੰ ਪਿਛਲੇ ਦੋਹੇ ਨਾਲ ਲਾਉਂਦੇ ਹਨ ਕਿ ਰਾਮਚੰਦ੍ਰ ਜੀ ਤਾਂ ਅਮੋਘ ਬਾਣ ਮਾਰਦੇ ਹਨ, ਪਰ ਗੁਰੂ ਰਾਮਦਾਸ ਜੀ ਬਾਣੀ ਅਮੋਘ ਆਖਦੇ ਹਨ। ਪਰੰਤੂ ਇਸ ਨੂੰ ਪਿਛਲੇ ਦੋਹੇ ਨਾਲ ਲਾਉਣਾ ਠੀਕ ਨਹੀਂ, ਕਿਉਂਕਿ ਸ਼੍ਰੀ ਗੁਰੂ ਰਾਮ ਦਾਸ ਜੀ ਦਾ ਮੰਗਲ ਮੁੱਕ ਚੁੱਕਾ ਹੈ ਤੇ ਅੱਗੇ ਸ਼੍ਰੀ ਗੁਰੂ ਅਰਜਨ ਜੀ ਦਾ ਮੰਗਲ ਆਉਂਦਾ ਨਹੀਂ ਤੇ ਇਸ ਵਿਚ ਪਦ ਸ਼੍ਰੀ ਅਰਜਨ ਬੀ ਪਿਆ ਹੈ ਤਾਂ ਤੇ ਇਹ ਮੰਗਲ ਪੰਚਮ ਪਾਤਸ਼ਾਹ ਜੀ ਦਾ ਹੈ। ਇਸ ਅਰਥ ਨੂੰ ਢੁਕਾਉਣ ਲਈ ਇੱਥੇ ਫਿਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ ਰਾਮਦਾਸ ਜੀ ਦਾ ਰੂਪ ਮੰਨਕੇ ਅਰਥ ਨੂੰ ਮਰੋੜਨਾ ਪੈਂਦਾ ਹੈ, ਪਰ ਇਹ ਖਿੱਚ ਹੈ ਤੇ ਇਕ ਹੋਰ ਗੱਲ ਇਸ ਅਰਥ ਨੂੰ ਸਪੱਸ਼ਟ ਖੰਡਨ ਕਰ ਦੇਂਦੀ ਹੈ। ਉਹ ਇਹ ਕਿ ਪਾਂਡਵ ਅਰਜਨ ਜੀ ਤਾਂ ਨਿਰੇ ਤੀਰ ਚਲਾਉਣ ਵਾਲੇ ਸਨ ਤੇ ਆਪਣੇ ਬਚਨਾਂ ਨਾਲ ਵਿਕਾਰ ਨਾਸ਼ ਕਰਨ ਵਾਲੇ ਸ਼ਬਦ ਦੇ ਦਾਤੇ ਤੇ ਕਾਰਕ ਨਹੀਂ ਸਨ, ਪਰ ਸ਼੍ਰੀ ਰਾਮਚੰਦ੍ਰ ਜੀ ਤਾਂ ਤੀਰ ਅੰਦਾਜ਼ ਬੀ ਸਨ ਤੇ ਗੁਰਮੁਖ ਬੀ ਸਨ; ਤੇ ਉਪਦੇਸ਼ ਦੇਂਦੇ ਸਨ, ਸੋ ਇਕ ਵਿਚ ਨਿਰਾ ਬਾਣਾਂ ਦਾ ਗੁਣ ਤੇ ਇਕ ਵਿਚ ਨਿਰਾ ਬਾਣੀ ਦਾ ਗੁਣ ਇਹ ਪਦ ਸਫਲ ਨਹੀਂ ਹੋ ਸਕਣਗੇ। ਜੇ 'ਤਾਂਹਿ' ਦੇ ਅਰਥ 'ਰਾਮਚੰਦ' ਕਹੀਏ ਤਾਂ 'ਗੁਰ ਅਰਜਨ ਸੁਖਕਾਰ' ਦੇ ਮੁਕਾਬਲੇ ਤੇ ਸ੍ਰੀ ਰਾਮ ਜੀ ਵਿਚ 'ਦੁਖਕਾਰ' ਹੋਣ ਦੀ ਸੰਭਾਵਨਾ ਕਰਨੀ ਪਵੇਗੀ।

ਇਕ ਹੋਰ ਸ਼ੰਕਾ ਹੋ ਸਕਦੀ ਹੈ ਕਿ 'ਗੁਰੁ ਅਰਜਨ ਜੀ' ਤਾਂ ਅਵਤਾਰ ਸਨ ਤੇ 'ਪਾਂਡਵ ਅਰਜਨ' ਅਵਤਾਰ ਨਹੀਂ ਸੀ, ਉਸ ਨਾਲ ਉਪਮਾ ਦੇਣੀ ਨਊਨੋਪਮਾ ਹੋ ਜਾਊ। ਉੱਤਰ ਇਹ ਹੈ ਕਿ ਕਵਿ ਜੀ ਏਥੇ ਸਦਰਸ਼ਤਾ ਨਹੀਂ ਦਿਖਾ ਰਹੇ, ਸਗੋਂ ਵਿਸ਼ੇਸ਼ਤਾ ਦੱਸ ਰਹੇ ਹਨ, ਤੇ ਨਾਮ ਦੀ ਸਦਰਸ਼ਤਾ ਕਰਕੇ ਟਾਕਰਾ ਕਰਦੇ ਹਨ, ਪਰ ਸਰੂਪ ਦੀ ਭਿੰਨਤਾ ਆਪ ਸਪਸ਼ਟ ਦੱਸ ਕੇ ਵਿਸੇਸ਼ਤਾ ਦਰਸਾ ਰਹੇ ਹਨ। ਅਗਲੇ ਦੋਹੇ ਵਿਚ ਬੀ 'ਸਜੀਵ ਤੇ ਜੀਅ ਦਾਨ ਦਾਤੇ ਅਵਤਾਰ' ਦਾ 'ਜੜ੍ਹ ਅਗਨੀ' ਨਾਲ ਮੁਕਾਬਲਾ ਕਰਕੇ ਵਿਸੇਸ਼ਤਾ ਦੱਸ ਰਹੇ ਹਨ, ਤਿਵੇਂ ਏਥੇ ਬੀ ਵਿਸ਼ੇਸ਼ਤਾ ਦਾ ਭਾਵ ਪ੍ਰਧਾਨ ਹੈ।

### ੮. ਇਸ੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

ਮਹਾਬੀਰ, ਅਗਨੀ ਮਨਹੁੰ, ਅਹਿ ਬਨ, ਜਾਰਤਿ ਬ੍ਰਿੰਦ।
ਜੋਤਿ ਨਾਮ ਤੇ ਏਕ ਹੈ, ਤਨ ਜੁਗ ਹਰਿਗੋਬਿੰਦ ॥੮॥

ਮਹਾਂਬੀਰ = ਵਿਸ਼ੇਖਣ ਹੈ ਪਦ ਹਰਿ ਗੋਵਿੰਦ ਦਾ ਜੋ ਅੰਤ ਵਿਚ ਪਿਆ ਹੈ। ਹਰਿ ਪਦ ਦਾ ਅਰਥ ਬੀ ਅਗਨੀ ਹੈ ਤੇ ਗੋਬਿੰਦ ਪਦ ਦਾ ਅਰਥ ਵੀ ਅਗਨੀ ਐਉਂ ਬਣ ਜਾਂਦਾ ਹੈ ਕਿ ਗੋਬਿੰਦ ਪਦ ਵਿਸ਼੍ਨੂ ਦਾ ਬੀ ਵਾਚਕ ਹੈ ਤੇ ਵਿਸ਼੍ਨੂ ਦਾ ਇਕ ਅਰਥ ਅਗਨੀ ਬੀ ਹੈ। ਸੋ ਕਵਿ ਜੀ ਹਰਿ ਗੋਵਿੰਦ ਪਦ ਵਿਚ ਅਗਨੀ ਵਾਂਙੂੰ ਆਤਮ ਜਯੋਤੀ ਦੀ ਸੰਭਾਵਨਾ ਕਰਕੇ ਉਨ੍ਹਾਂ ਨੂੰ 'ਜਯੋਤੀ' ਰੂਪ ਤੱਕ ਕੇ ਅਗਨੀ ਦੀ ਜੋਤ ਨਾਲ ਟਾਕਰਾ ਕਰਕੇ ਵਿਸੇਸ਼ਤਾ ਦੱਸਦੇ ਹਨ।

ਮਨਹੁੰ = ਮਾਨੋਂ, ਮਾਨਿੰਦ, ਇਕ ਸਮ।

ਅਰਿ = ਵੈਰੀ, ਅਰਿ ਦਾ ਵਿਸ਼ੇਸ਼ਣ ਪਿਆ ਹੈ 'ਬ੍ਰਿੰਦ' ਪਦ। (ਅ) ਕੋਸ਼ਕਾਰਾਂ ਨੇ ਕਾਮ ਕ੍ਰੋਧ; ਲੋਭ, ਮੋਹ ਆਦਿ ਨੂੰ ਬੀ ਅਰਿ ਲਿਖਿਆ ਹੈ।

ਜੋਤਿ = [ਜਯੋਤਿ] ਅਗਨੀ, ਪ੍ਰਕਾਸ਼ (ਅ) ਆਤਮ ਪ੍ਰਕਾਸ਼।

ਜੁਗ = ਦੋ, ਭਾਵ ਅੱਡ ਅੱਡ।

ਅਰਥ:

ਮਹਾਂਬੀਰ (ਸ੍ਰੀ ਗੁਰ) ਹਰਿਗੋਬਿੰਦ ਜੀ ਤੇ ਅਗਨੀ ਮਾਨੋ (= ਇਕ ਸਮ ਹਨ); (ਕਿਉਂਕਿ ਗੁਰੂ ਜੀ) ਵੈਰੀਆਂ ਦੇ ਸਮੂਹ ਨੂੰ (ਤੇ ਅਗਨੀ ਬਨ ਨੂੰ ਸਾੜਦੇ ਹਨ (ਦੋਹਾਂ ਦਾ) 'ਜੋਤਿ' ਨਾਮ ਤਾਂ ਇਕ ਹੈ, ਪਰ ਸਰੂਪ ਦੋ ਹਨ।

ਭਾਵ:

ਹਰਿਗੋਬਿੰਦ ਦਾ ਅਰਥ ਅਗਨੀ ਹੋਣ ਕਰਕੇ, ਅਗਨੀ ਪਦ ਨਾਲ ਨਾਮ ਤੁੱਲਤਾ ਹੋਈ। ਉਹ 'ਚਾਨਣੇ' ਦੀ ਜੋਤ ਤੇ ਉਹ ਆਤਮ ਜੋਤਿ ਹੋਣ ਕਰਕੇ 'ਜੋਤਿ' ਪਦ ਵਿਚ ਤੁੱਲਤਾ ਹੋਈ ਤੇ ਦੁਹਾਂ ਦਾ ਕਾਰਜ ਬੀ ਸਾੜਨਾ ਹੈ, ਸੋ ਬੀ ਤੁੱਲ ਹੋਇਆ, ਪਰ ਉਹ ਬਿਨਾਂ ਵਿਵੇਕ ਸਭ ਕੁਛ ਸਾੜਦੀ ਹੈ, ਉਹ ਕੇਵਲ ਸ਼ੱਤ੍ਰੂਆਂ ਨੂੰ ਨਾਸ਼ ਕਰਦੇ ਹਨ, ਉਹ ਬੀ ਇਸ ਲਈ ਕਿ ਸ਼ੱਤ੍ਰੂ ਸੰਤ ਜਨਾਂ ਨੂੰ ਦੁਖ ਦੇਂਦੇ ਹਨ ਸੋ ਉਨ੍ਹਾਂ ਦਾ ਨਾਸ਼ ਕਰਨਾ ਭਲੀ ਸ੍ਰਿਸ਼ਟੀ ਨੂੰ ਸੁਖ ਦੇਣਾ ਤੇ ਜੀਵਨ ਦੇਣਾ ਹੈ, ਇਸ ਦਾ ਕਾਰਣ ਦੱਸ ਕੇ ਕਵਿ ਜੀ ਵਿਸ਼ੇਸ਼ਤਾ ਵੱਲ ਇਸ਼ਾਰਾ ਕਰਦੇ ਹਨ ਕਿ ਦੋਹਾਂ ਲਈ 'ਜਜੋਤ' ਪਦ ਵਰਤਿਆ ਜਾਂਦਾ ਹੈ, ਪਰ ਸਰੂਪਾਂ ਵਿਚ ਫਰਕ ਹੈ, ਅਗਨੀ ਦਾ ਵਜੂਦ ਤੱਤਾਂ ਤੋਂ ਬਨਿਆਂ ਹੈ: ਕਾਰਬਨ ਆਕਸੀਜਨ ਆਦਿ ਦੇ ਮੇਲ ਤੋਂ, ਤੇ ਜੜ੍ਹ ਹੈ। ਸਤਿਗੁਰੂ ਜੀ ਦੀ ਜਜੋਤਿ ਰੂਹ ਹੈ, ਆਤਮ ਸਰੂਪ ਹੈ, ਚੇਤਨ ਹੈ, ਸੁਖਦਾਈ ਹੈ ਤੇ ਪੂਰਨ ਹੈ।

### ੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

ਹਰੀ ਰਾਇ ਸਭਿ ਸੁਰਨਿ ਕੋ, ਸੋ ਸਰੂਪ ਹਰੀਰਾਇ।
ਜਗ ਗੁਰਤਾ ਇਹੁ ਅਧਿਕਤਾ, ਬੰਦੌਂ ਪੰਕਜ ਪਾਇ ॥ ੯ ॥

ਹਰੀ = ਵਿਸ਼ਨੂ। ਰਾਇ = ਰਾਜਾ।
ਸੋ = ਉਹੋ, ਉਵੇਂ।
(ਅ) ਉਹੀ ਸਰੂਪ ਹਨ ਹਰੀਰਾਇ = ਸ਼੍ਰੀ ਗੁਰੂ ਹਰਿਰਾਇ ਜੀ।

ਅਰਥ:

ਵਿਸ਼ਨੂ ਸਾਰੇ ਦੇਵਤਿਆਂ ਦਾ ਰਾਜਾ ਹੈ, (ਤਿਵੇਂ ਸ਼੍ਰੀ ਹਰਿਗੋਬਿੰਦ ਜੀ ਬੀ (ਦੇਵਤਿਆਂ ਦੇ ਰਾਜਾ) ਸਰੂਪ ਹਨ, (ਪ੍ਰੰਤੂ) ਵਾਧਾ ਇਹ ਹੈ (ਕਿ ਆਪ ਦੇਵਤਿਆਂ ਦੇ ਰਾਜਾ ਹੋਣ ਦੇ ਨਾਲ) ਸਾਰੇ ਜਗਤ ਦੀ ਗੁਰਿਆਈ (ਦੀ ਪਦਵੀ ਪਰ ਬੀ ਹਨ, ਇਸ ਕਰਕੇ) ਮੈਂ (ਗੁਰੂ ਜੀ ਦੇ) ਚਰਨਾਂ ਕਵਲਾਂ ਪਰ ਨਮਸਕਾਰ ਕਰਦਾ ਹਾਂ।

ਹੋਰ ਅਰਥ:

ਹਰਿ ਦਾ ਅਰਥ ਇੰਦ੍ਰ ਬੀ ਹੈ, ਇੰਦ੍ਰ ਨਿਰਾ ਸੁਰ ਲੋਕ ਦਾ ਰਾਜਾ ਹੈ, ਗੁਪਤਾਂ ਦਾ ਰਾਜਾ, ਪਰ ਗੁਰੂ ਜੀ ਜਗਤ ਗੁਰੂ ਬੀ ਹਨ, ਗੁਪਤ ਪ੍ਰਗਟ ਸਾਰੇ ਸੰਸਾਰ ਦੇ ਗੁਰੂ ਹਨ, ਗੁਪਤਾਂ ਦਾ 'ਰਾਜਾ ਸਰੂਪ' ਹੋਣਾ ਤਾਂ ਤੁਲਤਾ ਹੈ ਤੇ ਇਸ ਦੇ ਨਾਲ ਜਗਤ ਗੁਰੂ ਹੋਣਾ ਵਿਸ਼ੇਸ਼ਤਾ ਹੈ।

ਸੂਚਨਾ:

ਖਿਆਲ ਰਹੇ ਕਿ ਹਰ ਦੋਹੇ ਵਿਚ ਕਵਿ ਜੀ ਸਤਿਗੁਰਾਂ ਦੀ ਵਿਸ਼ੇਸਤਾ ਦਰਸਾਉਂਦੇ ਚਲੇ ਆ ਰਹੇ ਹਨ।

### ੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

ਨਾਮ ਏਕ ਅਰੁ ਜੋਤਿ ਇਕੁ, ਇਸ ਤੇ ਪਰਹਿ ਪਛਾਨ।
ਕਹੈ ਨਾਮ ਇਕ ਬਾਰ ਦ੍ਵੈ ਗੁਰ, ਹਰਿ ਕ੍ਰਿਸ਼ਨ ਸੁਜਾਨ ॥ ੧੦ ॥

ਪਰਹਿ ਪਛਾਨ = ਪਰੇ ਦੀ ਪਛਾਣ। (ਅ) ਪਛਾਣ ਪੈਂਦੀ ਹੈ।
ਗੁਰ = ਇਕ ਪਦ ਨੂੰ ਉਸੇ ਨਾਲ ਗੁਣਿਆਂ ਜੋ ਬਣੇ ਉਹ 'ਗੁਰ', ਵਰਗ,
ਮੁਰੱਬਾ। ਜਿਵੇਂ, ਨੌਂ ਨਾਏਂ ਇਕਾਸੀ। ੯×੯ = ੮੧। ਸੋ ਇਕਾਸੀ

ਨੌਂ ਦਾ ਗੁਰ ਯਾ ਮੁਰੱਬਾ ਹੈ।
ਹਰਿ ਕ੍ਰਿਸ਼ਨ = 'ਕ੍ਰਿਸ਼ਨ×ਕ੍ਰਿਸ਼ਨ।' ਹਰਿ = ਬੀ ਕ੍ਰਿਸ਼ਨ ਦਾ ਇਕ ਨਾਮ ਹੈ।
ਕ੍ਰਿਸ਼ਨ = ਬੀ ਕ੍ਰਿਸ਼ਨ ਦਾ ਹੀ ਨਾਮ ਹੈ।
ਹਰਿ ਕ੍ਰਿਸ਼ਨ = ਅੱਠਵੇਂ ਸਤਿਗੁਰੂ ਜੀ ਜੋ (ਹਰਿ×ਕ੍ਰਿਸ਼ਨ), ਕ੍ਰਿਸ਼ਨ ਪਦ ਦਾ ਹੀ ਵਰਗ (ਮੁਰੱਬਾ) ਹੋਣ ਕਰਕੇ ਕੀਮਤ ਵਿਚ ਅਧਿਕ ਹੋ ਗਿਆ।

ਅਰਥ:

(ਚਾਹੋ ਅੱਠਵੇਂ ਗੁਰੂ ਜੀ ਦਾ ਤੇ ਦ੍ਵਾਪਰ ਦੇ ਅਵਤਾਰ ਜੀ ਦਾ) ਨਾਮ ਬੀ ਇਕ ਹੈ ਤੇ ਜੋਤਿ ਬੀ ਇਕੋ (ਦਿਸਦੀ ਹੈ ਪਰ) ਸੁਜਾਨ (ਪੁਰਖਾਂ) ਨੂੰ ਇਸ ਤੋਂ ਪਰੇ (ਇਕ ਹੋਰ) ਸਮਝ (ਬੀ ਪੈਂਦੀ ਹੈ ਕਿ) ਇਕੋ ਨਾਮ ਨੂੰ ਦੋ ਬਾਰ ਕਿਹਾਂ (ਉਹੇ) ਗੁਰੂ (ਮੁਰੱਬਾ) ਹੋ ਜਾਂਦਾ ਹੈ (ਜਿਵੇਂ) ਹਰਿਕ੍ਰਿਸ਼ਨ (ਪਦ ਹੈ)।

ਹੋਰ ਅਰਥ:

ਇਕ ਵਾਰੀ ਉਹੋ ਨਾਮ-ਹਰਿਕ੍ਰਿਸ਼ਨ-ਕਿਹਾਂ ਦੋ ਵਾਰ ਹੋ ਕੇ (ਗੁਰ =) ਵੱਡਾ ਹੋ ਜਾਂਦਾ ਹੈ।

ਭਾਵ:

'ਹਰਿ' ਪਦ ਦਾ ਅਰਥ ਕ੍ਰਿਸ਼ਨ ਹੈ, ਕ੍ਰਿਸ਼ਨ ਨਾਮ ਦ੍ਵਾਪਰ ਦੇ ਅਵਤਾਰ ਦਾ ਹੈ, ਤੇ ਅੱਠਵੇਂ ਗੁਰਾਂ ਦਾ ਨਾਮ ਬੀ ਹਰਿਕ੍ਰਿਸ਼ਨ ਹੀ ਹੈ, ਇਸ ਕਰਕੇ ਆਮ ਲੋਕ ਨਾਮ ਦੀ ਸਦਰਸ਼ਤਾ ਵਲ ਵੇਖਦੇ ਹਨ। ਫਿਰ ਉਹ ਬੀ ਅਵਤਾਰ ਹਨ, ਆਪ ਬੀ ਅਵਤਾਰ ਹਨ, ਤੇ ਵਰਤ ਰਹੇ ਜੁਗ ਦੇ ਅਵਤਾਰ ਹਨ, ਇਸ ਤੋਂ ਬੀ ਅਵਤਾਰ ਪਨੇ ਦੀ ਸਦਰਸ਼ਤਾ ਲਈ ਜਾਂਦੀ ਹੈ, ਪਰ ਕਵੀ ਜੀ ਦੱਸਦੇ ਹਨ ਕਿ ਸੁਜਾਨ ਪੁਰਖਾਂ ਨੂੰ ਇਸ ਵਿਚ ਬੀ ਗੁਰੂ ਜੀ ਦੀ ਅਧਿਕਤਾ ਦਿੱਸਦੀ ਹੈ। ਗਣਤ ਵਿੱਦਿਆ ਵਿਚ ਜੋ ਇਕੋ ਰਕਮ ਨੂੰ ਦੋ ਵਾਰ ਲਿਖ ਕੇ ਗੁਣ ਲਈਏ ਤਾਂ ਉਸ ਦੀ ਕੀਮਤ ਇਕ ਵੇਰ ਨਾਲੋਂ ਵਰਗ ਯਾ ਮੁਰੱਬਾ ਹੋ ਜਾਂਦੀ ਹੈ, ਜਿਵੇਂ ੪×੪ = ੧੬ ਹੋ ਜਾਂਦੇ ਹਨ। ਤਿਵੇਂ ਕ੍ਰਿਸ਼ਨ×ਕ੍ਰਿਸ਼ਨ = ਕ੍ਰਿਸ਼ਨ$^{2}$ ਹੋ ਗਿਆ। ਭਾਵ ਜਿਤਨੀ ਕੀਮਤ ਕ੍ਰਿਸ਼ਨ ਪਦ ਦੀ ਹੈ, ਉਹੋ ਹਰੀ ਕ੍ਰਿਸ਼ਨ ਵਿਚ ਆਪਣਾ ਵਰਗ ਯਾ ਮੁਰੱਬਾ ਹੋ ਗਈ ਹੈ, ਗੁਰ ਪਦ ਤੋਂ ਏਥੇ ਇਹ ਭਾਵ ਹੈ। ਮੰਨ ਲਓ ਕਿ ਗੁਰੂ ਹਰਿ ਕ੍ਰਿਸ਼ਨ ਜੀ ਦੀ ਗੌਰਵਤਾ ਅੰਕਾਂ ਵਿਚ ਦਿਖਾਈਏ ਤਾਂ ੮੧ ਹੈ, ਹੁਣ ਦ੍ਵਾਪਰ ਦੇ ਅਵਤਾਰ ਦੀ ਗੌਰਵਤਾ ਇਸ ਦਾ ਵਰਗ ਮੂਲ[†] ਹੋਵੇਗੀ, ਅਰਥਾਤ ੯। ਜੇ ਕ੍ਰਿਸ਼ਨ ਪਦ ਦੀ ਗੌਰਵਤਾ ੯ ਦੀ ਹੈ ਤਾਂ ਹਰਿਕ੍ਰਿਸ਼ਨ ਪਦ ਦੀ ਹੋਈ ੯×੯ = ੮੧। ਇਸ ਵਿਚ ਬੀ ਕਵਿ ਜੀ ਕਿਸ ਪਰਾਗੋਲਭਤਾ ਨਾਲ ਵਿਸ਼ੇਸ਼ਤਾ ਵਿਖਾ ਰਹੇ ਹਨ। ਮੁਰਾਦ ਕਵਿ ਜੀ ਦੀ ਵਾਧੇ ਵਿਚ ਇਹ ਹੈ ਕਿ ਸ਼੍ਰੀ ਕ੍ਰਿਸ਼ਨ ਜੀ ਨਿਰੇ ਅਵਤਾਰ ਹਨ, ਪਰ ਹਰਿਕ੍ਰਿਸ਼ਨ ਜੀ 'ਗੁਰ ਅਵਤਾਰ' ਹਨ। ਦਸ ਪਾਤਸ਼ਾਹੀਆਂ ਦੇ ਗੁਰੂ ਪਦ ਦਾ ਗੁਰੂ ਅਕਾਲ ਪੁਰਖ ਹੈ, ਪਰ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੇ ਗੁਰੂ ਮਨੁੱਖਾਂ ਵਿਚੋਂ ਸਨ।

[†]Square root.

### ੧੧. ਇਸ਼੍ਰ ਗੁਰੂ-ਸ਼੍ਰੀ ਗੁਰ ਤੇਗ ਬਹਾਦਰ ਜੀ ਦਾ-ਮੰਗਲ।

ਤੇਗ ਬਹਾਦਰ ਸਤਿਗੁਰੂ, ਸਾਦਰ ਸਿਮਰੇ ਜੋਇ।
ਹਾਦਰ ਦੇਰ ਬਿਹੀਨ ਹੁਇਂ, ਬੰਦੌਂ ਤਿਨ ਪਦ ਦੋਇ ॥੧੧॥

ਅਰਥ:

(ਸ਼੍ਰੀ) ਸਤਿਗੁਰੂ ਤੇਗ ਬਹਾਦਰ ਜੀ ਨੂੰ ਜੋ ਆਦਰ ਨਾਲ ਯਾਦ ਕਰੇ(ਉਸ ਪਾਸ ਆਪ) ਬਿਨਾਂ ਦੇਰ ਦੇ ਹਾਜ਼ਰ ਹੋ ਜਾਂਦੇ ਹਨ, ਉਨ੍ਹਾਂ ਦੇ ਦੋਹਾਂ ਚਰਨਾਂ ਪੁਰ ਮੈਂ ਨਮਸਕਾਰ ਕਰਦਾ ਹਾਂ।

### ੧੨. ਇਸ਼੍ਰ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

ਨਾਮ ਪਿਤਾਮੋ ਕੋ ਲਿਯੋ, ਹਰਿ ਪਦ ਮ੍ਰਿਗਪਤਿ ਜਾਨਿ।

ਆਗਲ ਪਦ ਪਾਛੇ ਕਹੇ, ਗੋਬਿੰਦ ਸਿੰਘ ਬਖਾਨਿ ॥੧੨॥

ਪਿਤਾਮਾ = ਦਾਦਾ ਜੀ, ਗੁਰੂ ਹਰਿ ਗੋਬਿੰਦ ਜੀ।

ਮ੍ਰਿਗਪਤਿ = ਸ਼ੇਰ, ਸਿੰਘ। ਹਰਿ ਪਦ ਮ੍ਰਿਗਪਤਿ ਜਾਨਿ = (ਲਫਜ਼) 'ਹਰਿ' ਦਾ ਅਰਥ 'ਸ਼ੇਰ' ਯਾ 'ਸਿੰਘ' ਜਾਣੀਦਾ ਹੈ। ਪ੍ਰਸਿੱਧ ਹੈ।

ਬਖਾਨਿ = ਵਰਣਨ ਹੁੰਦਾ ਹੈ। ਉਚਾਰਨ ਹੋ ਜਾਂਦਾ ਹੈ।

ਅਰਥ:

(ਸ੍ਰੀ ਗੁਰੂ ਗੋਬਿੰਦ ਜੀ ਦੇ) ਪਿਤਾਮੇ (ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਨਾਮ) ਲਿਆਂ ਹੀ (ਪਦ) ਗੋਬਿੰਦ ਸਿੰਘ ਉਚਾਰਨ ਹੋ ਜਾਂਦਾ ਹੈ (ਐਉਂ ਕਿ) ਪਹਿਲਾ ਪਦ 'ਹਰਿ' ਪਿਛੋਂ ਕਹਿ ਦੇਈਏ (ਕਿਉਂਕਿ) ਪਦ 'ਹਰਿ' ਦਾ ਅਰਥ 'ਸਿੰਘ' ਪਦ ਹੀ ਪ੍ਰਸਿੱਧ ਹੈ।

ਭਾਵ:

'ਹਰਿ ਗੋਬਿੰਦ' ਪਦ ਨੂੰ ਉਲਟਾਈਏ ਤਾਂ 'ਗੋਬਿੰਦ ਹਰਿ' ਬਣਦਾ ਹੈ। 'ਹਰਿ' ਦਾ ਅਰਥ ਹੈ 'ਸਿੰਘ' ਸੋ 'ਗੋਬਿੰਦ ਹਰਿ' 'ਗੋਬਿੰਦ ਸਿੰਘ' ਹੋ ਗਿਆ। ਇਥੇ ਕਵਿ ਜੀ ਸਦਰਸ਼ਤਾ ਵਿਖਾ ਰਹੇ ਹਨ, ਕਿਉਂਕਿ ਸਿੱਖੀ ਦਾ ਅਸੂਲ ਦਸਾਂ ਸਤਿਗੁਰਾਂ ਨੂੰ ਇਕ ਰੂਪ ਮੰਨਣੇ ਦਾ ਹੈ। ਸਦਰਸ਼ਤਾ ਤਾਂ ਕਵਿ ਜੀ ਨੇ ਅੱਖਰਾਂ ਵਿਚ ਦਰਸਾਈ ਪਰ ਕਟਾਖਜ ਕਵਿ ਦਾ ਦੋਹਾਂ ਸਤਿਗੁਰਾਂ ਦੇ ਬੀਰਰਸੀ ਜੀਵਨ ਤੇ ਰੂਹਾਨੀ ਜੀਵਨ ਦੀ ਏਕਤਾ ਦਰਸਾਉਣ ਤੋਂ ਹੈ ਜੋ ਮੰਨੀ ਪ੍ਰਮੰਨੀ ਗੱਲ ਹੈ।

### ੧੩. ਸਮਸਤ ਗੁਰ ਮੰਗਲ।

ਨਵਮੀ ਬਰਨੌਂ ਰਾਸਿ ਅਬਿ, ਸਭਿ ਸਤਿਗੁਰੂ ਮਨਾਇ।

ਬੀਸਹੁੰ ਪਦ ਅਰਬਿੰਦ ਕੋ, ਬਾਰ ਬਾਰ ਸਿਰ ਨਜਾਇ ॥੧੩॥

ਬੀਸਹੁੰ = ਸ਼੍ਰੇਸ਼ਟ†। (ਅ) ੨੦। ਕਵਿ ਜੀ ਨੇ ਇਹ ਪਦ ਸ਼ਲੇਖ ਵਰਤਿਆ ਹੈ। ਮੁਰਾਦ ਉਨ੍ਹਾਂ ਦੀ ਹੈ ਸ਼੍ਰੇਸ਼ਟ ਚਰਨ ਕਵਲਾਂ ਤੋਂ ਪਰ ਪਦ ਐਸਾ ਵਰਤਿਆ ਹੈ ਕਿ ਜਿਸ ਦੇ ਅਰਥ ਗੇਣਤੀ ਵਿਚ ੨੦ ਹਨ ਤੇ ਜੋ ਸਾਰਥਕ ਹੈ ਕਿ ਦਸਾਂ ਸਤਿਗੁਰਾਂ ਦੇ ਪਵਿੱਤਰ ਚਰਣ ਕਵਲ ਗੇਣਤੀ ਵਿਚ ਬੀਸ ਹਨ। ਫਿਰ ਬੀਸ ਪਦ ਮੁਹਾਵਰੇ ਵਿਚ ਬਿਸ੍ਵੇ‡ ਨਾਲ ਵਰਤੀਂਦਾ ਹੈ। ਇਸ ਵਰਤਾਉ ਤੋਂ ਇਸ ਵਿਚ 'ਸੰਪੂਰਨ' ਦੇ ਅਰਥ ਦੀ ਸੰਭਾਵਨਾ ਹੈ, ਭਾਵ ਹੈ ਕਿ ਸੰਪੂਰਨ ਸਤਿਗੁਰਾਂ ਦੇ ਚਰਨਾਂ ਨੂੰ।

†ਕਈ ਹਿੰਦੀ ਕਵੀਆਂ ਨੇ ਬੀ 'ਬੀਸ' ਪਦ-ਸ੍ਰੇਸ਼ਟ; ਅੱਛਾ, ਉੱਤਮ ਅਰਥਾਂ ਵਿਚ ਵਰਤਿਆ ਹੈ। ਯਥਾ:-ਤਾਂਕੀ ਜਨੁ ਮਹਿਮਾ ਕਰੀ, ਬੀਸ ਰਾਜ ਤੇ ਬੀਸ। [ਦੇਵ ਸ੍ਵਾਮੀ। ‡ਜਿਵੇਂ ਗੁਰਵਾਕ ਹੈ 'ਬੀਸ ਬਿਸਵੇ ਗੁਰ ਕਾ ਮਨ ਮਾਨੈ।'

ਅਰਥ:

ਸਾਰੇ ਸਤਿਗੁਰਾਂ ਨੂੰ ਮਨਾਕੇ (ਉਨ੍ਹਾਂ ਦੇ) ਸ੍ਰੇਸ਼ਟ ਚਰਨਾਂ ਕਵਲਾਂ ਤੇ ਬਾਰ ਬਾਰ ਸਿਰ ਨਿਵਾਕੇ (ਭਾਵ ਬੰਦਨਾ ਕਰਕੇ) ਹੁਣ ਮੈਂ (ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ) ਨੌਮੀ ਰਾਸ ਕਥਨ ਕਰਦਾ ਹਾਂ।

[ਕਥਾ ਆਰੰਭ]

ਦੋਹਰਾ:

ਕਥਾ ਗੁਰੂ ਹਰਿਰਾਇ ਕੀ, ਸੁਨਿ ਸ਼੍ਰੋਤਾ!
ਸਵਧਾਨ।
ਪਾਵਨ ਪੁੰਨ ਉਪਾਵਨੀ, ਗਨ ਪਾਪਨ ਕੀ
ਹਾਨ ॥੧੪॥
ਸ਼੍ਰੀ ਸਤਿਗੁਰ ਹਰਿਰਾਇ ਜੀ, ਬੈਠੇ ਤਖਤ
ਸੁਹਾਇ।

ਪਦ ਸਾਚੇ ਪਾਤਿਸ਼ਾਹ ਕੋ, ਤਿਨ ਹੀ ਕੋ
ਬਨਿਆਇ ॥੧੫॥

ਸ੍ਵੈਯਾ:
ਜਾਮਨਿ ਜਾਮ ਰਹੇ ਜਬਿ, ਜਾਗਤਿ,
ਸੌਚ ਕਰੈਂ ਪੁਨ ਨੀਰ ਸ਼ਨਾਨੈਂ।
ਗਾਗਰ ਏਕ ਸੌ ਏਕ ਕੇ ਸੰਗ
ਮਲੈਂ ਨਿਜ ਅੰਕ ਕੋ, ਸੇਵਕ ਆਨੈ।
ਆਸਨ ਪੈ ਥਿਰ ਹੋਇ ਅਗਾਧ
ਬਿਲੋਚਨ ਮੂੰਦਿ ਸਮਾਧਿ ਕੋ ਠਾਨੈਂ।
ਆਨੰਦ ਰੂਪ ਅਨੂਪ ਬਿਖੈ
ਨਿਜ ਬ੍ਰਿੱਤਿ ਟਿਕਾਇ ਥਿਰੈਂ ਇਕ ਥਾਨੈਂ
॥੧੬॥
ਬੈਠੇ ਅਡੋਲ ਰਹੈਂ ਗੁਰ ਪੂਰਨ
ਆਤਮ ਬ੍ਰਹਮ ਸਮਾਧਿ ਲਗਾਏ।
ਬਾਹਰ ਗਾਇਕ[1] ਗਾਵਤਿ ਹੈਂ
ਸਤਿਨਾਮ ਮਹਾਤਮ ਕੋ ਸੁਖਦਾਏ।
ਬਾਦਤ ਬਾਜਤਿ ਤਾਲ ਮਿਲਾਵਤਿ
ਪ੍ਰੇਮ ਵਧੇ ਸੁਨਿਬੇ ਚਿਤ ਲਾਏ।
ਸੇਵਕ ਬੈਠਿ ਸੁਨੈਂ ਸਮੁਦਾਇ ਸੁ
ਵਾਹਿਗੁਰੂ ਮੁਖ ਜਾਪੁ ਅਲਾਏਂ ॥੧੭॥
ਅੰਮ੍ਰਿਤ ਵੇਲ ਤੇ ਹੋਤਿ ਪ੍ਰਭਾਤਿ
ਸਮਾਧਿ ਛੁਟੈ ਦ੍ਰਿਗ ਕੋ ਬਿਕਸਾਏਂ।
ਚੰਦਨ ਕੁੰਕਮ ਸੋਂ ਘਨਸਾਰ[1]
ਮਿਲਾਇ ਘਸਾਇ ਕੈ ਸੇਵਕ ਲਜਾਏਂ।
ਭਾਲ ਪੈ ਸੁੰਦਰ ਟੀਕੋ ਲਗਾਇ
ਮਹਾਂ ਦੁਤਿ ਪਾਇ ਮਨੋ ਜਲਜਾਏ[1]।
ਸੁੰਦਰ ਸੂਖਮ ਚੀਰ ਸ਼ਰੀਰ
ਤਬੈ ਪਹਿਰੈਂ ਗੁਰ ਅੰਗ ਸਜਾਏਂ ॥੧੮॥

ਕਬਿੱਤ:
ਏਕ ਸਤ ਏਕ ਪਾਟ ਜਾਮੇ ਕੋ ਬਨਾਇ
ਠਾਟ[1]
ਸੂਖਮ ਅਦਿਕ ਅੰਗ ਸੁੰਦਰ ਸਜਾਵਈਂ।

[1]ਗੂੱਯੇ, ਰਬਾਬੀ।

[1]ਕਪੂਰ।

[1]ਮਨੋ+ਜਲਜਾਏ = ਮਾਨੋ ਕਵਲ ਹੈ। (ਅ) ਮਨੋਜ+ਲਜਾਏ = ਕਾਮ ਵੀ ਸ਼ਰਮਾਏ।

[1]ਜਾਮੇ ਦੀ ਬਨਾਵਟ ੧੦੧ ਕਲੀਆਂ ਵਾਲੀ ਸੀ।

ਪਾਗ ਪਰ ਜਿਗਾ ਲਗੇ ਜਬਰ ਜਵਾਹਰ ਸੋਂ,
ਸ਼ੋਭੈ ਮੁਖ ਮੰਡਲ ਤੇ ਕੁੰਡਲ ਡੁਲਾਵਈ†।
ਕੰਚਨ ਕੇ ਕੰਕਨ ਜਰਾਉ ਜ਼ੇਬ ਜਾਗ ਰਹੀ,
ਫੂਲਮਾਲ ਕੰਠ ਮੈਂ ਬਿਸਾਲ ਛਬਿ ਪਾਵਈ।
ਅਤਰ ਸੁਗੰਧਿ ਲਾਇ ਦੀਨਨਿ ਕੋ ਬੰਧੁ ਪੁਨ
ਚੋਆ ਅਰੁ ਚੰਦਨ ਤੇ ਅੰਗ ਮਹਿਕਾਵਈਂ
॥੧੯॥
ਉੱਠਿਕੈ ਚਲਤਿ ਜਬਿ ਜਾਮੇ ਕੋ ਸਮੇਟੇ
ਤਬਿ,
ਬਾਕ ਜੋ ਪਿਤਾਮੇ ਕਹਜੋ ਫੂਲ ਟੂਟ ਜਾਨਿ
ਤੇ।
ਉਮਰ ਪ੍ਰਯੰਤ ਸੋਊ ਨੇਮ ਕੋ ਨਿਬਾਹਜੋ
ਆਪ,
ਛੋਰਿ ਕਰਿ ਚੀਰ ਨਹੀਂ ਕਬਿਹੂ ਪਜਾਨਤੇ।
ਹੋਤਿ ਹੀ ਪ੍ਰਭਾਤਿ ਆਇ ਬੈਠਤਿ ਦਿਵਾਨ
ਵਿਖੈ,
ਬਾਜਤਿ ਰਬਾਬ ਸੋ ਮ੍ਰਿਦੰਗ ਧੁਨਿ ਠਾਨਿਤੇ।
ਸੁਨੈਂ ਮੌਨ ਠਾਨਿਤੇ, ਮਹਾਨ ਸੁਖ ਮਾਨਿਤੇ,
ਕਸ਼ਟ ਗਨ ਹਾਨਿਤੇ, ਸੁ ਉਧਰੈਂ ਜਹਾਨ ਤੇ[1]
॥੨੦॥
ਗੁਰੂ ਕੇ ਦਰਸ ਹੇਤੁ ਆਇ ਤਿਹ ਸਮੈ
ਸਿਖ,
ਦੇਖਿਬੇ ਤੇ[1] ਭਗਤਿ ਅੰਕੂਰ ਹੋਇ ਆਵਈ।
ਪ੍ਰੇਮ ਸੋਂ ਪ੍ਰਤੀਤ ਕਰਿ ਦਰਸੈਂ ਹਜ਼ੂਰ ਕੋਊ
ਤਾਤਕਾਲ ਫਲ ਮਨ ਬਾਂਛਤਿ ਕੋ ਪਾਵਈ।
ਬੈਠੇ ਰਹੈਂ ਕੇਤੇ ਕਾਲ ਸ਼੍ਰੀ ਗੁਰੂ ਕ੍ਰਿਪਾਲ
ਮਹਾਂ,
ਸੰਗਤਿ ਨਿਹਾਲ ਕਰੈਂ ਦਰਸ ਦਿਖਾਵਈਂ।
ਦਾਸ ਉਰ ਭਾਵਈਂ ਅਨੰਦ ਉਪਜਾਵਈਂ,
ਬਦਨ ਬਿਕਸਾਵਈਂ ਸੁ ਛਬਿ ਤੇ ਸੁਹਾਵਈਂ
॥੨੧॥
ਚਰਨ ਕਮਲ† ਸੰਗ ਆਰਤੀ ਕੋ ਗਾਵੈਂ

†ਦੇਖੋ ਰਾਸ ੪ ਅੰਸੂ ੪੫ ਅੰਕ ੨੭ ਦੀ ਹੇਠਲੀ ਟੂਕ।

[1]ਸਾਰੇ ਕਸ਼ਟ ਦੂਰ ਕਰਦੇ ਤੇ ਜਗਤ ਤੋਂ ਉਧਾਰਦੇ।

[1]ਗੁਰੂ ਜੀ ਦੇ ਦਰਸ਼ਨ ਤੋਂ।

†ਦੇਖੋ ਰਾਸ ੫ ਅੰਸੂ ੪੩ ਅੰਕ ੩੫ ਪੰਨਾ ੨੬੯੨ ਦੀ

ਜਬਿ,
ਕੀਰਤਨ ਭੋਗ ਤੇ ਕਰਿਤ ਅਰਦਾਸ ਕੋ।
ਸੂਪਕਾਰ ਆਇ ਕੈ ਅਗਾਰੀ ਥਿਰ ਹੋਇ ਪੁਨ
'ਦੇਗ ਭਈ ਤਜਾਰ' ਕਰੈ ਬਾਕਨਿ ਪ੍ਰਕਾਸ਼ ਕੋ।
ਆਇਸੁ ਲੇ ਗੁਰੂ ਹਰਿਰਾਇ ਕੀ ਸਿਧਾਵੈ ਫੇਰ,
ਆਨਤਿ ਹਕਾਰਿ ਸਿਖ ਸੰਗਤਿ ਸੇ ਦਾਸ ਕੋ।
ਲੰਗਰ ਮੈਂ ਜਾਇ ਸਮੁਦਾਇ ਕੋ ਮਿਲਾਇ ਕਰਿ
ਭੋਜਨ ਕੋ ਖਾਇ ਤ੍ਰਿਪਤਾਇੰ ਸਾਦ ਰਾਸ ਕੋ[1] ॥੨੨॥

ਹੇਠਲੀ ਟੂਕ।

[1]ਬਹੁਤੇ ਸ੍ਵਾਦਲ (ਅਹਾਰ) ਨੂੰ ਖਾਕੇ। (ਅ) ਸਾਰਿਆਂ ਨੂੰ ਸ੍ਵਾਦੀਕ ਭੋਜਨ ਖਿਲਾਕੇ ਤ੍ਰਿਪਤਾਉਂਦੇ ਹਨ।

ਜੈਸੇ ਉਡ ਮੰਡਲ ਮੈਂ ਚੰਦ੍ਰਮਾ ਬਿਰਾਜੈ ਬਹੁ
ਤੈਸੇ ਦੁਤਿ ਹੋਤਿ ਗਨ ਸੰਗਤਾਂ ਪ੍ਰਵਾਰ ਤੇ।
ਚੌਂਕੇ ਕੀ ਮ੍ਰਿਜਾਦ ਸੰਗ, ਅਸਨ ਪੁਨੀਤ ਬਨੈ,
ਸ੍ਵਾਦਲ ਬਿਸਾਲ ਹੋਇ ਅਨਿਕ ਪ੍ਰਕਾਰ ਤੇ[†]।

[†]ਇਸ ਦਾ ਮਤਲਬ ਚੌਂਕੇ ਦੇ ਭਰਮ ਦਾ ਨਹੀਂ, ਪਰ ਚੌਂਕੇ ਦੀ ਸਫਾਈ ਤੋਂ ਹੈ। ਉੱਥੇ ਪਕੀ ਸ਼ੈ ਉੱਗ੍ਰਥੇ ਹੀ ਗਰਮ ਖਾਧਿਆਂ ਅਨੇਕਾਂ ਰੋਗਾਂ ਤੋਂ ਬਚਾਉ ਹੁੰਦਾ ਹੈ, ਅੱਜ ਕਲ ਜੋ ਪਛਮੀ ਤ੍ਰੀਕਿਆਂ ਦੀ ਰੀਸ ਤੇ ਖਾਣ ਪਾਣ ਦੇ ਤ੍ਰੀਕੇ ਚਲੇ ਹਨ ਇਨ੍ਹਾਂ ਵਿਚ ਮੱਖੀਆਂ ਦੇ ਸਪਰਸ਼ ਨਾਲ ਤੇ ਕਈ ਮੈਲੇ ਹੱਥਾਂ ਵਾਲੇ ਰੋਗ ਗ੍ਰਸਤ ਲੋਕਾਂ ਦੀ ਛੋਹਾ ਛੋਹੀ ਨਾਲ ਡਾਕਟਰ ਲੋਕ ਬੀ ਭਿਆਨਕ ਬੀਮਾਰੀਆਂ ਦਾ ਫੈਲਨਾ ਦੱਸ ਰਹੇ ਹਨ। ਕਵਿ ਜੀ ਬੀ 'ਅਸਨ ਪੁਨੀਤ ਬਨੈ' ਲਿਖਦੇ ਹਨ।

ਆਮਿਖ ਨ ਪਰੈ ਦੇਗ, ਸਗਰੇ ਬਰਜ ਦੀਨਿ
'ਭਖੈ ਨਹਿਂ ਕੋਊ' ਗੁਰ ਆਇਸੁ ਕੋ ਧਾਰਤੇ[†]।

[†]ਹੁਣ ਤਕ ਇਹੋ ਰਿਵਾਜ ਹੈ ਕਿ ਦੇਗ ਵਿਚ ਮਹਾਂ ਪ੍ਰਸ਼ਾਦ ਰਿੰਨ੍ਹਣੇ ਦੀ ਆਗਜਾ ਨਹੀਂ। ਨਮੂਨੇ ਲਈ ਹਜ਼ੂਰ ਸਾਹਿਬ ਜਾਕੇ ਦਰਸ਼ਨ ਕਰੋ। ਛਕਣ ਵਾਲੇ ਅਲੱਗ ਬਣਾ ਲੈਂਦੇ ਹਨ, ਲੰਗਰ ਵਿਚ ਮਹਾਂ ਪ੍ਰਸ਼ਾਦ ਨਹੀਂ ਬਣਦਾ। ਕਾਰਨ ਭ੍ਰਮ ਨਹੀਂ, ਪਰ ਇਹ ਕਿ ਗੁਰੂ ਕਾ ਲੰਗਰ ਹਰ ਮਤ ਹਰ ਪ੍ਰਾਣੀ ਵਾਸਤੇ ਹੈ, ਜੋ ਮਾਸ ਨਹੀਂ ਖਾਂਦੇ ਓਹ ਫਿਰ ਲੰਗਰੋਂ ਵਾਂਜੇ ਜਾਂਦੇ ਹਨ। ਇਹ ਕਾਰਨ ਰਹਿਤ ਨਾਮੇ ਵਿਚ ਦਿੱਤਾ ਹੈ।

ਬਾਬੇ ਗੁਰਦਿੱਤੇ ਤਨ ਤਜਾਗ ਕੀਨਿ ਜਬਿ ਹੀ ਤੇ
ਨੇਮ ਧਾਰਿ ਤਬਿ ਤੇ ਰਹੈਂ ਸੁ ਐਸੀ ਢਾਰ ਤੇ

॥੨੩॥

ਦੋਹਰा:

ਬ੍ਰਹਮਚਰਜ ਕੀ ਜੁਗਤਿ ਮਹਿਂ, ਰਹੈਂ
ਬਿਸਾਲ ਕ੍ਰਿਪਾਲੁ।
ਅਚਿ ਅਹਾਰ ਕਰਿ ਦੇਗ਼ ਤੇ, ਪ੍ਰਿਥਕ ਹੋਇਂ
ਤਿਸ ਕਾਲ ॥੨੪॥

ਸ੍ਵੈਯਾ:

ਪੌਢਿ ਰਹੈਂ ਸ਼ੁਭ ਸੇਜ ਪੈ ਫੇਰ
ਕਰੈਂ ਸੁਖ ਸੈਨ ਗੁਰੂ ਹਰਿਰਾਏ।
ਫੇਰ ਢਰੇ ਦਿਨ ਊਠਤਿ ਹੈਂ ਤਬਿ,
ਆਯੁਧ ਲੇਤਿ ਸਮੀਪ ਮੰਗਾਏ।
ਕੰਚਨ ਮੂਠ ਦਿਪੈ ਸ਼ਮਸ਼ੇਰ
ਗਰੇ ਪਹਿਰੈਂ ਸਮ ਸ਼ੇਰ ਸੁਹਾਏ।
ਹੀਰੇ ਸਮੂਹ ਜਰੇ ਮੁਕਤਾ,
ਭਰਿ ਤੀਰਨਿ ਸੰਗ ਨਿਖੰਗ ਲਗਾਏ
॥੨੫॥
ਹਾਥ ਸਰਾਸਨ ਧਾਰਿ ਕਠੋਰ,
ਕਸੇ ਕਟਿ ਕੋ ਘਰ ਪੌਰ ਮੈਂ ਆਵੈਂ।
ਚੰਚਲ ਅੰਗ ਤੁਰੰਗ ਅਰੂਢਤਿ
ਜਾਤਿ ਸ਼ਿਕਾਰ ਬਿਸਾਲ ਕੁਦਾਵੈਂ।
ਕਾਨਨ ਕੇ ਪਸੁ ਬ੍ਰਿੰਦ ਬਿਹੰਗਮ
ਆਇਸੁ ਦੀਨਿ ਨਹੀਂ ਤਿਨ ਘਾਵੈਂ।
ਦੇ ਕਰਿ ਖੇਦ[1] ਗਹੈਂ ਗਨ ਜੀਵਤਿ,
ਲਜਾਵਤਿ ਪਾਲਨ ਕੋ ਕਰ ਲਾਵੈਂ ॥੨੬॥
ਸੰਗ ਚਢੈਂ ਭਟ ਆਯੁਧ ਕੋ ਧਰਿ,
ਬ੍ਰਿੰਦ ਚਮੂ ਮਹਿ ਰਾਜਤਿ ਹੈਂ।
ਬੋਲਤਿ ਅੱਗ੍ਰ ਨਕੀਬ ਚਲੈਂ
ਬਡਿ ਧੁਕਤਿ ਦੁੰਦਭਿ ਬਾਜਤਿ ਹੈਂ।
ਕਾਨਨ ਤੇ ਗਹਿ ਜੀਵਨ ਕੋ
ਗ੍ਰਿਹ ਲਜਾਇ ਤਿਨੈ ਸੁਖ ਸਾਜਤਿ ਹੈਂ।
ਬਾਘ, ਬਿਲਾਉ, ਸਸੇ, ਮ੍ਰਿਗ, ਰੋਝ,
ਝੰਖਾਰਨਿ[1] ਬ੍ਰਿੰਦ ਜਿ ਭਾਜਤਿ ਹੈਂ ॥੨੭॥

[1]ਮੁਰਾਦ ਹੈ ਘੇਰ ਕੇ ਤੇ ਰੋਕ ਕੇ।

[1]ਬਾਰਾਸਿੰਗਾ।

ਸੂਰ[1] ਤੁਰੰਗ ਭਜਾਵਤਿ ਹੈਂ
ਪਸੁ ਬ੍ਰਿੰਦ ਹਰਾਵਤਿ ਧਾਇ ਗਹੈਂ।
ਆਨਤਿ ਹੈਂ ਗ੍ਰਿਹ ਮੈਂ[1] ਪ੍ਰਤਿਪਾਲਤਿ
ਖਾਨ ਕੋ ਦੇਤਿ ਜਿਤੋ ਜਿ ਚਹੈਂ।
ਏਕਠੇ ਹੋਇ ਹਜ਼ਾਰਨਿ ਲਾਖਨਿ
ਭੀਰ ਮਹਾਂ ਜਿਸ ਥਾਨ ਰਹੈ।
ਆਪ ਗਹੈਂ ਕਿਤਨੇ ਕ ਤਹਾਂ
ਬਲਵਾਨ ਕਿਕਾਨ ਪਲਾਇ ਲਹੈਂ ॥੨੮॥
ਕਾਨਨ ਤੇ ਪੁਨ ਆਇ ਬਿਰਾਜਤਿ
ਕੇਤਿਕ ਕਾਲ ਕਥਾ ਕਰਿਵਾਵੈਂ।
ਸੰਗਤਿ ਸੰਗਮ ਮੈਂ ਬਹੁ ਸ਼ੋਭਤਿ
ਆਇ ਰਬਾਬੀ ਸੁ ਰਾਗਨਿ ਗਾਵੈਂ।
ਚੌਰ ਢੁਰੈਂ ਜੁਗ ਓਰ ਤੇ ਊਪਰ,
ਸਾਧ ਔ ਸਿੱਧ ਅਨੇਕ ਹੀ ਆਵੈਂ।
ਮਾਨਹੁਂ ਅੰਮ੍ਰਿਤ ਕੋ ਬਰਖੈਂ
ਹਰਖੈਂ ਗੁਰਵਾਕ ਸੁਨੈ, ਮਨ ਭਾਵੈਂ ॥੨੯॥
ਦੇਸ਼ ਬਿਦੇਸ਼ਨਿ ਤੇ ਮਿਲਿ ਸੰਗਤਿ
ਬ੍ਰਿੰਦ ਉਪਾਇਨ ਲ੍ਯਾਵਤਿ ਹੈਂ।
ਆਨਿ ਪਿਖੈਂ ਸੁਖ ਖਾਨ ਮਹਾਨ ਕੋ
ਪ੍ਰੇਮ ਕਰੇ ਅਰਪਾਵਤਿ ਹੈਂ।
ਮੇਵਰੋ ਹੋਹਿ ਖਰੋ ਤਬਿ ਅੱਗ੍ਰ
ਕਰੈ ਅਰਦਾਸ ਸੁਨਾਵਤਿ ਹੈਂ।
ਲੋਚਨ ਜ੍ਯੋਂ ਦਲ ਪੰਕਜ ਕੇ
ਸਭਿ ਹੂੰ ਪਰ ਦ੍ਰਿਸ਼ਟਿ ਚਲਾਵਤਿ ਹੈਂ ॥੩੦॥

ਕਬਿੱਤ:
ਬ੍ਰਿਤਿ ਹੈ ਅਚਲ ਚਿੱਤ, ਨਿੱਤ ਸੋ ਸਿੰਘਾਸਨ ਹੈ[1]
ਸੱਤਿਨਾਮ ਛੱਤ੍ਰ ਝੂਲੈ ਸਹਿਜ ਸੁਭਾਇ ਸੋਂ।
ਬ੍ਰਹਮ ਗ੍ਯਾਨ ਸੀਸ ਪੈ ਮੁਕਟ ਸੁ ਬਿਰਾਜ ਰਹ੍ਯੋ,

[1]ਸੂਰਮੇ।
[1]ਸੰਗਤ ਦੇ ਸਮਾਗਮ ਵਿਚ।
[1]ਚਿਤ ਦੀ ਬ੍ਰਿਤੀ ਜੋ ਅਚਲ ਹੈ ਇਹ ਨਿਤ ਸਿੰਘਾਸਨ ਹੈ।

ਸੁਜਸੁ ਪ੍ਰਮੇਸੁਰ ਕੋ ਚਵਰ ਢੁਰਾਇ ਸੋ।
ਆਗਜਾ ਹੈ ਭਗਤਿ ਫਿਰੈ ਸਗਰੇ ਜਗਤ ਬੀਚ[1],
ਅਗਤਿਨਿ ਗਤਿ ਦੇਨਿ ਪਰਮ ਪਸਾਇ ਸੋਂ[1]।
ਸਾਰੇ ਸਦਗੁਨ ਸੰਗ ਬਾਹਿਨੀ[1] ਬਿਸਾਲ ਬਲਿ
ਮਹਾਰਾਜ ਰਾਜ ਰਾਜੈਂ ਗੁਰੂ ਹਰਿਰਾਇ ਸੋ ॥੩੧॥

[1]ਸਾਰੇ ਸੰਸਾਰ ਵਿਚ ਜੋ ਭਗਤੀ (ਫੈਲ ਰਹੀ ਹੈ ਇਹ) ਆਗਿਆ ਫਿਰ ਰਹੀ ਹੈ।

[1]ਨਿਗਤਿਆਂ ਨੂੰ ਰਾਤ ਦੇਣੀ ਮਹਾਨ ਬਖਸ਼ੀਸ਼ ਹੈ।

[1]ਫੌਜ।

ਸ੍ਵੈਯਾ:
ਸਾਰਬਿਭੌਮ[1] ਯਥਾ ਪਹਿਰੈ ਨਵ
ਪੋਸ਼ਿਸ਼ ਕੋ ਕਰਿ ਤਜਾਗ ਪੁਰਾਨੀ।
ਤਜੋਂ ਪ੍ਰਭੁ ਸਾਤਮ[1] ਰੂਪ ਧ੍ਰਜੋ
ਇਕ ਜੋਤਿ ਮਹਾਂ, ਸਗਰੇ ਜਗ ਜਾਨੀ।
ਸੇਵਕ ਕੋਟਿ ਨਿਹਾਲ ਕਰੇ
ਗਿਨਤੀ ਕਛੁ ਨਾਂਹਿ, ਨਹੀਂ ਇਹ ਛਾਨੀ[1]।
ਸ਼੍ਰੀ ਹਰਿਰਾਇ ਸਹਾਇ ਸਦਾ
ਜਮ ਤੇ ਛੁਟਕਾਇ ਸੁ ਦੇਂ ਨਿਰਬਾਨੀ[1] ॥੩੨॥

[1]ਚੱਕ੍ਰਵਰਤੀ ਰਾਜਾ।

[1]ਸੱਤਵਾਂ।

[1]ਛੁਪੀ ਹੋਈ ਨਹੀਂ।

[1]ਮੁਕਤੀ।

ਜਜੋਂ ਇਕ ਰਾਸ ਕੋ ਸੂਰਜ ਭੋਗਿ ਕੈ
ਸਜੰਦਨ ਤਜਾਗ ਲਹੈ ਥਿਤਿ ਆਦੀ।
ਔਰ ਅਰੂਢਿ ਕੈ ਭੂਰ ਅੰਧੇਰ ਕੋ
ਦੂਰ ਕਰੈ ਹੁਇ ਜੀਵਨ ਸ਼ਾਦੀ[†]।

[†]ਭਾਵ, ਸੂਰਜ ਹਰ ਮਹੀਨੇ ਰਾਸ ਵਟਾਉਂਦਾ ਹੈ, ਤੇ ਥਿਤਾਂ ਦਾ ਹਿਸਾਬ ਪਹਿਲੀ ਤੋਂ ਮੁੜ ਸ਼ੁਰੂ ਹੋ ਜਾਂਦਾ ਹੈ। ਪਰ ਸੂਰਜ ਉਹੋ ਰਹਿੰਦਾ ਤੇ ਹਨੇਰੇ ਦੂਰ ਕਰਨ ਦਾ ਉਹੋ ਕੰਮ ਕਰਦਾ ਹੈ। ਤਿਵੇਂ ਗੁਰੂ ਜਜੋਤੀ ਇਕੋ ਹੈ, ਉਸ ਦਾ ਕੰਮ 'ਅਗਜਾਨ ਦੂਰ ਕਰਨਾ' ਉਹੋ ਹੈ, ਪਰ ਹਰ ਗੁਰੂ ਸਾਹਿਬ ਦਾ ਗੁਰੂ ਜੀਵਨ ਨਵੇਂ ਸਿਰੇ ਅਰੰਭ ਹੁੰਦਾ ਹੈ। ਇਹ ਲਖਾਇਕ ਗੁਰਾਂ ਦੇ ਵਖ ਵਖ ਹੋਣ ਦਾ ਨਹੀਂ, ਪਰ ਇਹ ਕਿ ਗੁਰੂ ਜਜੋਤੀ ਇਕੋ ਹੈ ਕੇਵਲ ਜਾਮਾ ਪਲਟਦਾ ਹੈ, ਤੇ ਕੰਮ ਵੀ ਇੱਕੋ ਹੈ।

ਤਜੋਂ ਗੁਰ ਸਾਤਵੋਂ ਬੈਠਿ ਸ਼ੁਭਜੋ,
ਦੁਤਿ ਦੇਵਨ ਕੋ ਗੁਰਤਾ ਬਰ ਗਾਦੀ।
ਸ਼੍ਰੀ ਸਤਿਨਾਮ ਪ੍ਰਕਾਸ਼ ਧਰੈ
ਸੁਖ ਗਜਾਨ ਕੋ ਦੇ, ਜਗ ਕੀਨਿ ਅਬਾਦੀ ॥੩੩॥
ਸੰਗਤਿ ਕੋ ਉਪਦੇਸ਼ਤਿ ਹੈਂ

'ਸਤਿਨਾਮ ਭਜੋ, ਭਗਤੀ ਉਰਧਾਰੋ।
ਮਾਂਨੁਖ ਦੇਹਿ ਦੁਲੰਭ ਲਹੋ
ਬਿਸ਼ਿਆਨਿ ਬਿਖੈ ਇਸ ਕੋ ਨਹਿਂ ਹਾਰੋ।
ਕੂਰ ਪਦਾਰਥ ਜਾਨਿ ਅਕਾਰਥ,
ਸ੍ਵਾਰਥ ਆਪਨੋ ਨੀਕ ਬਿਚਾਰੋ।
ਗ੍ਯਾਨ ਕੋ ਪਾਇ, ਨਿਧਾਨ ਲਹੋ ਜਗ,
ਆਪ ਤਰੋ ਪਿਤਰਾਨਿ ਕੋ ਤਾਰੋ' ॥੩੪॥

ਦੋਹਰਾ:
ਸੁਨਹਿ ਮਾਨਿ ਉਪਦੇਸ਼ ਜੋ, ਚਲਹਿ ਗੁਰੂ ਅਨੁਸਾਰ।
ਸਦਾ ਸਹਾਇਕ ਤਿਸੀ ਕੇ, ਗਨ ਬੰਧਨ ਦੇਂ ਟਾਰਿ ॥੩੫॥
ਦਰਸ਼ਨ ਕਰਿਬੇ ਅਘ ਮਿਟੈਂ, ਉਰ ਉੱਜਲ ਹੁਇ ਜਾਇ।
ਬਚਨ ਸੁਨਹਿ ਲਹਿ ਗ੍ਯਾਨ ਕੋ, ਧੰਨ ਗੁਰੂ ਹਰਿਰਾਇ ॥੩੬॥
ਪ੍ਰੇਮ ਭਗਤਿ ਬੈਰਾਗ ਦ੍ਰਿੜ, ਕਰਨਿ ਜੋਗ ਬ੍ਰਹਮ ਗ੍ਯਾਨ।
ਬਰਤਾਵਤਿ ਹੈਂ ਜਗਤ ਮਹਿਂ, ਸਤਿਗੁਰ ਕ੍ਰਿਪਾ ਨਿਧਾਨ ॥੩੭॥
ਬਡੇ ਭਾਗ ਜਿਨ ਕੇ ਹੁਤੇ, ਸ਼ਰਨ ਪਰੇ ਗੁਰ ਚਰਨ।
ਕੋਟਿ ਜਨਮ ਭਰਮਤਿ ਹੁਤੇ, ਮਿਟੇ ਜਨਮ ਤਿਨ ਮਰਨ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਸ੍ਰੀ ਹਰਿਰਾਇ ਨਿੱਤ ਕਰਮ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਪਾਤਸ਼ਾਹੀ ਲੋੜ। ਹਰੀੜ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਨਿਸ਼ਾਨੀ ਛੰਦ:

ਸ਼ੋਭਾ ਸ਼੍ਰੀ ਸਤਿਗੁਰੂ ਕੀ, ਜਗ ਭੀ ਬਿਸਤਾਰੇ।
ਸਰਬ ਸਿੱਧਿ ਨੌ ਨਿੱਧਿ ਜੇ, ਠਾਢੀ ਰਹਿੰ ਦ੍ਵਾਰੇ।
ਹਿੰਦੂ ਤੁਰਕ ਤਰੀਫ ਕਰਿ, ਮਿਲਿ ਕੈ ਹਰਖਾਵੈਂ।
ਰਿਦੇ ਕਰਹਿ ਜਿਮ ਕਾਮਨਾ, ਸੋ ਤੂਰਨ ਪਾਵੈਂ ॥੧॥
ਸਤਿਗੁਰ ਦਾਤਾ ਨਾਮ ਕਾ, ਉਪਦੇਸ਼ ਦ੍ਰਿੜ੍ਹੰਤਾ।
ਆਨਿ ਆਨਿ ਦਰਸ਼ਹਿਂ ਬਹੁਤ, ਜੋ ਚਹਿਂ ਸੁ ਲਭੰਤਾ[1]।
ਸ਼ਾਹੁਜਹਾਂ ਦਿੱਲੀ ਬਿਖੈ, ਬਡ ਰਾਜ ਕਮਾਵੈ।
ਤਿਸ ਕੇ ਨਿਕਟਿ ਤਰੀਫ ਗੁਰ, ਕਹਿ ਬਹੁਤ ਸੁਨਾਵੈਂ ॥੨॥
ਚਾਰ ਪੁੱਤ੍ਰ ਤਿਸ ਕੇ ਭਏ, ਬਡ ਦਾਰ ਸ਼ਕੋਹਾ।
ਵਲੀਅਹਿਦ[1] ਕੀਨੋ ਤਿਸੈ, ਬਹੁ ਠਾਨਸਿ ਮੋਹਾ।
ਸੁਜਾ ਮੁਹੰਮਦ ਦੂਸਰੋ, ਹੈ ਤ੍ਰਿਥੀ ਨੁਰੰਗਾ।
ਚੌਥੇ ਹੁਤੋ ਮੁਰਾਦ ਬਖਸ਼, ਰਾਖੇ ਨਿਜ ਸੰਗਾ ॥੩॥
ਦਾਰ ਸ਼ਕੋਹ ਬਿਸਾਲ ਸੋਂ, ਕਰਿ ਕੈ ਉਰ ਦ੍ਰੋਹਾ।
ਨੌਰੰਗ ਨੇ ਤਿਹ ਬੁਰਾ ਕਿਯ, ਮਨ ਧਾਰਜੋ ਕ੍ਰੋਹਾ।
ਸ਼ੇਰ ਮੁੱਛ ਕਤਰਾਇ ਕੈ, ਚਾਵਰ ਮਹਿਂ ਪਾਈ।
ਕਹਿ ਕੈ ਤਿਸ ਕੇ ਦਾਸ ਕੋ, ਕਰਿ ਦਗ਼ਾ

[1]ਜੋ ਚਾਹੁੰਦੇ ਹਨ ਸੋ ਮਿਲਦਾ ਹੈ।

[1]ਤਖਤ ਦਾ ਹਕਦਾਰ, ਯੁਵਰਾਜ।

ਖੁਲਾਈ ॥੪॥
ਭਯੋ ਬਡੋ ਬੀਮਾਰ ਤਬਿ, ਹੋਇ ਨ ਉਪਚਾਰੇ[1]।
ਹੁਤੇ ਨਜੂਮਿ ਹਕੀਮ ਜੇ, ਕਰਿ ਕਰਿ ਸਭਿ ਹਾਰੇ।
ਦਿਨ ਪ੍ਰਤਿ ਦੁਰਬਲ ਹੋਤਿ ਸੋ, ਨਹਿਂ ਮਿਟਹਿ ਬਿਮਾਰੀ।
ਸ਼ਾਹਜਹਾਂ ਚਿੰਤਾ ਮਹਾਂ, ਉਰ ਪ੍ਰੀਤਿ ਉਚਾਰੀ ॥੫॥
ਗਨ ਹਕੀਮ ਪਤਿਸ਼ਾਹੁ ਕੇ, ਨਹਿਂ ਚਲ੍ਯੋ ਉਪਾਈ।
ਤਬਿ ਸਭਿਹੂੰਨਿ ਬਿਚਾਰਿ ਕੇ, ਇਮ ਗਿਰਾ ਅਲਾਈ।
'ਹਰੜ ਆਇ ਬਡਿ ਤੋਲ ਕੀ, ਚੌਦੈਂ ਸਿਰਸਾਹੀ।
ਇਕ ਮਾਸੇ ਕੋ ਲੌਂਗ ਹੁਇ, ਅਨਵਾਵਹੁ ਪਾਹੀ ॥੬॥
ਇਸ ਅੰਤਰ ਮੁਛ ਸ਼ੇਰ ਕੀ, ਬਾਹਰ ਨਿਕਸੈ ਹੈ।
ਤਬਹਿ ਬਿਮਾਰੀ ਜਾਇ ਹੈ, ਜਬਿ ਤਿਸ ਕੋ ਖੈ ਹੈ।'
ਜੇ ਹਕੀਮ ਹਿਕਮਤਿ ਮਹਤ[1], ਸੋ ਸਕਲ ਕਹੰਤੇ।
ਸ਼ਾਹਜਹਾਂ ਸੁਨਿ ਕੈ ਪਠੈ, ਨਿਜ ਦਾਸ ਤੁਰੰਤੇ ॥੭॥
ਜਹਾਂ ਜਹਾਂ ਇਹ ਉਪਜਤੀ, ਤਹਿਂ ਲਗਿ ਨਰ ਧਾਏ।
ਲੌਂਗ ਹਰੜ ਏਤੀ ਬਡੀ, ਸੋ ਕਹੂੰ ਨ ਪਾਏ।
ਬਹੁਤ ਵਿਲਾਇਤ ਮੈਂ ਫਿਰੇ, ਪਰਬਤ ਬਨ ਹੇਰੇ।
ਕਰਹਿਂ ਵਪਾਰ ਜਹਾਜ ਕੇ, ਜੇ ਫਿਰਤਿ ਘਨੇਰੇ ॥੮॥

[1]ਇਲਾਜ।

[1]ਬੜੇ।

ਅਵਨੀ ਮੰਡਲ ਮਹਿਂ ਫਿਰੇ, ਕਿਤ ਹਾਥ ਨ ਆਈ।
ਸ਼ਾਹਜਹਾਂ ਕੋ ਹੋਤਿ ਨਿਤ, ਅਤਿਸ਼ੈ ਦੁਚਿਤਾਈ।
ਹੋਤਿ ਵਜ਼ੀਰ ਜੁ ਸ਼ਾਹ ਕੋ, ਗੁਰ ਸਿੱਖਨ ਪਾਸੇ[1]।
'ਕਰਾਮਾਤ ਸਾਹਿਬ ਗੁਰੂ' ਸੁਨਿ ਭਯੋ ਹੁਲਾਸੇ ॥੯॥
[1] 'ਸ਼੍ਰੀ ਗੁਰ ਹਰਿਗੋਬਿੰਦ ਜੀ, ਤਿਨ ਸੰਗ ਲਰਾਈ।
ਕਰਤਿ ਰਹ੍ਯੋ ਬਹੁ ਸ਼ਾਹ ਜੋ, ਕਯੋਂਹੁਂ ਨ ਬਨਿਆਈ।
ਸੋ ਤਨ ਤਜਿ ਬੈਕੁੰਠ ਗੇ, ਅਬਿ ਤਿਨ ਕੋ ਪੋਤਾ।
ਗੁਰਤਾ ਗਾਦੀ ਪਰ ਟਿਕ੍ਯੋ, ਬਡ ਅਜ਼ਮਤਿ ਪੋਤਾ[1] ॥੧੦॥
ਅਸ ਅਨਮੋਲੀ ਵਸਤੁ ਬਡ, ਤਿਨ ਤੇ ਕਰ ਆਵੈ।
ਸੇਵਕ ਹੁਇ ਜਾਚਨ ਕਰੇ, ਕਹਿ ਬਿਨੈ ਪਠਾਵੈ।'
ਇਮ ਵਜ਼ੀਰ ਨੇ ਸੁਨ੍ਯੋ ਜਬਿ, ਨਿਸ਼ਚੈ ਉਰ ਕੀਨਾ।
-ਠੀਕ ਬਾਤ ਨੀਕੀ ਅਹੈ, ਪੈ ਹੈ ਦੁਖ ਹੀਨਾ[1]- ॥੧੧॥
ਤਬਿ ਵਜ਼ੀਰ ਢਿਗ ਸ਼ਾਹ ਕੇ ਹ੍ਵੈ ਅਰਜ਼ ਸੁਨਾਈ।
'ਸ਼੍ਰੀ ਗੁਰ ਹਰਿਗੋਬਿੰਦ ਕੀ, ਬੈਠ੍ਯੋ ਅਬਿ ਥਾਈਂ।
ਪੋਤਾ ਸ਼੍ਰੀ ਹਰਿਰਾਇ ਜੀ, ਬਡ ਅਜ਼ਮਤ ਵੰਤਾ।
ਸ਼੍ਰੀ ਗੁਰ ਘਰ ਨਿਰਵੈਰ ਹੈ, ਦੀਨਨਿ ਦੁਖ ਹੰਤਾ ॥੧੨॥

[1]ਬਾਦਸ਼ਾਹ ਦਾ ਜੋ ਵਜ਼ੀਰ ਸੀ (ਉਸ ਨੇ) ਗੁਰ ਸਿੱਖਾਂ ਪਾਸੋਂ।

[1]ਸਿੱਖ ਕਹਿੰਦੇ ਹਨ ਵਜ਼ੀਰ ਨੂੰ:-

[1]ਕਰਾਮਾਤ ਦੇ ਜਹਾਜ਼।

[1]ਹਰੜ ਆਦਿਕ) ਪਾਵਾਂਗੇ ਤਾਂ ਦੁਖ ਦੂਰ ਹੋ ਜਾਏਗਾ।

ਤਿਨ ਕੇ ਢਿਗ ਇਹੁ ਵਸਤੁ ਹੈ, ਜਾਚਹੁ ਤਿਨ ਪਾਹੀ।
ਬਿਨਤੀ ਜੁਤਿ ਲਿਖਿ ਭੇਜੀਏ, ਤਜਿ ਰਿਸ ਉਰ ਮਾਂਹੀ।'
ਸ਼ਾਹੁਜਹਾਂ ਹਰਖ਼ਜੋ ਸੁਨਤਿ, ਲਿਖਿ ਅਰਜ਼ ਪਠਾਈ।
'ਹਮ ਪਰ ਤੁਮਰੇ ਬਡੇ ਨਿਤ, ਬਹੁ ਕਰਤਿ ਭਲਾਈ ॥੧੩॥
ਸ਼੍ਰੀ ਨਾਨਕ ਬਾਬਰ ਮਿਲੇ, ਬਖਸ਼ੀ ਬਡਿਆਈ।
ਅੰਗਦ ਗੁਰੂ ਹੁਮਾਉ ਸੋਂ, ਮੈਂ ਸੁਨੀ ਭਲਾਈ।
ਅਕਬਰ ਸ਼੍ਰੀ ਗੁਰ ਅਮਰ ਸੋਂ, ਮਿਲਿ ਕਾਰਜ ਸਾਰੇ।
ਜਹਾਂਗੀਰ ਅਰਜਨ ਗੁਰੂ, ਮਿਲਿ ਬਚਨ ਉਚਾਰੇ ॥੧੪॥
ਸ਼੍ਰੀ ਗੁਰ ਹਰਿਗੋਬਿੰਦ ਸੋਂ, ਮਮ ਬਾਦ[1] ਭਯੋ ਹੈ।
ਲੋਕਨਿ ਪਰਿ ਕੈ ਬੀਚ ਕੋ, ਬਹੁ ਬੀਚ ਕਿਯੋ ਹੈ[1]।
ਤਊ ਨ ਮੈਂ ਓਰਕ ਕਰਜੋ, ਬਡਿ ਬੈਰ ਪਰਜੋ ਹੈ[1]।
ਅਬਿ ਮੇਰੋ ਕਾਰਜ ਇਹੀ, ਬਡ ਆਨਿ ਪਰਜੋ ਹੈ ॥੧੫॥
ਸੁਤ ਮੇਰੋ ਬੀਮਾਰ ਹੈ, ਤੁਮ ਢਿਗ ਉਪਚਾਰੇ।
ਦੁਲਭ ਵਸਤੁ ਖੋਜੀ ਘਨੀ, ਨਹਿਂ ਪਾਇ ਉਦਾਰੇ।'
ਇੱਤਜਾਦਿਕ ਲਿਖਿ ਕਰਿ ਪਠੀ, ਭੇਜਯੋ ਉਮਰਾਊ।
ਤੂਰਨ ਪੰਥ ਉਲੰਘਿ ਕੈ, ਕੀਰਤਪੁਰਿ ਥਾਊਂ ॥੧੬॥

[1]ਝਗੜਾ।

[1]ਬਹੁਤ ਫਰਕ ਪਾ ਦਿਤਾ।

[1]ਭਾਵੇਂ) ਬਹੁਤਾ ਵੈਰ ਪੈ ਗਿਆ ਸੀ ਤਦ ਬੀ ਮੈਂ ਵੈਰ ਦਾ ਓੜਕ ਨਹੀਂ ਸੀ ਕੀਤਾ।

ਆਇ ਕਰਜੋ ਡੇਰਾ ਤਬਹਿ, ਨਿਸ ਪੁਰੀ ਬਿਤਾਈ।
ਦਿਨ ਅਗਲੇ ਲਾਗੀ ਸਭਾ, ਗੁਰ ਬੀਚ ਸੁਹਾਈ।
ਆਇ ਕਰੀ ਪਦ ਬੰਦਨਾ, ਦੀਨਸਿ ਪਰਵਾਨਾ।
ਕਰਜੋ ਸੁਨਾਵਨਿ ਸਕਲ ਪਠਿ, ਗੁਰ ਕੇ ਅਗਵਾਨਾ ॥੧੭॥
'ਹਰੜ ਏਕ ਬਡ ਤੋਲ ਕੀ, ਚੌਦਹਿ ਸਿਰਸਾਹੀ[1]।
ਇਕ ਸਾਸੇ ਕੋ ਲੌਂਗ ਹੁਇ, ਸੋ ਸੁਨਿ ਤੁਮ ਪਾਹੀ।
ਇਕ ਗਜ ਮੋਤੀ[1] ਭੇਜੀਏ, ਤਿਹ ਦੇਖਨਿ ਚਾਹੂ।'
ਅਪਰ ਭਨੀ ਬਿਨਤੀ ਬਹੁਤ, ਸੁਨਿ ਗੁਰ ਸ੍ਰੁਤਿ ਮਾਂਹੂ ॥੧੮॥
ਸੁਨਿ ਕੈ ਸ੍ਰੀ ਹਰਿਰਾਇ ਤਬਿ, ਥੋਰੇ ਮੁਸਕਾਏ।
ਚਮਕਤਿ ਹੈਂ ਸੁੰਦਰ ਦਸਨ, ਕੇਤਿਕ ਦਰਸਾਏ[1]।
ਬੋਲੇ ਸਭਿਨਿ ਸੁਨਾਇ ਕੈ, 'ਤੁਰਕੇਸ਼ੁਰ ਭਾਰੋ।
ਇਮ ਜੇ ਪ੍ਰੀਤਿ ਪ੍ਰਤੀਤਿ ਹੈ, ਤਿਸ ਰਿਦੈ ਮਝਾਰੋ ॥੧੯॥
ਉਚਿਤ ਦੇਨਿ ਵਸਤੂ ਦੁਲਭ, ਪੁਨ ਸੁਤ ਬੀਮਾਰੀ।
ਹੁਇ ਲਚਾਰ ਜਾਚਨ ਕਰੀ, ਸ਼ਰਧਾ ਉਰ ਧਾਰੀ।
ਦਾਰ ਸ਼ਕੋਹ ਸੁ ਭਲੋ ਹੈ, ਪਰਮੇਸ਼ਰੁ ਪਜਾਰੇ।
ਸੰਤ ਸੰਗ ਅਭਿਲਾਖਤੋ, ਪਰਹਰਿਹ ਬਿਕਾਰੋ' ॥੨੦॥
ਏਤੇ ਕਾਰਣ ਜਾਨਿ ਕੈ, ਤੀਨੋ ਮੰਗਵਾਏ।

[1]ਸਿਰਸਾਹੀ ਦੇ ਤੋਲੇ (ਕੱਚੀ ਛਟਾਂਕ) ਦੇ ਬਰਾਬਰ ਹੁੰਦੀ ਹੈ।

[1]ਵਡਾ ਮੋਤੀ। ਹਾਥੀ ਦਾ ਮੋਤੀ। [ਸੰ: ਗਜਮੁਕ੍ਤਾ = ਇਕ ਮੋਤੀ ਜੋ ਹਾਥੀ ਦੇ ਸਿਰੋਂ ਨਿਕਲਦਾ ਮੰਨਦੇ ਆਏ ਹਨ]

[1]ਕਈ ਕੁ (ਦੰਦ) ਦਿਸਦੇ ਹਨ।

ਕੋਸ਼ਪ ਕੋ ਆਗਯਾ ਕਰੀ, 'ਆਨਹੁ ਇਸ ਥਾਏਂ।
ਸਗਰੀ ਸਭਾ ਦਿਖਾਈਏ, ਤੋਲਹੁ ਪੁਨ ਦੀਜੈ।
ਸ਼ਾਹਜਹਾਂ ਪਤਿਸ਼ਾਹ ਕੋ, ਕਾਰਜ ਇਹੁ ਕੀਜੈ' ॥੨੧॥
ਜਾਇ ਨਿਕਾਸੀ ਕੋਸ਼ਪਤਿ, ਆਨੀ ਗੁਰ ਪਾਹੀ।
ਪੂਰਬ ਤੋਲੀ ਹਰੜ ਤਬਿ, ਚੌਦਹ ਸਿਰਸਾਹੀ।
ਪੂਰਨ ਮਾਸੇ ਕੋ ਭਯੋ, ਸੋ ਲੌਂਗ ਬਿਸਾਲਾ।
ਮਨਹੁਂ ਪ੍ਰਥਮ ਹੀ ਤੋਲਿ ਕੈ, ਲਾਗੇ ਤਰੁ ਡਾਲਾ[1] ॥੨੨॥
ਗਜ ਮੋਤੀ ਦਿਪਤਹਿ ਬਡੋ, ਨਹਿਂ ਆਨ ਸਮਾਨਾ।
ਬੂਝਨਿ ਹਿਤ ਸਭਿ ਸਭਾ ਨੇ, ਇਮ ਬਾਕ ਬਖਾਨਾ।
'ਸ਼੍ਰੀ ਗੁਰੂ ਜੀ ! ਗੁਨ ਇਨਹੁ ਕੇ, ਕਹਿ ਬਾਕ ਸੁਨਾਵਹੁ।
ਵਸਤੁ ਅਮੋਲਕ ਅਦਭੁਤੰ, ਸਭਿ ਬੀਚ ਬਤਾਵੋ' ॥੨੩॥
ਸ਼੍ਰੀ ਸਤਿਗੁਰ ਗੁਨ ਤਿਨਹੁ ਕੇ, ਬਿਚ ਸਭਾ ਬਖਾਨੇ।
'ਉਦਰ ਰੋਗ ਜੇਤਿਕ ਅਹੈਂ, ਨਰ ਕੀ ਛੁਧ ਹਾਨੇ।
ਪਚਹਿਂ ਨਹੀ ਨਿਸ਼ਠੁਰ ਵਸਤੁ, ਦੁਖ ਦੇਤਿ ਘਨੇਰਾ।
ਦਿਵਸ ਮਾਸ ਕੈ ਬਰਸ ਕੋ, ਰੁਜ ਟਿਕਯੋ ਬਡੇਰਾ ॥੨੪॥
ਸੋ ਰੋਗੀ ਲੇ ਹਾਥ ਮਹੁ, ਲਾਗਹਿਂ ਅਤਿਸਾਰਾ[1]।
ਸਰਬ ਉਦਰ ਤੇ ਝਰ ਪਰਹਿ, ਕੁਛ ਹੋਇ ਨ

[1]ਬ੍ਰਿਛ ਦੀਆਂ ਟਾਹਣੀਆਂ ਨੂੰ ਲਗੇ ਸਨ (ਹਰੜ ਤੇ ਲੌਂਗ)।

[1]ਦਸਤ।

[1]ਕੁਛ ਦੇਰ ਨਾ ਲਗੇ।

ਬਾਰਾ[1]।
ਜਬਿ ਲਗਿ ਅੰਤਰ ਕਸਰ ਹ੍ਵੈ, ਤਬਿ ਲਗਿ ਕਰ ਧਾਰੈ।
ਹੁਇ ਅਰੋਗ ਜਾਗਹਿ ਛੁਧਾ, ਸੰਕਟ ਨਿਰਵਾਰੈ ॥੨੫॥
ਤਜਹਿ ਹਾਥ ਤੇ, ਤਿਹ ਸਮੈ ਅਤਿਸਾਰ ਮਿਟੰਤੇ।
ਜਬਹਿ ਧਨੰਤਰ ਨਿਕਸਿਓ, ਜਲ ਨਿਧੀ ਮਥੋਤੇ[1]।
ਇਸੀ ਜਾਤਿ ਕੀ ਹਰੜ ਕਰ, ਆਨੀ ਨਿਜ ਸਾਥਾ।
ਅਪਰ ਜਲਉਕਾ ਰੁਧਰਪਾ[1], ਗਹਿ ਦੂਸਰ ਹਾਥਾ ॥੨੬॥
ਜਗ ਮਹਿਂ ਰੋਗ ਅਨੇਕ ਜੇ, ਹੈਂ ਮੂਲ ਸਿ ਜੋਈ।
ਉਦਰ ਰੁਧਿਰ ਤੇ ਉਪਜਤੇ, ਤਿਨ ਕੇ ਹਿਤ ਸੋਈ।
ਰੁਜ ਕੀ ਜਰ ਦ੍ਵੈ ਹਰਨ ਕੋ, ਦੋਨਹੁ ਉਪਚਾਰਾ।
ਲਜਾਇ ਜਗਤ ਮਹਿਂ ਬਿਦਤ ਕਿਯ,
ਬੁਧਿ ਬੈਦ ਉਦਾਰਾ ॥੨੭॥
ਬਾਇ ਸੀਤ ਕੇ ਮਿਲਤਿ ਹੀ, ਹੋਵਤਿ ਸੰਪਾਤਾ[1]।
ਇਸ ਤੇ ਆਦਿਕ ਰੁਜ ਅਪਰ, ਉਪਜਹਿਂ ਉਤਪਾਤਾ।
ਗਹੇ ਲੌਂਗ ਇਸ ਕਰ ਜਬੈ[1], ਸਭਿ ਹੂੰ ਮਿਟਿ ਜਾਵੈਂ।
ਸੀਤ ਬਾਇ ਕੇ ਦੁਖ ਕਿਤੇ, ਸਗਰੇ ਬਿਨਸਾਵੈਂ[†] ॥੨੮॥
ਤੀਸਰ ਗਜਮੁਕਤਾ ਮਹਾਂ, ਇਸ ਕੇ ਸਮ ਆਨਾ।
ਨਹੀਂ ਕਹੀਂ ਇਸ ਦੇਸ ਮਹਿਂ, ਦੁਤਿ ਦਮਕ

[1]ਸਮੁੰਦ੍ਰ ਰਿੜਕਦਿਆਂ।

[1]ਜੋਕ ਲਹੂ ਪੀਣੀ।

[1]ਸੰਨਿਪਾਤ = ਕਫ, ਵਾਤ, ਪਿਤ ਦਾ ਇਕੱਠਾ ਵਿਗਾੜ 'ਸੰਨਿਪਾਤ' ਹੈ। ਸਰਸਾਮ।

[1]ਇਸ ਲੌਂਗ ਨੂੰ ਹੱਥ ਵਿਚ ਜਦੋਂ ਫੜੇ।

[†]ਇਹ ਵੈਦ ਲੋਕਾਂ ਦੇ ਵਾਕ ਹਨ ਜੋ ਲੋਕਾਂ ਵਿਚ ਆਮ ਪ੍ਰਸਿੱਧ ਹਨ, ਇਨ੍ਹਾਂ ਨੂੰ ਸਮਝਣਾ ਚਾਹੀਏ ਸ਼੍ਰੀ ਮੁਖਵਾਕ ਨਹੀਂ ਸਮਝਣਾ ਚਾਹੀਏ।

ਮਹਾਨਾ।
ਰੁਚਿਰ ਗੁਲਾਈ ਇਸ ਬਨੀ, ਲੋਲਕ[1] ਮਹਿਂ ਪਾਵੈਂ।
ਸ਼ੋਭਾ ਭੂਖਨ ਕੀ ਕਰਹਿ, ਤਨ ਬਿਖੈ ਸੁਹਾਵੈ ॥੨੯॥
ਤੀਨਹੁਂ ਦੁਰਲਭ ਵਸਤੁ ਹੈਂ, ਨਹਿਂ ਪ੍ਰਾਪਤਿ ਸ਼ਾਹੂ।
ਅਪਰ ਕਹਾਂ ਤੇ ਲੇਇ ਇਨ, ਖੋਜਹੁ ਕਿਤ ਜਾਹੂ।
ਸ਼੍ਰੀ ਨਾਨਕ ਕੋ ਘਰ ਮਹਾਂ, ਜਹਿਂ ਕਮੀ ਨ ਕਾਹੂ।
ਕਰਹਿ ਜੁ ਪ੍ਰੀਤਿ ਪ੍ਰਤੀਤ ਪਰ, ਇੱਛਤ ਲੇ ਪਾਹੂ' ॥੩੦॥
ਇਮ ਕਹਿ ਗੁਨ ਉਮਰਾਵ ਕੋ, ਤਤਛਿਨ ਤ੍ਰੈ ਦੀਨੀ।
ਮਹਿਮਾ ਸਤਿਗੁਰ ਕੀ ਸਭਿਨਿ, ਪੀਨੀ[1] ਅਤਿ ਚੀਨੀ।
ਹ੍ਵੈ ਪ੍ਰਸੰਨ ਗਮਨਜੋ ਤਬਹਿ, ਦਿੱਲੀ ਮਹਿ ਆਯੋ।
ਸ਼ਾਹਜਹਾਂ ਕੋ ਤਬਿ ਦਈ, ਦੇਖਤਿ ਹਰਖਾਯੋ ॥੩੧॥
ਦੁਰਲਭ ਪਾਇ ਪਦਾਰਥਨਿ, ਢਿਗ ਦਾਰਸ਼ਕੋਹਾ।
ਜਾਨਜੋ -ਅਬਿ ਇਹ ਜੀਵਿ ਹੈ, ਰੁਜ ਨਾਸ਼ਨ ਹੋਹਾ-।
ਇਕ ਤੌ ਪੁੱਤ੍ਰ ਸਨੇਹ ਤੇ, ਪੁਨ ਦੁਰਲਭ ਪਾਏ।
ਸ਼ਾਹਜਹਾਂ ਕੇ ਮੋਦ ਬਡਿ, ਕਛੁ ਕਹਜੋ ਨ ਜਾਏ ॥੩੨॥
ਮਨ ਮਹਿਂ ਲਗਜੋ ਬਿਚਾਰਨੇ, ਕਹਿ ਸਭਿਨਿ ਸੁਨਾਵੈ।
'ਮੁਝ ਕੋ ਬਡ ਅਫਸੋਸ ਹੈ, ਕੁਛ ਕਹਜੋ ਨ

[1]ਨੱਥ, ਬੁਲਾਕ, ਵਾਲੀ ਆਦਿ ਲਟਕਣ ਵਾਲਾ ਗਹਿਣਾ [ਸੰਸ. ਲੋਲ = ਹਿਲਣਾ। ਫਾ: ਲੋਲੂ = ਮੋਤੀ]

[1]ਭਾਰੀ।

ਜਾਵੈ।
ਅਵਨੀ ਮੰਡਲ ਕੋ ਪਤੀ, ਮਮ ਆਗਜਾ ਸਾਰੇ।
ਕਿਤ ਤੇ ਨਹਿਂ ਪ੍ਰਾਪਤਿ ਭਈ, ਖੋਜਤਿ ਨਰ ਹਾਰੇ ॥੩੩॥
ਕਾਦਰ ਬੇਪਰਵਾਹ ਬਡ, ਹਿੰਦੂ ਘਰਿ ਸੋਈ।
ਜਾਚੇ ਮੁਝ ਪ੍ਰਾਪਤਿ ਭਈ, ਨਤੁ ਪਾਇ ਨ ਕੋਈ।'
ਇਮ ਕਹਿ ਹਿਰਸ ਬਿਸਾਲ ਕਰਿ[1], ਲੇ ਦੀਰਘ ਸ੍ਵਾਸਾ।
ਤੂਸ਼ਨਿ ਕਰੇ ਬਿਸੂਰਤੋ, ਜਨੁ ਚਿੰਤਾ ਗ੍ਰਾਸਾ ॥੩੪॥
ਗਜਾਨੀ ਦਾਰਸ਼ਕੋਹ ਨੇ, ਲਖਿ ਹਿਰਸ ਮਹਾਨਾ।
ਕਹਜੋ ਪਿਦਰ ਸੋਂ 'ਦੂਰ ਕਰਿ, ਅਫਸੋਸ ਜੁ ਠਾਨਾ।
ਰਬ ਕੀ ਜ਼ਾਤਿ ਫਕੀਰ ਸੋ, ਬੇਖਾਹਸ਼ ਭਾਰੇ।
ਕਰਾਮਾਤ ਜ਼ਾਹਰ ਜਿਨਹੁ, ਜਗ ਬਿਦਤੀ ਸਾਰੇ ॥੩੫॥
ਸ਼੍ਰੀ ਗੁਰ ਨਾਨਕਸ਼ਾਹ ਕੋ, ਘਰ ਮਹਦ ਮਹਾਨਾ।
ਲਾਖਹੁਂ ਅਜ਼ਮਤਿ ਜੁਤਿ ਕਰੇ, ਦੇ ਗਜਾਨ ਨਿਧਾਨਾ।
ਕਾਮਲ ਆਪ ਖੁਦਾਇ ਕੈ[1], ਨਹਿਂ ਸੰਸਾ ਕੀਜੈ।
ਕਰਨ ਜੋਗ ਹੈ ਬੰਦਗੀ, ਹਿਰਸੀ ਨ ਬਨੀਜੈ ॥੩੬॥
ਤੁਮ ਭੀ ਸਭਿ ਬਿਧਿ ਤੇ ਤਿਨਹੁਂ, ਜਾਨਤਿ ਬਡਿਆਈ।
ਹਮਰੇ ਬਡਿਅਨਿ ਸੰਗ ਮਿਲਿ, ਬਹੁ ਕਰੀ ਭਲਾਈ।'

[1]ਬਹੁਤ ਲਾਲਚ ਕਰ।

[1]ਗੁਰੂ ਜੀ) ਆਪ ਕਾਮਲ ਹਨ ਅਥਵਾ ਖੁਦਾ ਹੀ ਹਨ।

ਸੁਨਿ ਕੈ ਸੁਤ ਤੇ ਸ਼ਾਹੁ ਨੇ, ਪੁਨ ਬਾਕ ਬਖਾਨਾ।
'ਜਿਨ ਕੇ ਹਿਰਸ ਨ ਹੀਯਰੇ, ਸੇ ਅਹੈਂ ਮਹਾਨਾ ॥੩੭॥
ਜਿਨ ਪਰ ਫਜ਼ਲ[1] ਅਲਾਹ ਕੋ, ਦੇ ਸਿਦਕ ਸਬੂਰੀ।
ਹਿਰਸ ਬਖੀਲੀ ਤਿਸ ਰਿਦੈ, ਕਰਿ ਦੈ ਸਭਿ ਦੂਰੀ।
ਦੁਨੀਆਂ ਹਿਰਸ ਹਵਾਇ[1] ਹੈ, ਨਹਿਂ ਮਿਟਹਿ ਕਦਾਈਂ।
ਪ੍ਰੀਤਿ ਪ੍ਰਤੀਤ ਖੁਦਾਇ ਕੀ, ਸੇ ਪਾਕ[1] ਸਦਾਈ ॥੩੮॥
ਜਾਨੋਂ ਨੀਕੀ ਰੀਤਿ ਸੋਂ[1], ਗੁਰ ਕੀ ਬਡਿਆਈ।
ਤਉ ਹਿਰਸ ਹੰਕਾਰ ਤੇ, ਹੁਇ ਹੈ ਦੁਖਦਾਈ।
ਅਬਿ ਨ ਕਰੌਂ ਕਬਿ ਮੈਂ ਰਿਦੈ, ਉਤਰੌਂ ਨਹਿਂ ਪੂਰਾ।
ਮੈਂ ਮਾਨੁਖ ਅੱਗਜਾਨ ਜੁਤਿ, ਸੋ ਅਲਹ ਜ਼ਹੂਰਾ[1]' ॥੩੯॥
ਅਦਲਮਤੀ[1] ਉਰ ਧਾਰਿ ਕੈ, ਤਬਿ ਹਿਰਸ ਮਿਟਾਈ।
ਲੇ ਸ਼੍ਰੀ ਨਾਨਕ ਨਾਮ ਕੋ, ਨਿਜ ਗ੍ਰੀਵ ਨਿਵਾਈ।
ਤਬਿ ਹਕੀਮ ਹਿਕਮਤਿ[1] ਮਹਦ, ਨਿਜ ਨਿਕਟਿ ਹਕਾਰੇ।
ਲੌਂਗ ਹਰੜ ਦੀਨਸਿ ਦੋਊ, ਅਚਰਜ ਪਿਖਿ ਧਾਰੇ ॥੪੦॥
ਬਹੁ ਤਰੀਫ ਸਭਿ ਨੇ ਕਰੀ, 'ਦੁਰਲਭ ਬਹੁ ਪਾਈ।'
ਹਿਕਮਤਿ ਦਾਰਸ਼ਕੋਹ ਕੀ, ਤਬਿਹੂੰ ਕਰਿਵਾਈ।

[1]ਮਿਹਰ।
[1]ਲਾਲਚ ਤੇ ਕਾਮਨਾ।
[1]ਪਵਿੱਤ੍ਰ।
[1]ਚੰਗੀ ਤਰ੍ਹਾਂ ਨਾਲ।
[1]ਪ੍ਰਮੇਸ਼ੁਰ ਦਾ ਸਰੂਪ।
[1]ਨਜਾਇ ਵਾਲੀ ਬੁੱਧੀ।
[1]ਇਲਾਜ।

ਭਯੋ ਅਰੁਜਿ[1] ਤਤਕਾਲ ਹੀ, ਕਰਿ ਖੁਸ਼ੀ ਬਿਸਾਲਾ।
[1]ਤੰਦਰੁਸਤ।

ਮੰਗਲ ਨਾਨਾ ਬਿਧਿਨ ਕੇ, ਉਪਜੇ ਦਰਹਾਲਾ[1] ॥੪੧॥
[1]ਛੇਤੀ।

ਚੌਪਈ:

'ਸਤਿਗੁਰ ਕੇ ਘਰ ਕੋ ਧਨ ਧੰਨ।'
ਸ਼ਾਹੁ ਆਦਿ ਸਭਿ ਕਹੈਂ ਪ੍ਰਸੰਨ।
ਰਾਜ ਜੋਗ ਜੋ ਕਰਤਿ ਹਮੇਸ਼ਾ।
ਸਗਰੇ ਜਗ ਮਹਿਂ ਵਿਦਤ ਵਿਸ਼ੇਸ਼ਾ ॥੪੨॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਅਸ਼ਟਮ ਰਾਸੇ 'ਹਰੜ ਲੌਂਗ ਸ਼ਾਹ ਕੋ ਦੀਨ' ਪ੍ਰਸੰਗ ਬਰਨਨੰ ਨਾਮੁ ਦੁਤੀਓ ਅੰਸੂ ॥੨॥

## ੩. [ਬ੍ਰਿੱਧਾਂ ਪ੍ਰੇਮਣ ਦਾ ਪ੍ਰਸ਼ਾਦਿ ਛਕਿਆ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਸ੍ਰੈਯਾ ਛੰਦ:

ਇਮ ਸ਼੍ਰੀ ਸਤਿਗੁਰ ਮਹਿਦ ਪ੍ਰਤਾਪੰ
ਜਗਤ ਬਿਖੈ ਹੋਵਤਿ ਬਿਸਤਾਰ।
ਆਵਹਿ ਦੇਸ਼ ਬਿਦੇਸ਼ਨਿ ਸੰਗਤਿ
ਦਰਸ਼ਨ ਕਰਿ ਅਰਪਹਿ ਉਪਹਾਰ।
ਮਨ ਬਾਂਛਤਿ ਸਿਖ ਪਾਵਤਿ ਹੈਂ ਫਲ
ਖਰੇ ਅੱਗ੍ਰ ਅਰਦਾਸ ਉਚਾਰਿ।
ਕੀਰਤਪੁਰਿ ਮਹਿਂ ਭੀਰ ਹੋਤਿ ਨਿਤ
ਅਰਜ਼ ਗੁਜ਼ਾਰਹਿਂ ਮਿਲੇ ਹਜ਼ਾਰ ॥੧॥
ਇਕ ਬਿਰਧਾ ਸ਼ਰਧਾ ਸਤਿਗੁਰ ਕੀ
ਪ੍ਰੇਮਾ ਭਗਤਿ ਰਿਦੈ ਲਿਵਲਾਇ।
ਧਰਹਿ ਧ੍ਯਾਨ ਨਿਸ ਦਿਨ ਗੁਰ ਮੂਰਤਿ
ਚਿਤ ਮਹਿਂ ਚਿਤਵਤਿ ਬਲ ਬਲਿ ਜਾਇ।
ਘਰ ਤੇ ਨਿਰਧਨ ਅਸਨ ਨ ਪਾਵਹਿ
ਚਹਹਿ -ਕਰਵਿ ਗੁਰ ਸੇਵ ਬਨਾਇ।
ਮਮ ਕਰ ਤੇ ਕਿਸ ਬਿਧਿ ਬਨਿ ਆਵਹਿ
ਤਬਹਿ ਸਫਲਤਾ ਮੈਂ ਨਿਜ ਪਾਇ- ॥੨॥
ਇਕ ਦਿਨ ਧਰਮ ਕਿਰਤਿ ਕੁਛ ਕਰਿ ਕੇ
ਟਕਾ ਏਕ ਮਿਹਨਤਿ ਕੋ ਲੀਨਿ।
ਅਸਨ ਸਮਿੱਗ੍ਰੀ ਕਰੀ ਖਰੀਦਨ
ਨਿਜ ਗ੍ਰਿਹ ਆਇ ਲੀਪਬੋ ਕੀਨਿ।
ਅਪਨੇ ਬਸਤ੍ਰ ਪਖਾਰਨਿ ਕਰਿ ਕੈ
ਜਲ ਮੱਜਨ ਤੇ ਹ੍ਵੈ ਮਲ ਹੀਨ।
ਸਭਿ ਬਿਧਿ ਸੁਚਿ ਤੇ ਇਕਠੀ ਕਰਿ ਕੈ
ਰਿਦੇ ਪ੍ਰੇਮ ਪਰਵਾਹ ਪ੍ਰਬੀਨ ॥੩॥
ਦੋਇ ਰੋਟਿਕਾ ਕਰੀ ਪਕਾਵਨ
ਘ੍ਰਿਤ ਅਰੁ ਸਿਤਾ ਊਪਰੇ ਪਾਇ।
ਨੀਕੀ ਬਿਧਿ ਸੋਂ ਕਰਿ ਤਿਆਰ ਤਿਹ
ਬਾਸਨ ਮਹਿਂ ਧਰਿ ਕਰਿ ਹਿਤ ਲਾਇ।
ਛਾਦਿ ਰੁਮਾਲ ਸਾਥ ਕਰ ਧਰਿ ਕੈ

ਨਿਕਸੀ ਘਰ ਤੇ ਵਹਿਰ ਸਿਧਾਇ।
-ਕਿਮ ਪਹੁੰਚੌਂ ਮੈਂ ਨਿਕਟਿ ਗੁਰੂ ਕੇ-
ਮਨ ਮਹਿਂ ਗਿਨਤੀ ਕੋ ਉਪਜਾਇ ॥੪॥
-ਕਿਮਿ ਮੇਰੇ ਕਰ ਤੇ ਲੈ ਅਚਵਹਿਂ
ਲੋਕ ਹਜ਼ਾਰਨ ਕੀ ਜਹਿਂ ਭੀਰ।
ਚਿਰੰਕਾਲ ਕੀ ਮੇਰੀ ਚਿਤਵਨ
ਸੇਵੌਂ ਸਤਿਗੁਰ ਕੇ ਹੁਇ ਤੀਰ।
ਅੰਤਰਜਾਮੀ ਪੁਰਹਿਂ ਕਾਮਨਾ
ਜਥਾ ਭੀਲਨੀ ਕੀ ਰਘੁਬੀਰ।
ਪ੍ਰੇਮ ਪਰਖਨਾ[1] ਹੈ ਗੁਰ ਹਰਿ ਕੇ, [1]ਪਛਾਣ।
ਤੰਦੁਲ ਲਏ ਸੁਦਾਮੇ ਚੀਰ[1]- ॥੫॥ [1]ਸੁਦਾਮੇ ਦੇ ਪੱਲਿਓਂ।
ਇਮ ਗਿਨਤੀ ਬਿਨਤੀ ਕੀ ਠਾਨਤਿ
ਸਤਿਗੁਰ ਨੇ ਜਾਨੀ ਸਭਿ ਬਾਤ।
ਭਏ ਅਰੂਢਿ ਅਖੇਰ ਕਰਜੋ ਮਿਸਿ,
ਤੂਰਨ ਤੇ ਤਿਸ ਮਾਰਗ ਜਾਤਿ।
ਚਢੇ ਸੰਗ ਅਸਵਾਰ ਸੈਂਕਰੇ
ਆਯੁਧ ਗਹੇ ਆਇਂ ਪਸ਼ਚਾਤ।
ਚੰਚਲ ਕਰਤਿ ਤੁਰੰਗ ਕੁਦਾਵਤਿ
ਅਤਿ ਸ਼ੋਭਾ ਧਾਰਤਿ ਅਵਿਦਾਤ ॥੬॥
ਤਜਾਗ ਸੁ ਪੰਥ ਖਰੀ ਹੁਇ ਇਕ ਥਲ,
ਮਨ ਤੇ ਚਰਨ ਬੰਦਨਾ ਕੀਨਿ।
-ਜਾਤਿ ਵਹਿਰ, ਕਿਮਿ ਅਚਵਹਿਂ ਮੁਝ ਤੇ
ਭਈ ਬਿਫਲ ਸੇਵਾ- ਉਰ ਚੀਨ।
ਹੁਇ ਬਲਿਹਾਰ ਸਰੂਪ ਬਿਲੋਕਤਿ
ਸੰਮਤ ਬੀਸਕ ਬੈਸ ਨਵੀਨ[1]। [1]ਬੀਸ ਕੁ ਬਰਸਾਂ ਦੀ ਚੜ੍ਹਦੀ ਉਮਰਾ।
ਬਿਰਧਾ ਸਿਖਨੀ ਸ਼ਰਧਾ ਅਧਿਕਤਿ
ਖਰੀ ਭਾਉ ਤੇ ਭੋਜਨ ਲੀਨਿ ॥੭॥
ਗਨ ਅਸਵਾਰ ਭਜਾਵਤਿ ਆਵਤਿ
ਮਗ ਕੀ ਧੂਰਿ ਉਠੀ ਤਿਸ ਬਾਰਿ।
ਕਹਿ ਸਤਿਗੁਰ ਨੇ ਸਗਲ ਟਿਕਾਏ
'ਰਹਹੁ ਅਟਕ ਨਹਿਂ ਆਉ ਅਗਾਰਿ।'
ਫੇਰਿ ਤੁਰੰਗ, ਨਿਕਟਿ ਤਿਸ ਗਮਨੇ

ਅੰਤਰਜਾਮੀ ਕਰਯੋ ਉਚਾਰ।
'ਹਮ ਕੋ ਛੁਧਾ ਭਈ ਦਿਹੁ ਮਾਈ !
ਤਯਾਰ ਅਹਾਰ ਜੁ ਤੈਂ ਕਰ ਧਾਰਿ ॥੮॥
ਪੁਨ ਅਖੇਰ ਕੋ ਬਾਹਰ ਗਮਨੈਂ
ਤਹਾਂ ਛੁਧਤਿ ਹੁਇ ਲਗਹਿ ਬਿਲੰਬ।'
ਸੁਨਿ ਕੈ ਹਰਖੀ ਸੁਧਾ ਸੁ ਬਰਖੀ,
ਪਰਖੀ ਪਰੀਤਿ, ਨਹੀਂ ਲੇ ਅੰਬ[1]।
[1]ਪਾਣੀ।
ਹਾਥ ਪਖਾਰਨਿ ਬਿਨ ਲਿਯ ਭੋਜਨ,
ਅਚਵਤਿ ਸਤਿਗੁਰ ਸਿੱਖਜ ਅਲੰਬ[1]।
[1]ਸਿੱਖਾਂ ਦੇ ਆਸਰਾ ਗੁਰੂ ਜੀ।
'ਬਡੋ ਸ੍ਵਾਦ ਇਸ ਮਹਿਂ' ਕਹਿ ਖਾਵਤਿ
ਕਰਹਿ ਬਿਲੋਕਨ ਸੈਨ ਕਦੰਬ[1] ॥੯॥
[1]ਸਾਰੀ।
ਬਿਰਧਾ, ਅਚਵਤਿ ਗੁਰ ਕੋ ਪਿਖਿ ਕਰਿ,
ਬਿਨਤੀ ਕਰਤਿ ਅਨੇਕ ਪ੍ਰਕਾਰ।
'ਮੈਂ ਅਨਾਥ ਦਾਸੀ ਪ੍ਰਭੁ ਤੇਰੀ
ਮਮ ਸ਼ਰਧਾ ਰਾਖੀ ਇਸ ਬਾਰ।
ਕਰਮਾ ਬਾਈ[1] ਕਰੀ ਖੀਚਰੀ
[1]ਇਕ ਭਗਤਣੀ ਦਾ ਨਾਮ ਹੈ ਜੋ ਰੋਜ਼ ਖਿਚੜੀ ਰਿੰਨ੍ਹ ਕੇ ਖੁਲਾਇਆ ਕਰਦੀ ਸੀ, ਜਿਸ ਦਾ ਪ੍ਰਸੰਗ ਭਗਤਮਾਲ ਵਿਚ ਹੈ।
ਜਿਮ ਅਚਵੀ ਤੁਮ ਰੂਪ ਮੁਰਾਰਿ।
ਕਰਤਿ ਰਹੀ ਮੈਂ ਜਤਨ ਦੋਇ ਦਿਨ
ਤੁਮ ਹਿਤ ਆਨਯੋ ਤਯਾਰ ਅਹਾਰ ॥੧੦॥
ਪੂਰਨ ਪ੍ਰੇਮ ਕਰਯੋ ਕਰਿ ਕਰੁਨਾ
ਦੀਨਿ ਬੰਧੁ ਯਾਂ ਤੇ ਤੁਮ ਨਾਇ।
ਨਹਿਂ ਅਭਿਮਾਨੀ ਕੇ ਤੁਮ ਗਮਨਹੁ,
ਗਏ ਬਿਦਰ ਘਰ ਭੋਜਨ ਖਾਇ।
ਨਿਜ ਦਾਸਨ ਕੀ ਪੁਰਹੁ ਭਾਵਨਾ
ਯਾਂ ਤੇ ਵਤਸਲ ਭਗਤ ਕਹਾਇ[1]।
[1]ਭਗਤ ਵਛਲ ਕਹਾਉਂਦੇ ਹੋ।
ਦੀਨ ਦਯਾਲ ਕੀ ਬਾਨ ਤੁਮਾਰੀ
ਹੈ ਨਿਸ਼ਚੈ ਮੇਰੋ ਇਸਿ ਭਾਇ' ॥੧੧॥
ਘ੍ਰਿੱਤ ਸਿਤਾ ਜੁਤਿ ਦੋਨਿ ਰੋਟਿਕਾ
ਮਹਾਂ ਛੁਧਤਿ ਜਿਮ ਕੀਨਸਿ ਖਾਨ।
ਤ੍ਰਿਪਤ ਹੋਇ ਇਮ, ਦੇ ਕਰਿ ਬਰ ਕੋ

ਸਤਿਗੁਰ ਆਗੈ ਕੀਨਿ ਪਯਾਨ।
ਸਿਖ ਸੇਵਕ ਸਭਿ ਸੂਰ ਸੰਗ ਕੇ
ਦੇਖਿ ਦੇਖਿ ਭੇ ਬਿਸਮ ਮਹਾਨ ॥੧੨॥
ਸ਼ੰਕਮਾਨ ਮਨ ਹ੍ਵੈ ਕਰਿ ਸਗਰੇ
ਮਿਲਿ ਕਰ ਜੋਰਿ ਕਰੀ ਅਰਦਾਸ।
'ਸ਼੍ਰੀ ਸਤਿਗੁਰ ਇਸ ਬਿਰਧਾ ਢਿਗ ਤੇ
ਲੇ ਅਹਾਰ ਕੀਨੇ ਮੁਖ ਗ੍ਰਾਸ।
ਜਲ ਸੋਂ ਹਾਥ ਨ ਕਰੇ ਪਖਾਰਨਿ
ਕਰੀ ਨ ਚੁਰੀ ਨੀਰ ਨਹਿਂ ਪਾਸ।
ਚਢੇ ਤੁਰੰਗ ਪਰ ਕੀਨਸਿ ਅਚਵਨ
ਇਹੁ ਕਜਾ ਕਾਰਨ ਕਰਹੁ ਪ੍ਰਕਾਸ਼ ॥੧੩॥
ਨਵਤਨ[1] ਜੁਗਤਿ ਆਪਨੇ ਕੀਨਸਿ
ਨਹਿਂ ਪੂਰਬ ਹੋਈ ਇਹ ਰੀਤਿ।
ਸੁਚਿ ਸੋਂ ਕਰਤਿ ਅਹਾਰ ਆਪ ਤੁਮ
ਅੰਤਰ ਚੌਂਕੇ ਪਰਮ ਪੁਨੀਤਿ।
ਸਭਿ ਕੋ ਮਨ ਸ਼ੰਕਤਿ, ਹੇ ਪ੍ਰਭੁ ਜੀ!
ਕਰਹਿਂ ਬਿਚਾਰਨਿ ਬਿਸਮਤਿ ਚੀਤਿ।'
ਸੁਨਿ ਸਭਿ ਤੇ ਸਤਿਗੁਰ ਮੁਸਕਾਨੇ
ਨਹੀਂ ਬਖਾਨੇ ਬਚਨ ਬਿਨੀਤਿ[1] ॥੧੪॥
ਕਛੂ ਨ ਉੱਤਰ ਕਿਸ ਕੋ ਦੀਨਸਿ
ਗਏ ਖੇਲਿਬੇ ਵਹਿਰ ਸ਼ਿਕਾਰ।
ਪਕਰਯੋ ਮਿਰਗ ਹਰਾਇ ਦੂਰ ਲਗਿ
ਦਾਸਨ ਦਯੋ ਰਜੁ ਗਰ ਡਾਰਿ।
ਪੁਨ ਹਟਿ ਕਰਿ ਨਿਜ ਗ੍ਰਿਹ ਕੋ ਆਏ
ਸੈਨ ਸਮੂਹ ਤੁਰੰਗ ਅਸਵਾਰ।
ਮੰਗਲ ਭਏ ਅਨੰਦ ਬਿਲੰਦੈ
ਬੈਠੇ ਸਤਿਗੁਰ ਸਭਾ ਮਝਾਰ ॥੧੫॥
ਭਈ ਜਾਮਨੀ ਨਿਜ ਨਿਜ ਡੇਰਨਿ
ਸਿਖ ਸੇਵਕ ਸਭਿ ਕੀਨਿ ਬਿਚਾਰ।
-ਸਮੇਂ ਸ਼ਿਕਾਰ ਚਢਨਿ ਕੇ ਸਤਿਗੁਰ
ਹੋਇ ਛੁਧਤਿ ਕੋ ਚਹਤਿ ਅਹਾਰ।

[1]ਨਵੀਂ।

[1]ਬੇਨਤੀ ਸੁਣਕੇ (ਕੋਈ) ਬਚਨ ਨਾਂ ਕਹੇ, ਭਾਵ ਚੁੱਪ ਰਹੇ।

ਸੁਚ ਸੰਜਮ ਬਿਨ ਅਚਵਨ ਕੀਨਸਿ
ਲੇ ਬਿਰਧਾ ਤੇ ਨਿਜ ਕਰ ਧਾਰਿ-।
ਇਮ ਚਿਤਵਨ ਕਰਿ ਅਗਲੇ ਦਿਨ ਮਹਿਂ
ਸਿੱਖਜਨਿ ਕਰਜੋ ਅਸਨ ਕੋ ਤਜਾਰ
॥੧੬॥
ਚਢੇ ਅਖੇਰ ਪੰਥ ਮੈਂ ਗਮਨੇ
ਤਬਿ ਸੇਵਕ ਹ੍ਵੈ ਕਰਿ ਅਗਵਾਇ।
ਕਰਿ ਧਰਿ ਅਸਨ ਬਿਨੈ ਬਹੁ ਠਾਨੀ,
'ਪ੍ਰਭੁ ਜੀ! ਲੀਜੈ ਭੋਜਨ ਖਾਇ।
ਹੋਹਿ ਆਪ ਕੋ ਛੁਧਾ ਸਮੈਂ ਇਸ
ਯਾਂ ਤੇ ਹਮ ਆਨਜੋ ਕਰਿ ਭਾਇ[1]। [1]ਪ੍ਰੇਮ ਨਾਲ।
ਮਧੁਰ ਸਲਵਨ ਅਨੇਕ ਪ੍ਰਕਾਰਨਿ
ਰੁਚਿ ਸੋਂ ਅਚਹੁ ਹੋਹੁ ਤ੍ਰਿਪਤਾਇ' ॥੧੭॥
ਸੁਨਿ ਸਤਿਗੁਰ ਹਰਿਰਾਇ ਬਖਾਨਜੋ
'ਬੇ ਮਿਰਜਾਦ ਬਨਾਇ ਅਹਾਰ।
ਚਢੇ ਜਾਤਿ ਅਬਿ ਘੋਰੇ ਊਪਰ
ਕੌਨ ਸਮੋ ਤੁਮ ਕਰਜੋ ਬਿਚਾਰ।
ਸੁਚ ਤੇ ਹੋਇ ਪੁਨੀਤ ਅਸਨ ਜਬਿ
ਉਚਿਤ ਅਚਨ ਕੋ ਤਭਿ ਨਿਰਧਾਰ।
ਅਬਿ ਕੈਸੇ ਇਹ ਖਾਇ ਤ੍ਰਿਪਤਿ ਹ੍ਵੈਂ
ਮਾਰਗ ਮੈਂ ਗਮਨਤਿ ਇਸ ਬਾਰ' ॥੧੮॥
ਹਾਥ ਜੋਰਿ ਸਿਖ ਸੰਗਤਿ ਸਗਰੇ
ਸ਼ੰਕਤਿ ਪ੍ਰਥਮ ਕੀਨਿ ਅਰਦਾਸ।
'ਬਿਰਧਾ ਤੇ ਤੁਮ ਲੀਨਸਿ ਭੋਜਨ
ਤਬਿ ਤੌ ਨਹੀਂ ਹੁਤੋ ਜਲ ਪਾਸ।
ਚਢੇ ਤੁਰੰਗ ਮਹਾਂ ਰੁਚਿ ਤੇ ਅਚਿ,
ਕਰੀ ਨ ਚੁਰੀ, ਹੇਰਿ ਹਮ ਤਾਸ।
ਜਾਨੀ ਛੁਧਾ ਹੋਇ ਹੈ ਇਸ ਛਿਨ,
ਕਰਜੋ ਤਜਾਰ ਉਰ ਧਾਰਿ ਹੁਲਾਸ ॥੧੯॥
ਸੋ ਕਿਮ ਅਚਜੋ, ਰੁਚਜੋ ਚਿਤ ਉਚਿਤੈ,
ਇਹ ਕਜੋਂ ਨਹਿਂ ਅਚਵਹੁ ਹਿਤ ਧਾਰਿ?
ਇਹ ਸ਼ੰਕਾ ਹੈ ਸਭਿ ਕੇ ਮਨ ਮਹਿਂ,

ਉੱਤਰ ਦੀਜਹਿ ਕਰਹੁ ਉਚਾਰਿ।
ਹਮਰੇ ਚਿਤ ਸ਼ਾਂਤੀ ਹੁਇ ਤਬਿ ਹੀ,
ਨਾਂਹਿ ਤ ਕੁਛ ਕੁਛ ਕਰਹਿਂ ਬਿਚਾਰ।
ਜਾਨਹੁ ਦਾਸ, ਪ੍ਰਕਾਸ਼ਹੁ ਆਸ਼ਯ,
ਸਭਿ ਕੇ ਹਿਰਦੇ ਹੁਇ ਨਿਰਧਾਰ'
॥੨੦॥
ਸ਼੍ਰੀ ਹਰਿਰਾਇ ਭਨੵੋ 'ਸੁਨਿ ਸਿੱਖਹੁ !
ਬਿਰਧਾ ਕਰੵੋ ਪੁਨੀਤ ਅਹਾਰ।
ਮਨ ਸੁਧ ਭਗਤਿ ਭਾਇ ਸੰਜੁਗਤੈ
ਨਿੰਮ੍ਰਿਭੂਤ[1] ਉਰ ਪ੍ਰੀਤੀ ਧਾਰਿ। [1]ਨੀਵਿਆਂ ਹੋਕੇ।
ਕਰਿ ਮਿਹਨਤਿ ਨਿਜ ਕਰ ਤੇ ਹਿਤ ਕਰਿ
ਸਗਰੇ ਦਿਵਸ ਵਿਖੈ ਸ਼ੁਭ ਕਾਰ।
ਤਿਸ ਤੇ ਅੰਨ ਮੋਲ ਕਰਿ ਆਨਯੋ
ਅਤਿ ਪਵਿੱਤ੍ਰ ਹੁਇ ਸਭਿ ਕਰਿ ਕਾਰਿ
॥੨੧॥
ਨਹਿਂ ਖੈਬੇ ਕਹੁ ਲਾਲਚ ਹਮਰੇ
ਹੇਰੌਂ ਪ੍ਰੇਮ ਜਹਾਂ ਅਧਿਕਾਇ।
ਪ੍ਰੇਮ ਭਗਤਿ ਤੇ ਸ੍ਵਾਦ ਹੋਹਿ ਮੁਝ
ਅਚੌਂ ਪਹੁੰਚਿ ਕੈ ਹੁਇ ਜਿਸ ਥਾਇਂ।
ਲਾਜ ਨ ਆਇ ਅਕਰਨ[1] ਕਰੌਂ ਤਹਿਂ, [1]ਨਾਂ ਕਰਨੇ ਯੋਗ।
ਧਰੌਂ ਪ੍ਰੀਤਿ ਕੇ ਬਸਿ ਸਤਿ ਭਾਇ[1]। [1]ਸੱਚਾ ਪਿਆਰ।
ਇਹੀ ਸਨਾਤਨ[1] ਧਰਮ ਸੁਭਾਇਕ [1]ਆਦੀ। ਮੁੱਢਾਂ ਦਾ।
ਸਗਲ ਜੁਗਨਿ ਮਹਿਂ ਕਰਤੋ ਆਇ
॥੨੨॥
ਤ੍ਰੇਤੇ ਜੁਗ ਮਹਿਂ ਤਿਸ ਕੇ[1] ਆਸ਼੍ਰਮ [1]ਭਾਵ ਭੀਲਨੀ ਦੇ।
ਪਹੁੰਚਯੋ ਬਦਰੀ ਫਲ[1] ਕੋ ਖਾਨ। [1]ਬੇਰੀ ਦੇ ਫਲ = ਬੇਰ।
ਜਾਤਿ ਭੀਲਨੀ ਪੁਨ ਤ੍ਰਿਯ ਕੋ ਤਨੁ
ਮਹਾਂ ਸ੍ਵਾਦਿ ਤੇ ਮੈਂ ਸੁਖ ਠਾਨਿ।
ਪ੍ਰੇਮੀ ਕੈ ਮਿਰਜਾਦ ਨਹੀਂ ਕੋ,
ਕਰਨ ਅਕਰਨੋ ਨਹਿਂ ਪਹਿਚਾਨਿ।
ਬੇਦ ਰੀਤਿ[1] ਅਰ ਲੋਕਿਕ ਤਜਿ ਕੈ [1]ਭਾਵ ਸ਼ਾਸਤ੍ਰਾਂ ਵਿਚ ਲਿਖੀ ਹੋਈ।
ਬਰਤਹੁਂ ਮੈਂ ਅਰੁ ਪ੍ਰੇਮੀ ਜਾਨਿ ॥੨੩॥

ਪ੍ਰੀਤਿ ਪ੍ਰਤੀਤ[1] ਮੋਹਿ ਕੋ ਪਜਾਰੀ,
ਕ੍ਰਿਆ ਪ੍ਰੇਮ ਕੀ ਨਜਾਰੀ ਸਾਰ।
ਪ੍ਰੇਮ ਸ੍ਵਾਦ ਤੇ ਪ੍ਰੀਤਮ ਤ੍ਰਿਪਤੈ
ਅਪਰ ਸ੍ਵਾਦ ਸਭਿ ਦੇਤਿ ਨਿਵਾਰ।
ਧੰਨਾ ਜਾਟ ਛਾਛ ਤਿਨ ਪਜਾਈ,
ਨਾਮਦੇਵ ਕੋ ਦੂਧ ਸੁ ਧਾਰਿ[1]।
ਦੁਰਜੋਧਨ ਆਦਿਕ ਹੰਕਾਰੀ,
ਤਜਾਗ ਸਭਿਨਿ, ਗੇ ਬਿਦਰ ਅਗਾਰ' ॥੨੪॥

[1]ਪ੍ਰੇਮ ਤੇ ਸਿਦਕ।

[1]ਧਾਰਨ ਕੀਤਾ, ਪੀਤਾ।

ਪ੍ਰੇਮ ਕਹਾਨੀ ਗੁਰੂ ਬਖਾਨੀ,
ਸਿੱਖਨਿ[†] ਮਾਨੀ ਮਹਿਮਾ ਤਾਂਹਿ।
ਸੁਨਿ ਸਗਰੇ ਪਗ ਪੰਕਜ ਬੰਦਹਿਂ
'ਤੁਮਰੇ ਚਲਿਤ ਲਖੇ ਨਹਿਂ ਜਾਹਿਂ।
ਖੇਲ ਆਪ ਕੇ ਅਚਰਜ ਦੀਰਘ,
ਦੇਖਤਿ ਸੁਨਤਿ ਸਕਲ ਬਿਸਮਾਹਿਂ।'
'ਸ਼੍ਰੀ ਨਾਨਕ ਤਜਿ ਉੱਤਮ ਜਾਤਿਨਿ
ਜਾਇ ਬਸੇ ਲਾਲੋ ਘਰ ਮਾਂਹਿ' ॥੨੫॥

[†]ਪਾ:-ਬਿਪ੍ਰਨ। ਪੁਨਾ:-ਨ੍ਰਿਖਨ = ਦੇਖਣ ਵਾਲਿਆਂ ਨੇ।

ਸੁਨਿ ਸਤਿਗੁਰ ਤੇ ਸੰਗਤਿ ਸਗਰੀ
ਪਗੇ ਪ੍ਰੇਮ ਰਸ ਗੁਰ ਕੇ ਸੋਇ।
ਪ੍ਰੇਮ ਭਗਤ ਕਰ ਜੋਰਤਿ ਜਾਚਤਿ
'ਕ੍ਰਿਪਾ ਕਰਹੁ ਸ਼ੁਭ ਮਗ ਦਿਹੁ ਜੋਇ।
ਹਲਤਿ ਪਲਤਿ ਅਵਿਲੰਬ ਆਪ ਕੇ
ਰੱਛਹੁ ਸਦਾ ਸਹਾਇਕ ਹੋਇ।
ਲਾਜ ਬਿਰਦ ਕੀ ਸਦਾ ਸੰਭਾਰਹੁ
ਸਿੱਖਜ ਨਾਮ ਭਾਖਹਿਂ ਸਭਿ ਕੋਇ' ॥੨੬॥

ਸੁਨਿ ਗੁਰ ਕ੍ਰਿਪਾ ਕਰੀ ਮਗ ਗਮਨੇ
ਗਏ ਅਖੇਰ ਮਹਾਂ ਬਨ ਮਾਂਹਿ।
ਨਿਕਸਜੋ ਮ੍ਰਿਗ ਸੁ ਕ੍ਰਿਸ਼ਨ ਪੀਠ ਜਿਸ[1]
ਸ੍ਰਿੰਗ ਬਿਸਾਲ ਬਧੇ ਸਿਰ ਜਾਂਹਿ।
ਅਪਰਨ ਕੋ ਤਜਿ ਤਿਸ ਕੇ ਪੀਛੇ
ਕਰਜੋ ਪਲਾਵਨ ਜਵ ਤੇ ਵਾਹਿ[1]।

[1]ਭਾਵ ਹੀਰਾ ਮ੍ਰਿਗ।

[1]ਤੇਜ ਚਾਲ ਨਾਲ ਘੋੜਾ।

ਕੂਦਤਿ, ਕਰਤਿ ਚੌਂਕਰੀ[1] ਚੱਕ੍ਰਿਤ,
ਸ਼੍ਰੀ ਹਰਿਰਾਇ ਰਹੇ ਹਰਖਾਹਿ ॥੨੭॥
ਤੁਰੰਗ ਧਵਾਇ ਗਏ ਪਸ਼ਚਾਤੀ
ਅਧਿਕ ਦੂਰ ਲਗਿ ਲੀਨਿ ਹਰਾਇ।
ਹੋਇ ਬਰੋਬਰ ਗਹਿ ਬਿਖਾਨਕ[1]
ਰਾਖ੍ਯੋ ਤਿਸ ਹੀ ਥਲ ਅਟਕਾਇ।
ਆਇ ਸੇਵਕਨਿ ਰੱਜੁ ਪਾਈ
ਗ੍ਰਿਹ ਕੋ ਹਟੇ ਗੁਰੂ ਹਰਿਰਾਇ।
ਅਪਰ ਸਮੇਂ ਗਹਿ ਕੇਤਿਕ ਆਨੇ
ਬਨ ਪਸੁ ਗਨ ਮਹਿਂ ਦਿਯੇ ਮਿਲਾਇ
॥੨੮॥

[1]ਚੌਕੜੀ ਭਰਦਾ ਹੈ।

[1]ਸਿੰਗਾਂ ਨੂੰ ਫੜਕੇ।

ਦੋਹਰਾ:
ਖਾਨ ਪਾਨ ਸਭਿਹੂੰਨਿ ਕੀ, ਨਿਤ ਸੁਧ
ਸਤਿਗੁਰ ਲੇਤਿ।
ਕਿਤਿਕ ਕਾਲ ਦੇਖਹਿਂ ਤਿਨਹਿਂ, ਬਿਗਸਹਿਂ
ਕ੍ਰਿਪਾ ਨਿਕੇਤ ॥੨੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਪ੍ਰੇਮ ਕੋ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

## ੪. [ਅਜਗਰ ਮੁਕਤ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:
ਇਕ ਦਿਨ ਬੈਠੇ ਸਭਾ ਮਹਿਂ,
ਸ਼੍ਰੀ ਸਤਿਗੁਰ ਹਰਿਰਾਇ।
ਸੰਗਤਿ ਦਰਸ਼ਨ ਕੋ ਕਰਹਿ,
ਮਨ ਬਾਂਛਤਿ ਫਲ ਪਾਇ ॥੧॥
ਸ੍ਵੈਯਾ ਛੰਦ:
ਦੇਸ਼ ਬਿਦੇਸ਼ ਬਿਸ਼ੇਸ਼ ਸੰਗਤਾਂ
ਦਰਸ ਅਸ਼ੇਸ਼ ਕਰਤਿ ਹੈਂ ਆਇ।
ਜਹਿਂ ਕਹਿਂ ਸੁਜਸੁ ਬਿਸਦ ਜਗ ਪੂਰਨ
ਮਨਹੁਂ ਚਾਂਦਨੀ ਬਡਿ ਦਿਪਤਾਇ।
ਕਰਾਮਾਤ ਸਾਹਿਬ ਉਪਕਾਰੀ
ਜਥਾ ਬਚਨ ਕਹਿਂ ਤਿਮ ਹੁਇ ਜਾਇ।
ਰਿਸਿ ਪ੍ਰਸੰਨਤਾ ਸਫਲ ਤੁਰਤ ਜਿਨ
ਦੇਂ ਬਰ ਸ੍ਰਾਪ ਨਹੀਂ ਨਿਫਲਾਇ ॥੨॥
ਚੌਰ ਢੁਰਤਿ ਦੁਹੁਂਦਿਸ਼ਿ ਛਬਿ ਪਾਵਤਿ
ਚੋਆ ਅਤਰ ਗੰਧ ਮਹਿਕਾਰ।
ਇਕ ਸੌ ਇਕ[1] ਪਟ ਜਾਮਾ ਗਰ ਮਹਿਂ — [1]੧੦੧ ਕਲੀਆਂ ਦਾ।
ਅੰਗ ਬਿਭੂਖਨ ਭੂਖਤਿ ਚਾਰੁ।
ਕਰਹਿਂ ਸਿੱਖ ਅਰਦਾਸ ਅਗੇਰੇ
ਕ੍ਰਿਪਾ ਭਰੇ ਦ੍ਰਿਗ ਲੇਤਿ ਨਿਹਾਰ।
ਆਯੁਧ ਗਹੇ ਸਥਿਤ ਗਨ ਯੋਧਾ
ਚਹੁਂ ਕੋਦਿ ਗੁਰ ਕੇ ਪਰਵਾਰ ॥੩॥
ਇਕ ਸਿਖ ਹਾਥ ਜੋਰਿ ਕਰਿ ਬੋਲ੍ਯੋ
'ਸ਼੍ਰੀ ਸਤਿਗੁਰ ਤੁਮ ਨਾਥਿ ਅਨਾਥ।
ਕਿਵ ਸੇਵਾ ਰਾਵਰ ਕੀ ਕਰਿ ਹੈ
ਜੇ ਨਿਰਧਨ ਸਿਖ ਪਾਇ ਨ ਆਥਿ[1]? — [1]ਮਾਇਆ।
ਹੋਇ ਦਾਰਿਦੀ ਕਰੇ ਜਤਨ ਭੀ
ਤਊ ਨ ਪ੍ਰਾਪਤਿ ਕਿਤ ਧਨ ਹਾਥਿ।
ਸੋ ਕਜਾ ਕਰੈ ਪ੍ਰਸੰਨ ਕਰਨਿ ਕੋ
ਜਿਸ ਤੇ ਹੋਵੈ ਜਨਮ ਸਕਾਥ?' ॥੪॥
ਸ਼੍ਰੀ ਹਰਿਰਾਇ ਸਭਾ ਮਹਿਂ ਬੋਲੇ

'ਮੋ ਸੋ ਪ੍ਰੇਮ ਕਰਤਿ ਸਿਖ ਦਾਸ।
ਸੋ ਮੁਝ ਕੋ ਪ੍ਰਿਯ ਨਿਸ ਦਿਨ ਸਿਮਰੈ
ਜਿਨ ਕੇ ਉਰ ਮੈਂ ਸ਼ਬਦ ਪ੍ਰਕਾਸ਼।
ਅੰਨ ਦਰਬ ਧਰਿ ਸ਼ਰਧਾ ਅਰਪਹਿ
ਤਿਨ ਕੇ ਦਾਰਿਦ ਹੋਤਿ ਬਿਨਾਸ਼।
ਇਸ ਪਰ ਇਕ ਇਤਿਹਾਸ ਸੁਨੀਜਹਿ
ਭਯੋ ਜਥਾ ਉਰ ਧਾਰਹੁ ਤਾਸ ॥੫॥
-ਇਕ ਪੁਰਿ ਮਹਿਂ ਸਿਖ ਬਸਹਿ ਸੁ
ਨਿਰਧਨ
ਅੰਨ ਦਰਬ ਘਰ ਮਹਿਂ ਕੁਛ ਨਾਂਹਿ।
ਨੀਠ ਨੀਠ ਕਰਿ ਉਦਰ ਪੂਰਨਾ,
ਦਾਰਿਦ ਕੋ ਦੁਖ ਸਦਾ ਸਹਾਹਿ।
ਚਿਰਾ ਚਿਰੀ ਜੋਗ ਤਿਸ ਗ੍ਰਿਹ ਰਹਿ
ਪ੍ਰਥਮ ਜਨਮ ਸਿਖ ਸਿਖਨੀ ਆਹਿ।
ਸਹਿਤ ਗਜ੍ਯਾਨ ਕੇ ਗੁਰੂ ਮਹਾਤਮ[1]
ਕਿਸੂ ਕਰਮ ਤੇ ਖਗ ਤਨ ਵਾਹਿ[1] ॥੬॥
ਨਿਰਧਨ ਅਪਦਾ ਤਿਸ ਕੇ ਦੇਖਤਿ
ਅਤਿ ਚਿੰਤਾ ਚਿਤ ਮਹਿਂ ਬਿਲਖਾਇਂ[1]।
ਰਿਦੇ ਬਿਚਾਰਤਿ ਬਿਪਤਾ ਹਰਿਬੇ
ਚਿਰਾ ਚਿਰੀ ਤਬਿ ਕੀਨਿ ਸਹਾਇ।
ਤਿਸ ਗ੍ਰਿਹ ਤੇ ਲੈ ਅੰਨ ਚੁੰਚ ਭਰ
ਗੁਰ ਅਹਾਰ ਮੈਂ ਆਨਿ ਮਿਲਾਇਂ।
ਕਿਤਿਕ ਦਿਵਸ ਮਹਿਂ ਭਈ ਸੰਪਦਾ
ਧਨ ਅਰੁ ਅੰਨ ਭਯੋ ਸਮੁਦਾਇ ॥੭॥
ਕਰਿ ਮਿਹਨਤ ਕੋ ਆਨਿ ਮਜੂਰੀ
ਤਿਸ ਤੇ ਅੰਨ ਲਜਾਇ ਗ੍ਰਿਹ ਮਾਂਹਿ।
ਸੁਸ਼ਕ ਕਰਨ ਕੋ ਪਾਇ ਅਜਰ[1] ਮਹਿਂ,
ਕੂਟਹਿ ਪੀਸਹਿ, ਪੁਨ ਸੋ ਖਾਹਿ।
ਤਹਿਂ ਤੇ ਚੁੰਚ ਬਿਖੈ ਕੁਛ ਲੇ ਕਰਿ
ਮਮ ਸੰਗਤਿ ਕੇ ਲੰਗਰ ਪਾਹਿ।
ਸਿੱਖਜਨਿ ਜੁਤਿ ਮੈਂ ਭੋਜਨ ਕਰਿਹੌਂ
ਯਾਂ ਤੇ ਭਯੋ ਪੁੰਨ ਅਧਿਕਾਹਿ ॥੮॥

[1]ਗੁਰੂ ਜੀ ਦੇ ਪ੍ਰਤਾਪ ਨਾਲ ਗਿਆਨ ਸਮੇਤ ਸੇ।
[1]ਕਿਸੇ ਕਰਮ ਕਰਕੇ ਉਨ੍ਹਾਂ ਪੰਛੀ ਤਨ (ਪਾਇਆ) ਸੀ।
[1]ਦੁਖੀ ਹੁੰਦੇ ਸਨ।
[1]ਵੇਹੜੇ।

ਇਹ ਉਪਕਾਰ ਭਯੋ ਦਿਨ ਕੇਤਿਕ
ਭੀ ਸੰਪਦਾ ਤਿਸ ਗ੍ਰਿਹ ਆਇ।
ਬਹੁ ਧਨ ਅੰਨ ਭਏ ਤੇ ਤਿਸ ਨੇ
ਛਪਰੀ ਤੋਰਿ ਆਪਨੀ ਥਾਇਂ।
ਸੁੰਦਰ ਘਰ ਚਿਨਾਇ ਕਰਿ ਕੀਨਸਿ
ਬਸਹਿ ਤਹਾਂ ਆਨੰਦ ਉਪਜਾਇ।
ਚਿਰੀ ਚਿਰਾ ਤਬਿ ਅਪਰ ਥਾਨ ਮਹਿਂ
ਕੀਨਿ ਆਲ੍ਹਨਾ ਬ੍ਰਿੱਛ ਬਸਾਇ ॥ ੯ ॥
ਤਬਿ ਹੀ ਤੇ ਸੰਪਦ ਤਿਸ ਗ੍ਰਿਹ ਕੀ
ਸਨੈ ਸਨੈ ਹੋਈ ਬਿਨਸਾਇ।
ਲੰਗਰ ਅੰਸ਼ ਪਰਨ ਤੇ ਹਟਿ ਗੀ
ਤਿਸ ਕੋ ਫਲ ਕੈਸੇ ਪੁਨ ਪਾਇਂ।
ਭਯੋ ਅਧੀਨ ਦਾਰਿਦੀ ਹ੍ਵੈ ਕਰਿ
ਆਇ ਪਰਯੋ ਹਮਰੀ ਸ਼ਰਨਾਇ।
-ਹੇ ਪ੍ਰਭੁ ! ਤੁਮ ਬਿਨ ਕੋਇ ਨ ਰੱਖਜਕ
ਕਰਹੁ ਕ੍ਰਿਪਾ ਅਬਿ ਬਨਹੁ ਸਹਾਇ
॥ ੧੦ ॥
ਸਿੱਖ ਤੁਮਾਰੇ ਨਾਮ ਜਗਤ ਕਹਿਂ
ਸੁਭਟ ਗਿਰਹਿਂ ਘਾਇਲ ਤਰਫੰਤੇ।

ਸ਼੍ਰੋਣਿਤ ਬਮਤੇ ਕਿਤਿਕ ਮਰੰਤੇ।
ਗੋਰੇ ਲਗਹਿਂ ਉਡਹਿਂ ਨਰ ਬਾਜੀ।
ਦੁਹਿਦਿਸ਼ ਭਿਰਹਿ ਸੈਨ, ਨਹਿਂ ਭਾਜੀ ॥੨੯॥
ਗੁਲਕਾ ਲਾਗੇ ਫੂਟਹਿਂ ਅੰਗਾ।
ਟੂਟਹਿਂ ਅਸਤੀ, ਸ਼੍ਰੋਣਤ ਰੰਗਾ।
ਤੋਪ ਤੁਪਕ ਆਦਿਕ ਗਰਜੰਤਿ।
ਮਾਰ ਮਾਰ ਜਨੁ ਸੁਭਟ ਭਜੰਤਿ ॥੩੦॥
ਕਰਤਿ ਹਿਰਖਾ ਬਾਜੀ ਘਨੇ।
ਗਜ ਚਿੰਘਾਰਤਿ ਤ੍ਰਾਸਨ ਸਨੇ।
ਆਮਿਖ ਸ਼੍ਰੋਣਿਤ ਕਰਦਮ ਹੋਵਾ।
ਪਰੇ ਮ੍ਰਿਤਕ ਭੀਖਨ ਥਲ ਜੋਵਾ ॥੩੧॥
ਜਾਇ ਪਰਹਿਂ ਗਨ ਕਰਿ ਕਰਿ ਹੇਲਾ।
ਜ੍ਵਾਲਾਬਮਣੀ[1] ਤਜਿ ਤਿਸ ਬੇਲਾ। [1]ਬੰਦੂਕਾਂ।
ਮੁੰਡ ਤੁੰਡ ਫੋਰਤਿ ਇਮ ਗੋਰੀ[1]। [1]ਗੋਲੀਆਂ।
ਮਨਹੁਂ ਗੁਲੇਲਨਿ ਹੰਡੀਅਨਿ ਫੋਰੀ[1] ॥੩੨॥ [1]ਮਾਨੋ ਗੁਲੇਲਾਂ ਨੇ ਹਾਂਡੀਆਂ ਫੋੜੀਆਂ ਹਨ।
ਦੁਹੁੰਦਿਸ਼ਿ ਤੋਪਨਿ ਚਲਹਿਂ ਹਜ਼ਾਰੋਂ।
ਅਵਿਨੀ ਕੰਪਤਿ ਜਨੁ ਡਰ ਭਾਰੋ।
ਪਰਜੋ ਸ਼ਬਦ ਕੋ ਰੌਰ ਮਹਾਨਾ।
ਕਹੀ ਬਾਤ ਜਨੁ ਸੁਨਿਯ ਨ ਕਾਨਾ ॥੩੩॥
ਅੰਧ ਧੁੰਧ ਬਾਰੂਦ ਉਠਾਯੋ।
ਧੂਮ ਧੂਮ ਜੁਤਿ[1] ਚਹੁੰਦਿਸ਼ਿ ਛਾਯੋ ॥ [1]ਧੂੰਆਂ ਰੌਲੇ ਸਮੇਤ।
ਮਨਹੁ ਮੇਘ ਸਗਰੋ ਇਕ ਥਾਇਂ।
ਛਿਤ ਪਰ ਫਿਰਿ ਛਾਏ ਇਕ ਭਾਇ[1] ॥੩੪॥ [1]ਇਕ ਸਾਰ।

ਭੁਯੰਗ ਪ੍ਰਯਾਤ ਛੰਦ:

ਬਡੇ ਬੀਰ ਬਾਂਕੇ ਕਰੈਂ ਜੁੱਧ ਸੁੱਧੰ।
ਬਧਜੋ ਬੰਧੁਬੈਰੰ[1] ਬਲੀ ਬੋਲਿ ਕ੍ਰੁੱਧੰ। [1]ਭਰਾਵਾਂ ਦਾ ਵੈਰ।
ਧਹਾਧਾਹਿ ਤੋਪੈਂ ਛੁਟੈਂ ਬ੍ਰਿੰਦ ਗੋਰੇ।
ਪਲੀਤੇ ਧੁਖੈਂ ਤ੍ਰਾਸ ਤੇ ਦੌਰ ਘੋਰੇ ॥੩੫॥

ਭਜੇ ਜਾਹਿਂ ਐਸੇ ਨ ਥਾਂਭੇ ਥੰਭੇ ਹੈਂ।
ਮਹਾਂ ਨਾਦ ਤੇ ਛੋਭ ਕੁੰਡੀ ਛੁਭੇ ਹੈਂ[1]।

[1]ਡਾਢੇ ਸ਼ੋਰ ਨਾਲ ਘਾਬਰੇ ਹੋਏ (ਉਤੋਂ) ਕੁੰਡੀ (ਲਗਾਮ ਦੀ ਖਿਚ) ਨਾਲ ਹੋਰ ਦੁਖੀ ਹੁੰਦੇ ਹਨ। (ਦੌੜਦੇ ਘੋੜੇ ਦੀ ਲਗਾਮ ਜ਼ੋਰ ਨਾਲ ਕਸੀਂਦੀ ਹੈ)। (ਅ) (ਜਿਵੇਂ) ਕੁੰਡੀ (ਨਾਲ) (ਮੱਛੀ) ਦੁਖਦੀ ਹੈ, ਦੁਖੀ ਹੋ ਰਹੇ ਹਨ।

ਕਿਤੇ ਧੀਰ ਛੋਰੀ ਭਏ ਭੀਰੁ ਭਾਰੀ।
ਭਜੇ ਜਾਤਿ ਮਾਰੇ, ਨ ਹੋਸ਼ੰ ਸੰਭਾਰੀ ॥੩੬॥
ਮਰੇ ਸੂਰ ਕੇਈ ਮਹਾਂ ਰੌਰ ਮਾਚਾ।
ਬਹਯੋ ਸ਼੍ਰੋਣ ਐਸੇ ਰਜੰ ਰੰਗ ਰਾਚਾ[1]।

[1]ਧੂੜੀ ਵਿਚ ਰੰਗ ਰਚ ਗਿਆ।

ਪਰੇ ਬੀਰ ਚੀਰੰ ਭਯੋ ਲਾਲ ਰੰਗੰ।
ਉਡੇ ਸੰਗ ਗੋਰਾਨਿ ਜੋਧਾਨਿ ਅੰਗੰ ॥੩੭॥
ਕਿਤੇ ਘਾਇ ਘਾਏ ਘਨੇ ਘਰ ਘੂਮੀ।
ਝਟਾਪੱਟ ਜੁਝੈ[1] ਜੁਝਾਰੇ ਤੇ ਝੂਮੀ[2]।

[1]ਮਰੇ। [2]ਝੂਮਕੇ।

ਉਲੱਥੇ ਪਲੱਥੇ ਫੁਲੱਥੇ ਖਿਲਾਰੀ[1]।

[1](ਜਿਵੇਂ) ਗੱਤਕੇ ਦੇ ਖਿਲਾੜੀ ਉਥੱਲਦੇ ਪਥੱਲਦੇ (ਕਲਾਬਾਜ਼ੀਆਂ ਲਾਉਂਦੇ) ਹਨ।

ਹਥਾਵੱਥ ਹੋਏ ਮਥੇ ਸ਼ੀਘ੍ਰ ਚਾਰੀ[1] ॥੩੮॥

[1]ਮੱਥਸਿੱਟੇ ਛੇਤੀ ਚੱਲਕੇ।

ਜਮੂਰੇਨਿ ਗੋਰੇ ਨਿਸੂਰੇ ਖਪਾਏ।
ਪ੍ਰਲੈ ਕਾਲ ਜੈਸੇ ਗਿਰੇ ਭੂਮ ਛਾਏ।
ਮਨੋ ਲਾਗ ਦਾਵਾ ਬਨੰ ਬੰਸ ਕੇਰਾ[1]।

[1]ਬਾਂਸਾਂ ਦੇ ਬਨ ਨੂੰ।

ਪਤੰਗਾਨਿ ਜੋਧਾ ਅਪੇ ਆਪਿ ਗੇਰਾ[1] ॥੩੯॥

[1]ਸੂਰਮਿਆਂ (ਰੂਪ) ਪਤੰਗਿਆਂ ਨੇ ਆਪਣੇ ਆਪ ਨੂੰ ਵਿਚ ਡੇਗਿਆ।

ਛੁਟੇ ਜਾਤਿ ਹਾਥੀ ਗਏ ਟੂਟ ਹੌਦਾ।
ਮਨੋ ਹ੍ਵੈ† ਵਪਾਰੀ ਚਲੇ ਬੇਚਿ ਸੌਦਾ।

†ਪਾ:-ਹ੍ਵੈ।

ਮਹਾਂ ਨਾਦ ਹੋਯੋ ਦਿਸਾ ਪੂਰ ਸਾਰੀ।
ਭਯੋ ਅੰਧਕਾਰੰ ਉਡੈ ਧੂਰ ਭਾਰੀ ॥੪੦॥
ਕਈ ਲਾਖ ਜੋਧਾ ਜੁਟੇ ਅੰਗ ਮਾਂਹੀ[1]।

[1]ਅੰਗ ਵਿਚ ਭਾਵ ਜੱਫੋ ਜੱਫੀ।

ਹਜ਼ਾਰੋਂ ਮਰੇ ਘਾਇ ਘੂਮੇ ਤਹਾਂ ਹੀ।
ਪਰੀ ਮਾਰ ਐਸੀ ਭਯੋ ਮੇਲ ਸ਼ੱਤ੍ਰੰ।
ਸੁਭੇ ਸ਼ਸਤ੍ਰ ਅਸਤ੍ਰੰ ਮਹਾਂ ਰੰਗ ਚਿੱਤ੍ਰੰ ॥੪੧॥
ਬੰਧੇ ਟੋਲ ਬੋਲੈਂ ਉਪਾਯੰ ਕਰੰਤੇ।

ਤਜੈਂ ਏਕ ਬਾਰੀ ਤੁਫੰਗੰ ਹਨੰਤੇ।
ਕ੍ਰਿਪਾਨੈਂ ਲਈ ਐਂਚਿ ਮਜਾਨੈਂ ਤਰੰਗੀ[1]। [1]ਛੇਤੀ।
ਮਨੋ ਚਮਕਤੀ ਚਾਰੁ ਸ਼ਜਾਮੰ ਭੁਜੰਗੀ[1] [1]ਕਾਲੇ ਸੱਪਾਂ।
॥ ੪੨ ॥
ਮਿਲੇ ਆਪ ਮਾਂਹੀ ਸੁ ਢਾਲੰ ਢਮੰਕੇ।
ਤਕਾ ਤੱਕ ਤਾੜੈਂ ਸੁ ਤੇਗੰ ਤਮੰਕੇ[1]। [1]ਤਮਕ =) ਜੋਸ਼ ਨਾਲ ਮਾਰਦੇ ਹਨ।
ਕਟੈਂ ਗ੍ਰੀਵ, ਬਾਹੂ, ਮਿਟੈਂ ਪੈਰ ਨਾਂਹੀ।
ਅਧੋ ਆਧ ਚੀਰੇ ਪਰੇ ਭੂਮ ਮਾਂਹੀ ॥ ੪੩ ॥
ਕਥੈ ਕੌਨ ਕੇਤੋ ਭਯੋ ਜੁੱਧ ਘੋਰੰ।
ਸੁਨੈ ਨਾਂਹਿ ਦੀਸੈ ਮਚਯੋ ਸ਼ੋਰ ਜ਼ੋਰੰ।
ਗਿਨੇ ਕੌਨ ਏਤੇ ਮਰੇ ਜੰਗ ਮਾਂਹੀ।
ਕਿਤੇ ਘਾਇ ਬੋਲੈਂ ਭਕਾਭੱਕ ਤਾਂਹੀ
॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਦਾਰਾਸ਼ਿਕੋਹ' ਨੌਰੰਗ ਜੰਗ ਪ੍ਰਸੰਗ ਬਰਨਨੰ ਨਾਮ ਦਵਾਦਸ਼ਮੋਂ ਅੰਸੂ ॥ ੧੨ ॥

## ੧੩. [ਸ਼ਾਹਜਹਾਂ ਨਜ਼ਰਬੰਦ। ਦਾਰਾ ਨੱਸਿਆ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

ਮਚ੍ਯੋ ਜੰਗ ਭੀਖਨ ਮਹਾਂ,
ਤਬਿ ਹਾਂਡੇ ਰਾਠੌਰ[1]। [1]ਰਾਜਪੂਤਾਂ ਦੀ ਜਾਤਿ ਹੈ।
ਪਰੇ ਨੁਰੰਗੇ ਸੈਨ ਪਰ,
ਰੌਰ ਮਚਾਇਵ ਦੌਰ ॥੧॥

ਚੌਪਈ:

ਰਾਮਸਿੰਘ ਆਦਿਕ ਜੇ ਹਾਂਡੇ।
ਭਿਰੇ ਜੁੱਧ ਜਨੁ ਰਨ ਥੰਭ ਗਾਡੇ।
ਕਤਲ ਕਰਤਿ ਨੌਰੰਗ ਕੀ ਸੈਨਾ।
ਚਲੀ ਸਰੋਹੀ ਬਾਢ ਸੁ ਪੈਨਾ[1] ॥੨॥ [1]ਤਿੱਖੀ ਧਾਰ ਵਾਲੀ।
ਨ੍ਰਿਭੈ ਬੀਰ ਡੋਲੇ ਰਣ ਮਾਂਹੂ।
ਖੇਲਹਿਂ ਗਨ ਚਾਚਰ[1] ਚਿਤ ਚਾਹੂ। [1]ਹੌਲੀ।
ਤੁਪਕੈਂ ਚਲਤਿ ਰੁਚਿਰ ਪਿਚਕਾਰੀ।
ਸ਼੍ਰੋਣਤਿ ਭਿਗਤਿ ਰੰਗ ਬਹੁ ਡਾਰੀ ॥੩॥
ਚਲਹਿਂ ਜਬੂਰਨਿ ਕੇ ਗਨ ਗੋਰੇ।
ਸੋ ਕੁਮਕੁਮੇਂ[1] ਲਰਤਿ[†] ਦੁਹੁ ਓਰੇ। [1]ਲਾਖ ਯਾ ਕਾਗਤ ਦੇ ਗੁਲਾਲ ਨਾਲ ਭਰੇ ਖੋਲ [ਅ਼. ਕੁਮਕੁਮਾ]। [†]ਪਾ:-ਮੇਲਤਿ।
ਮਾਰ ਮਾਰ ਕਰਿ ਗੀਤਨਿ ਗਾਵਹਿਂ।
ਬਾਦਿਤ ਬਾਜਤਿ ਉਮਗ ਬਢਾਵਹਿਂ ॥੪॥
ਤਬਿ ਨੁਰੰਗ ਕੋ ਲਸ਼ਕਰ ਭਾਗਾ।
ਨਹੀਂ ਰਠੌਰਨਿ ਕੋ ਲਿਯ ਆਗਾ।
ਕਾਤੁਰ ਹੋਇ ਪੀਠ ਦਿਖਰਾਈ।
ਤਮਕ ਤੇਗ਼ ਕੀ[1] ਸਹਿ ਨ ਸਕਾਈ ॥੫॥ [1]ਤੇਗ ਦੀ ਜੋਸ਼ ਭਰੀ ਮਾਰ।
ਛੋਰ ਲਾਜ ਭਾਜੇ ਜਬਿ ਹੇਰੇ।
ਨੌਰੰਗ ਪਹੁੰਚਿ ਤੋਪ ਗਨ ਨੇਰੇ।
ਭਰਿ ਬਰੂਦ ਛਰਰੇ ਛੁਟਵਾਏ।
ਦਈ ਦਲੇਰੀ ਸੁ ਦਿਲ ਬਧਾਏ ॥੬॥
ਜਬਹਿ ਤੋਪਖਾਨਾ ਬਡ ਛੁਟ੍ਯੋ।
ਰਾਠੌਰਨਿ ਕਹੁ ਕਰ ਜਨੁ ਟੂਟ੍ਯੋ[1]। [1]ਰਾਜਪੂਤਾਂ ਦਾ ਕੜ ਮਾਨੋ ਟੁੱਟਾ।
ਰਾਮਸਿੰਘ ਆਦਿਕ ਮਰਿ ਗਏ।
ਅਪਰ ਸੁਭਟ ਸਮੁਦਾਯਨ ਹਏ ॥੭॥

ਰਹਿ ਗਏ ਦਿੱਲੀ ਕੇ ਉਮਰਾਵ।
ਸਰਦ ਘਰਨਿ ਜੇ ਬੈਠਹਿਂ ਛਾਵ।
ਸਭਾ ਬਿਖੇ ਜੇ ਬਨਿ ਠਨਿ ਆਵਹਿਂ।
ਜੋ ਸੰਕਟ ਕੁਛ ਸਹਿ ਨ ਸਕਾਵਹਿਂ ॥ ੮ ॥
ਕਿਤਿਕ ਨੁਰੰਗੇ ਕੇ ਢਬਦਾਰ[1]।
[1]ਤਰਫ ਦੇ।
ਸੋ ਕੈਸੇ ਠਹਿਰੈਂ ਬਿਚ ਰਾਰ[1]।
[1]ਲੜਾਈ ਵਿਚ।
ਪਾਸਾ ਕਰਨਿ ਲਗੇ ਜਬਿ ਸੋਇ।
ਧੀਰਜ ਤਬਿ ਕਰਿ ਸਕਿਹੈ ਕੋਇ ॥ ੯ ॥
ਲਸ਼ਕਰ ਹਟਯੋ[1] ਨੁਰੰਗੇ ਕੇਰਾ।
[1]ਮੁੜਿਆ (ਜੰਗ ਵਲੋਂ)।
ਜਬਹਿ ਸਿਥਲ[1] ਸ਼ੱਤ੍ਰੂ ਦਲ ਹੇਰਾ।
[1]ਢਿੱਲਾ।
ਮਾਰ ਮਾਰ ਕਰਿ ਛੁਟੀ ਤੁਫੰਗ।
ਪਰੇ ਦੌਰਿ ਸਨਮੁਖ ਬਿਚ ਜੰਗ ॥ ੧੦ ॥
ਭਾਜ ਪਰੀ ਧੁਜਨੀ ਗਨ ਇਤ ਕੋ।
ਠਹਿਰ ਨ ਸਕੀ ਧੀਰ ਤਜਿ ਚਿਤ ਕੋ।
ਕੇਤਿਕ ਨੌਰੰਗ ਢਿਗ ਮਿਲੇ।
ਸੰਘਰ ਬਿਖੇ ਹੋਤਿ ਨਹਿਂ ਖਲੇ ॥ ੧੧ ॥
ਇਮ ਕੁਸੁਤ ਪਿਖਿ ਦਾਰਸ਼ਕੋਹ।
ਭੇਦ ਸੈਨ ਕੋ ਜਾਨਯੋ ਦ੍ਰੋਹ[1]।
[1]ਸੈਨਾ ਦੇ ਦਗ਼ੇ ਦਾ ਭੇਦ ਜਾਣਿਆਂ।
-ਅਸ ਨ ਹੋਹਿ ਮੁਝਿ ਦਿਹਿਂ ਪਕਰਾਈ।
ਇਹ ਨੁਰੰਗ ਹੈ ਦੁਸ਼ਟ ਬਡਾਈ- ॥ ੧੨ ॥
ਇੱਤਯਾਦਿਕ ਗਨ ਤਰਕ ਬਿਚਾਰਿ।
ਸਰਲ ਸੁਭਾਵ ਤ੍ਰਾਸ ਕੋ ਧਾਰਿ।
ਚਲਯੋ ਭਾਜ ਡੇਰੇ ਲਗਿ ਆਇਵ।
ਤਹਿਂ ਕੁਛ ਅਪਨੀ ਵਸਤੁ ਸੰਭਾਇਵ[1] ॥ ੧੩ ॥
[1]ਸੰਭਾਲੀ।
ਤੁਰਤ ਤਹਾਂ ਤੇ ਆਗੇ ਚਲਯੋ।
ਨਗਰ ਆਗਰੇ ਭੀ ਨਹਿਂ ਮਿਲਯੋ।
ਦਿੱਲੀ ਦਿਸ਼ਿ ਕੋ ਮੁਖ ਕਰਿ ਦੌਰਾ।
ਸਭਿ ਕੁਛ ਤਜਯੋ, ਹੁਤੋ ਜਿਹ ਠੌਰਾ ॥ ੧੪ ॥
ਦ੍ਵਾਦਸ਼ ਸੰਗ ਸਊਰ ਸੁ ਆਏ।
ਬਡ ਮੰਜ਼ਲ ਕਰਤੇ ਸ਼੍ਰਮ ਪਾਏ।

ਦੇਖਹੁ ਸ਼੍ਰੀ ਪਰਮੇਸ਼ੁਰ ਭਾਨੋ।
ਜੋ ਸਮਾਜ ਮਹਿਂ ਮਹਿਦ ਮਹਾਨੋ ॥੧੫॥
ਇਕ ਦਿਨ ਮਹਿਂ ਤਿਸ ਅਸ ਗਤਿ ਹੋਈ।
ਨਿਕਟਿ ਤਜਾਗ ਗਮਨੇ ਸਭਿ ਕੋਈ।
ਦਿੱਲੀ ਦੁਰਗ ਮਝਾਰ ਪ੍ਰਵੇਸ਼ਾ।
ਅਤ ਚਿੰਤਾਤੁਰ ਤਜਜੋ ਅਸ਼ੇਸ਼ਾ ॥੧੬॥
ਉਤ ਨੌਰੰਗ ਕਰਿ ਫਤੇ ਲਰਾਈ।
ਅਨਿਕ ਦੁੰਦਭੀ ਮਹਦ ਬਜਾਈ।
ਦਾਰਸ਼ਕੋਹ ਸਿਵਰ ਜਹਿਂ ਘਾਲਾ।
ਆਇ ਠਾਢਿ ਤਹਿਂ ਹਰਖ ਬਿਸਾਲਾ ॥੧੭॥
ਸਕਲ ਸਮਾਜ ਸਕੇਲਜੋ ਤਹਾਂ।
ਭਈ ਨਿਸਾ ਕਰਿ ਬਾਸਾ ਰਹਾ।
ਉਮਰਾਵਨਿ ਕਹੁ ਦੇ ਬਖਸ਼ੀਸ਼।
ਹੀਰਨਿ ਮੁਕਤਾਗਨ ਦਿਪਤੀਸੁ ॥੧੮॥
ਤਾਂ ਤੇ[1] ਕਰਜੋ ਨੁਰੰਗੇ ਕੂਚ।
ਨਗਰ ਆਗਰੇ ਆਨਿ ਪਹੂਚ।
ਸਭਿ ਉਮਰਾਵ ਮਿਲੇ ਸੰਗ ਆਇ।
ਭੇ ਅਨੁਸਾਰਿ ਜ਼ੋਰ ਇਸ ਪਾਇ[1] ॥੧੯॥
ਸ਼ਾਹਿਜਹਾਂ ਤਹਿਂ ਪਰਜੋ ਬਿਮਾਰੀ।
ਨਜ਼ਰ ਬੰਦ ਕੀਨਸਿ ਦਲ ਭਾਰੀ[1]।
ਪਿਤਾ ਜਾਨਿ ਨਹਿਂ ਰਾਖਿ ਬਡਾਈ।
ਕਰਜੋ ਕੈਦ ਉਰ ਬਡ ਦੁਸ਼ਟਾਈ ॥੨੦॥
ਪੁਨ ਕੁਪੇਚ ਚਿਤਵਜੋ ਮਤਿ ਮੰਦ।
-ਭ੍ਰਾਤ ਮੁਰਾਦਬਖ਼ਸ਼ ਦਲ ਬ੍ਰਿੰਦ।
ਦਾਰਸ਼ਕੋਹ ਸੰਗ ਇਕ ਹੋਇ।
ਬਿਗਰ ਪਰਹਿਂ ਨਹਿਂ ਮੁਝ ਸੋਂ ਦੇਇ- ॥੨੧॥
ਕਪਟ ਠਾਨਿ ਤਿਸ ਕੋ ਗਹਿ ਲਯੋ।
ਜੋ ਇਸ ਕੇਰ ਸਹਾਇਕ ਭਯੋ[1]।

[1]ਉਥੋਂ।

[1]ਇਸਦਾ ਬਲ ਪਿਆ (ਜਾਣਕੇ)।

[1]ਭਾਰੀ ਦਲ ਨਾਲ (ਨੁਰੰਗੇ ਨੇ)।

[1]ਜੋ (ਭਰਾ ਮੁਰਾਦਬਖਸ਼) ਕਿ ਇਸ (ਔਰੰਗਜ਼ੇਬ) ਦਾ ਸਾਥੀ ਬਣਿਆਂ ਸੀ, ਉਸਨੂੰ ਫੜ ਲਿਆ। ਅਸਲ ਵਿਚ ਔਰੰਗਜ਼ੇਬ ਭਰਾ ਨੂੰ ਇਹ ਕਹਿੰਦਾ ਆਇਆ ਸੀ ਕਿ ਤੈਨੂੰ ਤਖਤ ਬਿਠਾਕੇ ਮੈਂ ਤਾਂ ਮੱਕੇ ਚਲਾ ਜਾਣਾ ਹੈ, ਮੈਂ ਸਾਰਾ ਜੰਗ

ਤੇਰੇ ਵਾਸਤੇ ਕਰ ਰਿਹਾ ਹਾਂ। ਵਿੱਚੋਂ ਚਾਲ ਇਹ ਸੀ ਕਿ ਉਸਦੀ ਫੌਜ ਨੂੰ ਆਪਣੇ ਨਾਲ ਰਲਾਕੇ ਦੂਣੀ ਤਾਕਤ ਨਾਲ ਦਾਰਾਸ਼ਕੋਹ ਨੂੰ ਜਿੱਤਣਾ ਚਾਹੁੰਦਾ ਸੀ।

ਦੋਨਹੁ[1] ਗਹਿ ਲੀਨਸਿ ਕਰਿ ਗਾਢੇ।

[1]ਪਿਉ ਤਾਂ ਆਗਰੇ ਨਜ਼ਰਬੰਦ ਕੀਤਾ ਤੇ ਮੁਰਾਦ ਨੂੰ ਦਿੱਲੀ ਜਾਕੇ।

ਸ਼ਸਤ੍ਰ ਗਹੇ ਗਨ ਭਟ ਰਹਿਂ ਠਾਂਢੇ ॥੨੨॥

ਨਿਜ ਅਨੁਸਾਰ ਕਰੇ ਦਲ ਤੀਨੋ[1]।

[1]ਆਪਣਾ, ਮੁਰਾਦ ਦਾ ਤੇ ਦਾਰਾ ਦਾ।

ਪੁਨਹਿਂ ਕੂਚ ਦਲ ਕਰਿ ਕਰਿ ਦੀਨੋ[1†]।

[1]ਸੈਨਾ (ਇਕੱਠੀ) ਕਰਕੇ ਕੂਚ ਕਰ ਦਿੱਤਾ।

[†]ਸ਼ਾਹਜਹਾਂ ਦੀ ਬਿਮਾਰੀ ਤੇ ਚੌਹਾਂ ਪੁੱਤ੍ਰਾਂ ਦੀ ਆਪੋ ਵਿਚ ਪਾਤਸ਼ਾਹ ਬਣਨ ਦੀ ਕੋਸ਼ਿਸ਼ ਤੇ ਲੜਾਈਆਂ ਤੇ ਅਖੀਰ ਔਰੰਗਜ਼ੇਬ ਦੀ ਕਾਮਯਾਬੀ, ਪਿਤਾ ਨੂੰ ਕੈਦ ਕਰਨਾ ਤੇ ਪਾਤਸ਼ਾਹ ਬਣ ਜਾਣਾਂ, ਇਹ ਸਾਰਾ ਕੁਛ ਕਵਿ ਜੀ ਨੇ ਲਗਪਗ ਉਵੇਂ ਹੀ ਦਾ ਲਿਖਿਆ ਹੈ ਜਿਵੇਂ ਫਾਰਸੀ ਅੰਗ੍ਰੇਜ਼ੀ ਦੇ ਇਤਿਹਾਸਾਂ ਵਿਚ ਲਿਖਿਆ ਹੈ। ਕਵਿ ਜੀ ਦੀ ਇਹ ਵਾਕਫੀ ਉਨ੍ਹਾਂ ਨੂੰ ਇਤਿਹਾਸ ਦੀ ਜਾਣਨ ਦਾ ਚੰਗਾ ਜਾਣਕਾਰ ਸਿੱਧ ਕਰਦੀ ਹੈ। ਔਰੰਗਜ਼ੇਬ ਨੂੰ ਪਿਤਾ ਦੀ ਬਿਮਾਰੀ ਤੇ ਦਾਰਾਸ਼ਕੋਹ ਦੇ ਕੰਮਾਂ ਦੇ ਹਾਲਾਤ ਉਸਦੀ ਭੈਣ ਰੌਸ਼ਨ ਆਰਾ ਬੇਗਮ ਲਿਖ ਕੇ ਘੱਲਦੀ ਰਹੀ ਸੀ, ਇਸ ਕਰਕੇ ਦਾਰਾ ਨੂੰ ਪਤਾ ਨਹੀਂ ਸੀ ਲੱਗਦਾ ਤੇ ਔਰੰਗਜ਼ੇਬ ਨੂੰ ਸਾਰਾ ਪਤਾ ਲਗ ਜਾਂਦਾ ਸੀ। ਦੂਸਰੇ ਔਰੰਗਜ਼ੇਬ ਨੇ ਮੁਰਾਦ ਭਰਾ ਨੂੰ ਨਾਲ ਗੰਢ ਲਿਆ ਸੀ, ਇਹ ਇਕਰਾਰ ਕਰਕੇ ਕਿ ਮੈਂ ਤਾਂ ਮੱਕੇ ਚਲਾ ਜਾਣਾ ਹੈ, ਤੈਨੂੰ ਮਦਦ ਕਰਕੇ ਗੱਦੀ ਬਿਠਾ ਜਾਂਦਾ ਹਾਂ। ਇਸ ਬੁੱਤੇ ਨਾਲ ਦੋਹੁ ਦੀ ਤਾਕਤ ਕੱਠੀ ਹੋ ਗਈ; ਜਦੋਂ ਕਾਮਯਾਬੀ ਹੋ ਗਈ ਤੇ ਆਗਰਾ ਕਾਬੂ ਕਰਕੇ ਦੋਵੇਂ ਦਿੱਲੀ ਗਏ ਤਾਂ ਇਕ ਰਾਤ ਖਾਣਾਂ ਖਾਂਦਿਆਂ ਮੁਰਾਦ ਬਹੁਤੀ ਸ਼ਰਾਬ ਪੀਤੀ ਗਿਆ ਤੇ ਔਰੰਗਜ਼ੇਬ ਨੇ ਨਾਂ ਪੀਤੀ। ਬਦਮਸਤ ਹੋਏ ਨੂੰ ਕੈਦ ਕਰਕੇ ਗੁਲੀਅਰ ਘੱਲ ਦਿੱਤਾ ਤੇ ਆਪ ਪਾਤਸ਼ਾਹ ਬਣ ਗਿਆ।

ਦਿੱਲੀ ਕੇ ਸਨਮੁਖ ਹੁਇ ਗਮਨਾ।
ਪਤਿਸ਼ਾਹਨਿ ਕੇ ਜਹਿਂ ਬਹੁ ਭਵਨਾ
॥੨੩॥
-ਦਾਰਸ਼ਕੋਹ ਸਕੇਲੀ ਸੈਨ।
ਯਾਂ ਤੇ ਤ੍ਰਾਸ ਧਾਰਿ ਦਿਨ ਰੈਨ।
ਸ਼ੀਘ੍ਰ ਬਾਹਨੀ ਕਰਿ ਸਮੁਦਾਈ।
ਦਿੱਲੀ ਗਹੌਂ ਜਾਇ ਬਡ ਭਾਈ- ॥੨੪॥
ਦਾਰਸ਼ਕੋਹ ਸੁਨਜੋ ਕਰਿ ਤ੍ਰਾਸਾ।
ਜਿਹ[1] ਉਮਰਾਵਨਿ ਨਹਿਂ ਭਰਵਾਸਾ।

[1]ਜਿਸਨੂੰ।

-ਨਹੀਂ ਗਹਾਇ ਦੇਹਿਂ ਮਿਲ ਸਾਰੇ।
ਯਾਂ ਤੇ ਨਿਕਸਿ ਚਲਜੋ ਡਰ ਧਾਰੇ ॥੨੫॥
ਬ੍ਰਿੰਦ ਜਵਾਹਰ ਜ਼ਾਹਰ ਜੋਤਿ।
ਚਹੁੰਦਿਸ਼ਿ ਮੈਂ ਪ੍ਰਕਾਸ਼ ਜਿਨ ਹੋਤਿ।
ਸਰਬ ਨਿਕਾਸਿ ਸੰਗ ਲੇ ਚਲਜੋ।
ਪੰਚ ਹਜ਼ਾਰ ਸੁਭਟ ਗਨ ਮਿਲਜੋ ॥੨੬॥
ਕਰੇ ਕੂਚ ਗੰਗਾ ਦਿਸ਼ਿ ਗਯੋ।
ਤਹਾਂ ਜਾਇ ਕੁਛ ਠਹਿਰਤਿ ਭਯੋ।
ਗਿਰਨ ਬਿਖੈ 'ਸ਼੍ਰੀ ਨਗਰ' ਜੁ ਪੁਰਿ[†] ਹੈ।

[†]ਇਸ ਸ਼੍ਰੀ ਨਗਰ ਵਿਖੇ ਦਾਰਾਸ਼ਕੋਹ ਨਹੀਂ ਪਰ ਦਾਰਾਸ਼ਕੋਹ ਸੁਲੇਮਾਨ ਸ਼ਕੋਹ ਗਿਆ ਸੀ, ਇਸਨੂੰ ਬੀ

ਔਰੰਗਜ਼ੇਬ ਨੇ ਮਰਵਾਇਆ ਸੀ।

ਤਹਿਂ ਪਹੁੰਚਨਿ ਕੋ ਇੱਛਾ ਧਰਿ ਹੈ ॥੨੭॥
ਲੇ ਸੈਨਾ ਤਹਿਂ ਜਾਇ ਪਹੂਚੇ।
ਦੁਰਗ ਚੁਗਿਰਦੇ ਗਿਰ ਗਨ ਊਚੇ।
ਕਿਤਿਕ ਕਾਲ ਤਹਿਂ ਕਰਿ ਕੈ ਬਾਸ।
ਸੁਖ ਸੋਂ ਰਹ੍ਯੋ ਛੋਰਿ ਉਰ ਤ੍ਰਾਸ ॥੨੮॥
ਸ਼੍ਰੀ ਨਗਰੇਸ਼ੁਰ ਤਬੈ ਬਿਚਾਰਾ।
-ਬਰਾਬਾਦ ਹੁਇ ਦੇਸ਼ ਹਮਾਰਾ।
ਕ੍ਰਿਖੀ ਉਜਾਰਹਿਂ ਰਹਿਂ ਫਿਰ ਕਰਿ ਸਾਰੇ।
ਉਜਰਿ ਜਾਹਿਂ ਦਿਨ ਕਿਤਿਕ ਮਝਾਰੇ ॥੨੯॥
ਪੰਚ ਹਜ਼ਾਰ ਤਰੰਗਮ ਪਰ੍ਯੋ।
ਗਜ ਸਮੁਦਾਇ ਸੁ ਆਨਿ ਉਤਰ੍ਯੋ।
ਪ੍ਰਜਾ ਭਈ ਸਭਿ ਰੀਤਿ ਦੁਖਾਰੀ।
ਕੇਤਿਕ ਹੋਏ ਗ੍ਰਾਮ ਉਜਾਰੀ- ॥੩੦॥
ਇਮ ਬਿਚਾਰਿ ਗਿਰਪਤਿ ਨੇ ਕਹ੍ਯੋ।
ਦਾਰਸ਼ਕੋਹ ਸੁਨ੍ਯੋ, ਮਨ ਲਹ੍ਯੋ।
-ਨਹਿਂ ਹੋਵਹਿ ਇਸ ਥਾਨ ਗੁਜ਼ਾਰਾ-।
ਉਤਰਨ ਚਾਹ੍ਯੋ ਦੇਸ਼ ਮਝਾਰਾ ॥੩੧॥
ਸਿਵਰ ਕੂਚ ਤੇ ਕੀਅਸਿ ਪਯਾਨਾ।
ਸਨੇ ਸਨੇ ਚਲਿ ਮਗ ਗਿਰ ਥਾਨਾ।
ਕਿਤਿਕ ਦਿਵਸ ਮਹਿਂ ਚਲਿ ਕਰਿ ਆਵਾ।
ਸ਼੍ਰੀ ਕੀਰਤਪੁਰਿ ਜਹਾਂ ਸੁਹਾਵਾ ॥੩੨॥
ਸ਼੍ਰੀ ਹਰਿਰਾਇ ਹੁਤੇ ਜਿਸ ਮਾਂਹੀ।
ਅਨਿਕ ਸੰਗਤਾਂ ਜਹਿਂ ਚਲਿ ਜਾਹੀਂ।
ਮਨੋ ਕਾਮਨਾ ਪੂਰਨ ਹੋਇ।
ਦਰਸ਼ਨ ਕਰਹਿ ਆਨਿ ਸਭਿ ਕੋਇ ॥੩੩॥
ਘਨੀ ਭੀਰ ਨਿਤਪ੍ਰਤਿ ਤਹਿਂ ਹੋਵੈ।
ਆਇ ਜਾਇ ਗੁਰ ਦਰਸ਼ਨ ਜੋਵੈਂ।
ਅਨਿਕ ਆਨਿ ਉਪਹਾਰ ਚੜ੍ਹਾਵੈਂ।

ਦਰਬ ਜਵਾਹਰ ਜੇ ਦੁਤਿ ਪਾਵੈਂ ॥੩੪॥
ਸ਼ਸਤ੍ਰ ਬਸਤ੍ਰ ਬਹੁ ਮੋਲੇ ਆਨੈਂ।
ਧਰਿ ਧਰਿ ਦਰਸੈਂ ਗੁਰ ਪਗ ਮਾਨੈਂ।
ਦਾਰਸ਼ਕੋਹ ਪਹੂੰਚਜੋ ਆਇ।
ਪਿਖਿ ਸੁੰਦਰ ਥਲ ਸਿਵਰ ਲਗਾਇ ॥੩੫॥
ਤੰਬੂ ਸ਼ਮਿਆਨੇ ਗਨ ਤਾਨੇ।
ਝੰਡਾ ਗਾਡਜੋ ਊਚ ਮਹਾਨੇ।
ਸਕਲ ਬਾਹਨੀ ਡੇਰਾ ਕੀਨਸਿ।
ਛਾਯਾ ਜਲ ਕੋ ਸੁਖ ਜਹਿਂ ਚੀਨਸਿ ॥੩੬॥
ਸ਼ਾਹਿਜਹਾਂ ਸੁਤ ਬੈਠਜੋ ਤਬੈ।
ਕੀਰਤਪੁਰਿ ਕੋ ਪਿਖਿ ਕੈ ਤਬੈ।
ਬੂਝਨਿ ਲਗਜੋ ਨਿਕਟਿ ਉਮਰਾਵ।
'ਕੌਨ ਬਸੈ? ਪਤਿ ਕੋ ਇਸ ਥਾਂਵ?' ॥੩੭॥
ਵਲੀਅਹਿਦ ਤੇ[1] ਸੁਨਿ ਕਰਿ ਕਾਨ।
ਹੁਤੋ ਸੰਗ ਕੋ ਸਿਖ ਤਿਸ ਥਾਨ।
ਸਰਬ ਬਾਰਤਾ ਭਾਖਿ ਸੁਨਾਈ।
'ਪ੍ਰਥਮ ਭਏ ਗੁਰ ਨਾਨਕ ਰਾਈ ॥੩੮॥
ਪੀਰ ਮੀਰ ਸਿਧਿ ਸਾਧਿਕ ਜੇਤੇ।
ਅਜ਼ਮਤ ਬਲ ਨੰਮ੍ਰੀ ਕਿਯ ਤੇਤੇ।
ਐਸੋ ਭਯੋ ਨ ਜਗ ਮੈਂ ਕੋਈ।
ਮਿਲਿ ਕਰਿ ਨੰਮ੍ਰਿ ਹੋਇ ਨਹਿਂ ਜੋਈ ॥੩੯॥
ਬਿਦਤਿ ਭਯੋ ਦਸ ਚਾਰ ਤਬਕ ਮਹਿਂ[1]।
ਸੱਤਿਨਾਮ ਉਪਦੇਸ਼ ਸਬਕ ਮਹਿਂ[1]।
ਮਿਲਿ ਮਿਲਿ ਕਰਾਮਾਤ ਜਿਨਿ ਪਾਈ।
ਤੇ ਭੀ ਯਾ ਜਗ ਗਿਨੇ ਨ ਜਾਈਂ ॥੪੦॥
ਤਿਹ ਗਾਦੀ ਪਰ ਸਪਤਮ ਥਾਨ।
ਸ਼੍ਰੀ ਹਰਿਰਾਇ ਬਿਰਾਜਤਿ ਜਾਨਿ।
ਸ਼੍ਰੀ ਗੁਰ ਹਰਿਗੁਬਿੰਦ ਬਲ ਧਾਮਾ।

[1]ਭਾਵ ਦਾਰਾਸ਼ਕੋਹ ਤੋਂ।
[1]ਚੌਦਾਂ ਤਬਕਾਂ ਵਿਚ।
[1]ਜਿਨ੍ਹਾਂ ਦੀ ਸੰਥਿਆ ਸਤਿਨਾਮ ਦੇ ਉਪਦੇਸ਼ ਦੀ ਸੀ।

ਮਹਾਂ ਸੁਭਟ ਇਨ ਕੇਰਿ ਪਿਤਾਮਾ ॥੪੧॥
ਤੋਹਿ ਪਦਰ ਸੋਂ[1] ਬਿਗਰਿ ਪਰੇ ਹੈਂ। [1]ਤੇਰੇ ਪਿਤਾ ਨਾਲ।
ਚਾਰ ਬਾਰ ਕਰਿ ਓਜ ਲਰੇ ਹੈਂ।
ਲੱਲਾ, ਕੰਬਰ ਲਸ਼ਕਰ ਸਨੇ।
ਜੰਗਲ ਬਿਖੈ ਜੰਗ ਕਰਿ ਹਨੈ ॥੪੨॥
ਅਬਹਿ ਬਿਰਾਜਤਿ ਤਿਨ ਕੋ ਪੋਤਾ।
ਬ੍ਰਹਮ-ਗਜਾਨ ਅਰੁ ਅਜ਼ਮਤ ਪੋਤਾ।
ਜਿਨ ਮਿਲਿਨੇ ਕਹੁ ਫਲ ਹੁਇ ਭਾਰਾ।
ਕ੍ਰਿਪਾ ਦ੍ਰਿਸ਼ਟਿ ਤੇ ਹ੍ਵੈ ਨ ਸੰਸਾਰਾ[1] ॥੪੩॥ [1]ਜਨਮ ਮਰਨ ਨਹੀਂ ਹੁੰਦਾ।
ਤਿਨ ਕੇ ਦਰਸ਼ਨ ਕਉ ਬਡਭਾਗੇ[1]। [1]ਵੱਡੇ ਭਾਗਾਂ ਵਾਲੇ।
ਪੁਰਹਿਂ ਕਾਮ, ਆਵਹਿਂ ਅਨੁਰਾਗੇ।
ਦੇਸ਼ ਬਿਦੇਸ਼ਨਿ ਸਾਗਰ ਦੀਪ।
ਆਇੰ ਸਮੀਪਹਿਂ ਰੰਕ ਮਹੀਪ ॥੪੪॥
ਅਨਿਕ ਉਪਾਇਨ ਕਹੁ ਅਰਪਾਵਹਿਂ।
ਅਬਿ ਸਤਿਗੁਰ ਇਸ ਪੁਰਿ ਦਰਸਾਵਹਿਂ।'
ਦਾਰਸ਼ਕੋਹ ਪ੍ਰਸ਼ੰਸ਼ਾ ਸੁਨ ਕੈ।
ਹਰਖ ਭਰਜੋ ਉਰ, ਨਿਜ ਭਲ ਗੁਨਿ ਕੈ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਦਾਰਾਸ਼ਕੋਹ, ਪ੍ਰਸੰਗ ਬਰਨਨੰ ਨਾਮ ਤ੍ਰੋਦਸ਼ਮੋ ਅੰਸੂ ॥੧੩॥

## ੧੪. [ਦਾਰੇ ਦਾ ਸ਼ੌਕ ਨਾਮਾ]



ਦੋਹਰਾ:
ਪ੍ਰਥਮੈ ਦਾਰਸ਼ਕੋਹ ਕੋ,
ਦੇਉਂ ਪ੍ਰਸੰਗ ਸੁਨਾਇ।
ਲਿਖਯੋ ਪਠਯੋ ਖ਼ਤ ਸੁਧ ਲਈ,
ਜਿਸ ਬਿਧਿ ਸ਼੍ਰੀ ਹਰਿ ਰਾਇ ॥੧॥
ਚੌਪਈ:
ਦਾਰਸ਼ਕੋਹ ਮਹਾਂ ਸਤਿਸੰਗੀ।
ਪਰਮੇਸ਼ੁਰ ਪਦ ਪ੍ਰੀਤਿ ਉਮੰਗੀ।
ਮੀਆਂ ਮੀਰ ਪੀਰ ਇਕ ਪੂਰੋ।
ਆਤਮਗਜਾਨ ਲਹੇ ਮਨ ਰੂਰੋ ॥੨॥
ਤਿਸ ਕੋ ਖਾਦਮ[1] ਦਾਰਸ਼ਕੋਹੁ।
ਬ੍ਰਹਮ ਗਜਾਨ ਅਭਿਲਾਖੀ ਹੋਹੁ।
ਕਰੀ ਪੀਰ ਨੇ ਕ੍ਰਿਪਾ ਸੁਨਾਇਵ।
ਰੂਪ ਆਤਮਾ ਕੇਰਿ ਜਨਾਇਵ ॥੩॥
ਪਤਿਸ਼ਾਹਿਤ ਮਹਿਂ ਰੀਤਿ ਫਕੀਰੀ।
ਮਿਹਰ ਪੀਰ ਕੀ ਮੀਰੀ ਪੀਰੀ।
ਕਰਹਿ ਬਿਚਾਰਨ ਨਿਸ ਦਿਨ ਆਤਮ।
ਮਿਲਿ ਸੰਤਨਿ ਖੋਜਹਿ ਪਰਮਾਤਮ ॥੪॥
ਜਹਿਂ ਕਹਿਂ ਉੱਤਮ ਸੁਨਿ ਕੈ ਸੰਤ।
ਕਰਹਿ ਮੇਲ, ਚਰਚਾ ਭਗਵੰਤ।
ਪਿਤ ਨੇ ਕਹਿ ਬਹੁ ਬਾਰ ਸੁਨਾਵਾ।
ਬਰਿਆਈ[1] ਕਰਿ ਤਖਤ ਬਿਠਾਵਾ ॥੫॥
ਤਊ ਮੇਲ ਸੰਤਨਿ ਸੋਂ ਰਾਖੈ।
ਬ੍ਰਹਮਗਜਾਨ ਨਿਸ਼ਚੈ ਅਭਿਲਾਖੈ।
ਮੀਆਂ ਮੀਰ ਨਿਕਟਿ ਇਕ ਦਿਨ ਮੈਂ।
ਬੈਠਯੋ ਹੁਤੋ ਪ੍ਰੇਮ ਬਹੁ ਮਨ ਮੈਂ ॥੬॥
ਅਪਰ ਸੰਤ ਕੇਤਿਕ ਤਹਿਂ ਬੈਸੇ।
ਚਰਚਾ ਕਰਹਿਂ ਗਜਾਨ ਲਰਿ ਜੈਸੇ।
ਕਰੀ ਬਾਰਤਾ ਕਾਹੂੰ ਸੰਤ।
'ਸ਼੍ਰੀ ਨਾਨਕ ਸਤਿਗੁਰ ਭਗਵੰਤ ॥੭॥
ਨਰਨਿ ਉਧਾਰਨਿ ਕਰੇ ਹਜ਼ਾਰੋਂ।

[1]ਮੁਰੀਦ।

[1]ਜੋਰੋ ਜੋਰੀ।

ਗਿਨਤੀ ਕਰੇ ਨ ਆਇ ਸ਼ੁਮਾਰੋ।
ਕ੍ਰਿਪਾ ਦ੍ਰਿਸ਼ਟਿ ਤੇ ਰੂਪ ਦਿਖਾਵੈਂ।
ਜਨਮ ਮਰਨ ਕੋ ਕਸ਼ਟ ਮਿਟਾਵੈਂ ॥੮॥
ਪੁਨ ਤਿਨ ਤੇ ਗਾਦੀ ਪਰ ਪਾਛੇ।
ਗਿਨਹਿ ਕੌਨ ਗੁਨ ਜੇਤਿਕ ਆਛੇ।
ਅਬਿ ਸੋਹਤਿ ਸਤਿਗੁਰ ਹਰਿਰਾਇ।
ਦੀਨ ਬੰਧੁ ਸਿਖ ਬੰਧ ਮਿਟਾਇ[1] ॥੯॥
ਬ੍ਰਹਮ ਗਜਾਨ ਕੇ ਹੈਂ ਬਡ ਦਾਨੀ।
ਬ੍ਰਿਤੀ ਸਮਾਨ ਲਾਭ ਅਰੁ ਹਾਨੀ[1]।'
ਮੀਆਂ ਮੀਰ ਤਬਹਿ ਸੁਨਿ ਕਹਯੋ।
'ਸੋ ਤੋ ਤਨ ਖੁਦਾਇ ਕੇ ਅਹਯੋ ॥੧੦॥
ਕਰਿਬੇ ਲੋਕਨਿ ਕੀ ਕੱਲਜਾਨ।
ਧਰਿ ਸਰੂਪ ਭੇ ਬਿਦਤਿ ਜਹਾਨ।
ਸ਼੍ਰੀ ਹਰਿਗੋਬਿੰਦ ਤਿਨਹੁ ਪਿਤਾਮਾ।
ਆਯੁਧ ਧਰਿ ਕੀਨ ਸੰਗ੍ਰਾਮਾ ॥੧੧॥
ਮੁਲਾਕਾਤ ਤਿਨ ਸਾਥ ਹਮਾਰੀ।
ਭਈ ਹੁਤੀ ਸੁਖ ਕਰਨੇ ਹਾਰੀ।
ਬੰਧੇ ਸ਼ਰ੍ਹਾ ਤੁਰਕ ਮਤਿਮੰਦ।
ਤਰਕਤਿ ਕੀਨੋ ਸ਼ੋਰ ਬਿਲੰਦ ॥੧੨॥
ਪਾਕ ਅਲਹਿ ਕੀ ਮੂਰਤਿ ਅਹੈਂ।
ਜਿਨ ਕੇ ਗੁਨ ਕੋ ਪਾਰ ਨ ਲਹੈਂ।
ਦਰਸ਼ਨ ਉਚਿਤ ਸਦਾ ਤਿਨ ਕੇਰਾ।
ਸਿਮਰੇ ਨਾਮ ਅਨੰਦ ਬਡੇਰਾ' ॥੧੩॥
ਸੁਨਯੋ ਸੁਜਸੁ ਅਸ ਦਾਰਸ਼ਕੋਹੁ।
ਚਿਤਵਤਿ -ਕਿਮ ਦਰਸ਼ਨ ਤਿਨ ਹੋਹੁ।
ਪਾਤਿਸ਼ਾਹਿ ਕੇ ਕਾਜ ਬਡੇਰੇ।
ਪੁਨ ਦੁਸ਼ਮਨ ਹੁਇ ਰਹੇ ਘਨੇਰੇ ॥੧੪॥
ਯਾਂ ਤੇ ਅਵਸਰ ਮਿਲਨਿ ਨ ਭਯੋ-।
ਰਿਦੇ ਪ੍ਰੇਮ ਦਿਨ ਪ੍ਰਤਿ ਬਿਰਧਯੋ।
ਖਤ ਮਹਿਂ ਲਿਖਿ ਕਰਿ ਪ੍ਰੇਮ ਪਠਾਇਵ[1]।

ਮਿਲਿਨਿ ਸ਼ੌਕ ਨਾਮਾ ਉਪਜਾਇਵ

[1]ਸਿਖਾਂ ਦੇ ਬੰਧਨ ਮਿਟਾਉਣ ਵਾਲੇ।

[1]ਹਾਨ ਲਾਭ ਵਿਚ ਬ੍ਰਤੀ ਸਮਾਨ ਹੈ।

[1]ਮਿਲਾਪ (ਦੀ ਰੁਚੀ) ਉਪਜਾਉਣ ਵਾਲੀ ਪ੍ਰੇਮ ਪੱਤ੍ਰਕਾ ਸ਼੍ਰੀ ਹਰਿਰਾਇ ਜੀ ਦੇ ਪਾਸ ਪਹੁੰਚਾਈ। [ਅ਼. ਸ਼ੌਕ਼ ਨਾਮਹ = ਪ੍ਰੇਮ ਪੱਤ੍ਰਿਕਾ]

॥੧੫॥

ਸ਼੍ਰੀ ਹਰਿਰਾਇ ਨਿਕਟਿ ਪਹੁੰਚਾਯਹੁ[3]।

ਕਾਸਦ[1] ਗਯੋ ਬੰਦਗੀ ਗਾਯਹੁ। [1]ਹਲਕਾਰਾ।

ਸ਼੍ਰੀ ਗੁਰ ਸੁਨਤਿ ਭਏ ਖੁਲਵਾਇ।

ਪ੍ਰੇਮ ਸ਼ੌਕਨਾਮਾ[†] ਜੁ ਪਢਾਇ[1] ॥੧੬॥ [1]ਪਿਆਰ ਭਰੀ ਪ੍ਰੇਮ ਪੱਤ੍ਰਿਕਾ ਪੜ੍ਹਾਈ। [†]ਇਹ ਸ਼ੌਕ ਨਾਮਾ ਥੋੜੇ ਫ਼ਰਕ ਨਾਲ ਮਹਿਮਾ ਪ੍ਰਕਾਸ਼ ਵਿਚ ਬੀ ਆਇਆ ਹੈ।

ਬੈਂਤ:

'ਵਲਾਇਤ ਵਲੀ[1] ਅਹਿਲ ਆਰਫ ਕਮਾਲ[2]। [1]ਮੁਲਕਾਂ ਦੇ ਮਾਲਕ। [2]ਪੂਰਨ ਗਿਆਨਵਾਨ।

ਜਿਨ੍ਹੋਂ ਕੇ ਮਿਲੇ ਰੱਬ ਪਾਈਅਹਿ ਜਮਾਲ[1]। [1]ਰੱਬ ਦਾ ਦੀਦਾਰ।

ਆਰਫ ਫਕਰ ਰੱਬ ਕੀ ਪਾਕ ਜ਼ਾਤ[1]। [1]ਤਤਵੇਤਾ ਸੰਤ ਰੱਬ ਦਾ ਪਵਿੱਤ੍ਰ ਸਰੂਪ।

ਜਿਨ੍ਹੋਂ ਕੀ ਮਿਹਰ ਸੰਗ ਹੋਯਹਿ ਨਿਜਾਤ[1] ॥੧੭॥ [1]ਮੁਕਤਿ।

ਕਾਦਰ ਪਿਖਿਨਿ ਇਕ ਸ਼ਕਲ ਦਰਮਿਯਾਂ[1]। [1]ਸਾਰਿਆਂ) ਵਿਚ ਇਕ ਕਾਦਰ ਦੀ ਸੂਰਤ ਦਾ ਦੇਖਣਾ।

ਜਿਨ੍ਹੋ ਪੈ ਮਿਹਰ ਤੁਮ ਤਿਨ੍ਹੋ ਇਹੁ ਲਿਯਾਂ[1]। [1]ਇਹ ਪਦਵੀ ਲਈ ਹੈ।

ਮਿਲੌਂ ਆਪ ਕੇ ਸੰਗ ਅੱਲਹੁ ਕਰਮ[1]। [1]ਪਰਮਾਤਮਾ ਦੀ ਕ੍ਰਿਪਾ ਨਾਲ।

ਹਾਸਲ ਮੁਰਾਦੈਂ, ਮਿਟਾਵੋ ਭਰਮ ॥੧੮॥

ਮਿਲਿਨਿ ਸ਼ੌਕ ਮੋ ਕੋ ਬਿਲੋਕੌਂ ਦਰਸ।

ਲਗੌਂ ਆਨਿ ਕਦਮਨਿ ਹੁਵੈ ਦਿਲ ਹਰਸ਼[1]। [1]ਦਿਲ ਪ੍ਰਸੰਨ ਹੋਵੇ।

ਨ ਔਸਰ ਮਿਲੈ ਪਾਤਸ਼ਾਹਤਿ ਜੰਜਾਲ[1]। [1]ਪਾਤਸ਼ਾਹੀ ਦੇ ਜੰਜਾਲਾਂ ਤੋਂ ਵਿਹਲ ਨਹੀਂ ਮਿਲਦੀ।

ਸੁ ਮਾਹੀ ਮਨਿੰਦੇ ਫਸੇ ਮਜਾਨ ਜਾਲ[1] ॥੧੯॥ [1]ਮੱਛੀ ਵਾਂਗ ਜਾਲ ਵਿਚ ਫਸਿਆਂ ਹੋਇਆਂ।

ਮੁਰਸ਼ਦ ਮੀਆਂਮੀਰ ਮੋਹੂ ਕਹਾ।

ਸ਼ੁਨੀਦਮ ਸਿਫਤ ਬਡ ਸੁ ਦੀਦਾਰ ਚਹਾ[1]। [1]ਮੈਂ ਬੜੀ ਸਿਫਤ ਸੁਣੀ (ਆਪ ਦੀ) ਤੇ ਦਰਸ਼ਨ ਕਰਨਾ ਚਾਹਿਆ।

ਸ਼ਬੋ ਰੋਜ਼[1] ਦੀਦਾਰ ਕੋ ਸ਼ੌਕ ਹੈ। [1]ਰਾਤ ਦਿਨ।

ਜੋ ਤਾਲਬ ਫਕਰ ਕਾ ਤਿਸੇ ਜ਼ੌਕ ਹੈ[1] ॥੨੦॥ [1]ਜੇ ਫਕੀਰੀ ਦਾ ਚਾਹਵਾਨ ਹੈ ਤਿਸ ਨੂੰ (ਦੀਦਾਰ ਦੇ) ਸੁਆਦ ਦਾ ਪਤਾ ਹੈ।

ਮਿਹਰ ਕੀ ਨਜ਼ਰ ਆਪ ਰਾਖੋ ਕਮਾਲ।

ਕਿ ਖਾਹਸ਼ ਭਈ ਮੋਹਿ ਦਰਸ਼ਨ ਜਮਾਲ[1]। [1]ਜਮਾਲ ਵਾਲੇ ਦਰਸ਼ਨ ਦੀ ਇਛਾ ਹੋਈ ਹੈ।

ਪਦਰ[1] ਬਾਦਸ਼ਾਹੀ ਦਈ ਬਹੁ ਕਹੀ। [1]ਪਿਤਾ ਨੇ।

ਦਿਲੇ ਮੋ ਫਜ਼ੀਹਤ ਕੀ ਖਾਹਿਸ਼ ਨਹੀਂ[1] ॥੨੧॥ [1]ਮੇਰੇ ਦਿਲ ਵਿਚ (ਇਸ) ਖੁਆਰੀ ਦੀ ਚਾਹ ਨਹੀਂ।

ਕਿ ਲਾਚਾਰ ਹੋ ਕਰਿ ਸੁ ਕੀਨੀ ਕਬੂਲ।
ਪਦਰ ਕੋ ਹੁਕਮ ਮੈਂ ਨ ਕਰਿ ਸਕ ਅਦੂਲ[1]। [1]ਮੋੜ ਨਹੀਂ ਸੱਕਿਆ।
ਕਰੋ ਮਿਹਰ ਸਾਹਿਬ ਮਦਦ ਆਪ ਏਹੁ[1]। [1]ਇਹ ਸਹਾਇਤਾ (ਬਖਸ਼ੋ)।
ਕਿ ਦੋਜ਼ਖ਼ ਅਗਨਿ ਸੇ ਮੁਝ ਰਾਖਿ ਲੇਹੁ' ॥੨੨॥

ਦੋਹਰਾ:
ਸ਼੍ਰੀ ਸਤਿਗੁਰ ਹਰਿਰਾਇ ਜੀ, ਸੁਨਿ ਕਰਿ ਭਏ ਕ੍ਰਿਪਾਲ।
ਤਿਸ ਆਸ਼ੈ ਕੋ ਜਾਨਿ ਕਰਿ, ਸੰਤਨਿ ਪ੍ਰੇਮ ਬਿਸਾਲ ॥੨੩॥
ਪਰਮੇਸ਼੍ਵਰ ਪ੍ਰਾਪਤਿ ਬਿਖੈ, ਦਿਲ ਮੋਂ ਸ਼ੌਕ ਬਿਲੰਦ।
ਤਬਿ ਲਿਖਵਾਇ ਜਬਾਬ ਦਿਯ, ਕਹਿ ਕਰਿ ਬਾਕ ਮਨਿੰਦ[1] ॥੨੪॥ [1]ਉਸੇ ਵਰਗੇ।

ਬੈਂਤ:
'ਤੁਮ ਪਰ ਫਜ਼ਲ[1] ਰੱਬ ਕਾਦਰ ਭਯਾ। [1]ਮਿਹਰ।
ਕਿ ਮੁਰਸ਼ਿਦ ਜੁ ਆਰਫ਼ ਕਰੀ ਹੈ ਦਯਾ।
ਬਡੀ ਬਾਦਸ਼ਾਹੀ ਲਈ ਕੀ ਨ ਸ਼ੌਕ[1]। [1]ਲੈਣ ਦਾ ਪ੍ਰੇਮ ਨਾ ਕੀਤਾ।
ਲਖਯੋ ਆਪ ਮੇਂ ਅਪਨ ਆਪਾ ਸੁ ਜ਼ੌਕ[1] ॥੨੫॥ [1]ਆਪਣੇ ਵਿਚ ਆਪਣੇ ਆਪ (ਨਿਜ ਸਰੂਪ) ਦਾ ਸੁਆਦ ਲਿਖ ਲਿਆ ਹੈ।
ਤੁਮੈ ਖ਼ੌਫ਼ ਦੋਜ਼ਕ ਨਹੀਂ, ਜਾਨਿ ਲੇਹੁ।
ਕਿ ਪੀਰਾਂ ਫਕੀਰਾਂ ਸੋਂ ਲਾਗਯ ਸੁਨਹੁ।
ਜੁ ਗ਼ਾਫਲ ਬਡੇ ਬਾਦਸ਼ਾਹੀ ਸੁ ਪਾਇ।
ਪਰੈਂ ਬੀਚ ਦੋਜ਼ਕ ਨ ਲਾਗੈ ਹਵਾਇ[1] ॥੨੬॥ [1]ਜਿਥੇ) ਹਵਾ (ਤਕ) ਨਹੀਂ ਲਗਣੀ। (ਅ) (ਪਾਤਸ਼ਾਹੀ ਵਾਲੇ ਮਾਨੋਂ) ਦੋਜ਼ਖ ਵਿਚ ਪਏ ਹਨ, (ਉਨ੍ਹਾਂ ਨੂੰ ਫਕੀਰੀ ਦੀ) ਹਵਾ ਨਹੀਂ ਲਗਦੀ।
ਖ਼ਤਰਾ ਨ ਕੀਜੈ ਪਤੀਜੈ ਸਦੀਵ[1]। [1]ਸਿਦਕ ਰਖੋ ਸਦਾ।
ਨ ਦੋਜ਼ਖ ਬਹਿਸ਼ਤੈ, ਭਯੋ ਏਕ ਸੀਵ[1]। [1]ਤੂੰ) ਇਕ ਕਲਿਆਣ ਰੂਪ ਹੋ ਗਿਆ ਹੈਂ [ਸ਼ਿਵ]
ਕਰੋ ਦੀਨ ਕੀ[1] ਬਾਦਸ਼ਾਹੀ ਅਟੱਲ। [1]ਧਰਮ ਦੀ।
ਹਜ਼ਾਰੋਂ ਜੁਗੋ ਮੇਂ ਰਹੋਗੇ ਅਚੱਲ ॥੨੭॥
ਬਡੇ ਭਾਗ ਜਾਗੇ ਪਗਯੋ ਪ੍ਰੇਮ ਰੰਗ।
ਜੁ ਮੌਲਾ ਮਿਲਯੋ ਬੇ ਨਮੂਨਾ ਬਿਰੰਗ[1]। [1]ਅਦੁਤੀ ਤੇ ਅਰੂਪ।
ਸਦਾ ਆਫਰੀਂ[1] ਜੋ ਕਮਾਈ ਤੈਂ ਕੀਨਿ। [1]ਸ਼ਾਬਾਸ਼।

ਮੁਰਸ਼ਦਨਿ ਮਿਲਿ ਕੈ ਲੀਯੋ ਰੂਪ ਚੀਨ ॥੨੮॥
ਰਹੋ ਅਨੰਦ ਮਾਤੇ ਨਹੀਂ ਖੌਫ ਕੋਇ।
ਭਈ ਖੈਰ ਤੁਮਰੀ ਜਿਤਾ[1] ਜਨਮ ਜੋਇ।
ਖ਼ਲਕ ਚਿਹਲਬਾਜ਼ੀ[1] ਨ ਕੀਨਾ ਸਨੇਹੁ।
ਫਨਾਹ, ਚੰਦਰੋਜ਼ਾ[1], ਨ ਕਾਇਮ ਰਹੇਹੁ' ॥੨੯॥

[1]ਜਿੱਤ ਲਿਆ।

[1]ਤਿਲਕਣਬਾਜ਼ੀ [ਫਾ: ਚਿਹਲਾ = ਚਿੱਕੜ। ਚਿੱਕੜ ਵਿਚ ਤਿਲਕਣ ਦਾ ਡਰ ਹੁੰਦਾ ਹੈ ਤਾਂ ਤੇ ਤਿਲਕਣ ਬਾਜ਼ੀ। ਪੰਜਾ: ਚਲ੍ਹਾ = ਦਲਦਲ। ਪਤਲੇ ਚਿਕੜ ਦਾ ਥਾਂ]

[1]ਨਾਸ਼ ਹੋਣ ਵਾਲਾ ਤੇ ਥੋੜੇ ਦਿਨ ਦਾ ਹੈ।

ਚੌਪਈ:
ਸ਼੍ਰੀ ਸਤਿਗੁਰ ਲਿਖਿ ਪਠਜੋ ਜਬਾਬ।
ਦਾਰਸ਼ਕੋਹੁ ਸੁ ਗਯੋ ਸ਼ਿਤਾਬ।
ਪਢਿ ਕਰਿ ਮਹਾਂ ਅਨੰਦ ਕੋ ਪਾਯਹੁ।
ਮਨਹੁਂ ਰੰਕ ਸੁਰਤਰੁ ਕਰ ਆਯਹੁ ॥੩੦॥
-ਜਿਨ ਕੇ ਬਚਨ ਸਦਾ ਹੈਂ ਸਾਚੇ।
ਹਮਰੇ ਬਡਿਅਨਿ ਸੰਗ ਉਬਾਚੇ।
ਭਏ ਤਥਾ ਨਹਿਂ ਮਿਟਹਿਂ ਕਦਾਈ।
ਜਗ ਮਹਿਂ ਨਰ ਲਾਖਹੁਂ ਪਤਿਆਈ ॥੩੧॥
ਦੀਨਸਿ ਦੀਨ ਸਲਤਨਤ ਮੋਹੁ[1]।
ਅਵਚਲ ਪਦ ਮਹਿਂ ਪ੍ਰਾਪਤਿ ਹੋਹੂ।
ਅਬਿ ਨਿਸ਼ਚਾ ਪ੍ਰਾਪਤਿ ਮਨ ਮੇਰੇ।
ਸਤਿਗੁਰ ਬਾਕ ਭਨੇ ਜਿਸ ਬੇਰੇ ॥੩੨॥

[1]ਧਰਮ ਦੀ ਪਾਤਸ਼ਾਹੀ।

ਭਯੋ ਰੋਗ ਜਬਿ ਮਮ ਤਨ ਮਾਂਹੀ।
ਪਠੀ ਹਰੜ ਚੌਦਹਿ ਸਿਰਸਾਹੀ।
ਲੌਂਗੁ ਰੁ ਮੁਕਤਾ ਦੀਨਸਿ ਐਸੇ।
ਖੋਜਿਯ ਜਗ ਪਈ ਅਹਿ ਨਹਿਂ ਤੈਸੇ ॥੩੩॥
ਜਿਨ ਕੀ ਸਤਿ ਕੀਰਤਿ ਦਿਸ਼ਿ ਚਾਰੀ।
ਸੰਤ ਮਹੰਤਨਿ ਮਹਿਂ ਬਿਸਤਾਰੀ।
ਜਹਿਂ ਕਹਿਂ ਸੁਨੀ ਨ ਛਾਨੀ[1] ਅਹੈ।
ਬ੍ਰਹਮ ਗਜਾਨੀ ਜਿਨ ਕੋ ਜਸੁ ਕਹੈਂ

[1]ਛਿੱਪੀ।

॥੩੪॥
ਮੌਲਾ ਪਾਕ ਮਿਹਰ ਜਬਿ ਧਰੈ।
ਤਬਿ ਸਤਿਗੁਰ ਕੋ ਦਰਸ਼ਨ ਕਰੈਂ-।
ਇਮ ਚਿਤਵਤਿ ਬੀਤਯੋ ਚਿਰਕਾਲ।
ਬਹੁਰ ਜੰਗ ਭਾ ਨੌਰੰਗ ਨਾਲ ॥੩੫॥
ਸਿਰੀ ਨਗਰ ਤੇ ਚਲਿ ਕਰਿ ਆਯਹੁ।
ਕੀਰਤਿ ਪੁਰਿ ਮੈਂ ਡੇਰਾ ਛਾਯਹੁ।
ਪੂਰਬਲੇ ਪ੍ਰਸੰਗ ਚਿਤ ਆਏ।
-ਮਿਲੌਂ ਅਬਹਿ ਸਤਿਗੁਰ ਜਿਸ ਥਾਏਂ-
॥੩੬॥
ਸ੍ਰੀ ਹਰਿਰਾਇ ਸਿੱਖ ਜੇ ਤਹਾਂ।
ਤਿਨਹਿ ਬੁਲਾਇ ਬੂਝਿਬੇ ਚਹਾ।
'ਕੌਨ ਦੇਸ਼ ਅਬਿ ਗੁਰੂ ਬਿਰਾਜੇਂ?
ਕਬਿਕੇ ਗਏ ਸਮੇਤ ਸਮਾਜੇ? ॥੩੭॥
ਹਮਰੋ ਮੇਲ ਹੋਹਿ ਕੈ ਨਾਂਹੀ?
ਕਹਹੁ ਸਕਲ, ਸੁਧਿ ਹੁਇ ਤੁਮ ਪਾਹੀ।'
ਤਬਿ ਸਿੱਖਨਿ ਸਭਿ ਕਹਯੋ ਸੁਝਾਈ।
'ਬਿਤੇ ਦਿਵਸ ਕੁਛ, ਗੁਰੂ ਚਢਾਈ
॥੩੮॥
ਤੀਰ ਬਿਪਾਸਾ ਗੋਇੰਦਵਾਲ।
ਮਾਝੇ ਦੇਸ਼ ਗਏ ਗੁਰ ਦਯਾਲੁ।
ਆਪ ਮਿਲਿਨਿ ਕੀ ਲਾਲਸ ਧਰੋ।
ਨਰ ਪਰਧਾਨ ਪਠਾਵਨਿ ਕਰੋ ॥੩੯॥
ਅਭਿਲਾਖਾ ਸੋ ਕਹੈ ਤੁਮਾਰੀ।
ਸੁਧ ਪਾਵਹਿਂ ਜਬਿ ਗੁਰੂ ਅਗਾਰੀ।
ਰਹੈਂ ਟਿਕੇ, ਨਹਿਂ ਇਤ ਉਤ ਹੋਇਂ।
ਪ੍ਰੇਮ ਆਪ ਕੋ ਪਰਖਹਿਂ ਸੋਇ' ॥੪੦॥
ਦਾਰਸ਼ਕੋਹ ਸੁਨੀ ਸਿਖ ਬਾਨੀ।
ਕੀਨਿ ਸਰਾਹਨਿ, ਨੀਕੇ ਮਾਨੀ।
ਮੁੱਖਜ ਪਾਸ ਕੋ ਮਨੁਖ ਪਠਾਵਾ[1]।
ਸਕਲ ਹਕੀਕਤ ਕੋ ਸਮੁਝਾਵਾ ॥੪੧॥
'ਕ੍ਰਿਪਾ ਠਾਨਿ ਦਰਸ਼ਨ ਇਕ ਬਾਰੀ।

[1]ਪਾਸ ਰਹਿਣ ਵਾਲਾ ਮੁਖੀ ਪੁਰਸ਼ ਭੇਜਿਆ।

ਮੋ ਕਹੁ ਦੇਹੁ, ਲਾਲਸਾ ਧਾਰੀ।'
ਤੂਰਨ ਗਮਨਜੋ ਗੁਰ ਢਿਗ ਗਯੋ।
ਸਕਲ ਪ੍ਰਸੰਗ ਸੁਨਾਵਤਿ ਭਯੋ ॥੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਦਾਰਾ ਸ਼ਕੋਹੁ' ਪ੍ਰਸੰਗ ਬਰਨਨੰ ਨਾਮ ਚੌਦਸਮੋਂ ਅੰਸੂ ॥੧੪॥

## ੧੫. [ਗੁਰੂ ਜੀ ਗੋਂਦਵਾਲ ਤੇ ਖਡੂਰ ਆਏ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:

ਸ਼੍ਰੀ ਸਤਿਗੁਰ ਹਰਿਰਾਇ ਜੀ,
ਕੀਰਤਿਪੁਰਿ ਕੋ ਛੋਰਿ।
ਨਿਜ ਬਡਿਅਨਿ ਗੁਰ ਥਾਨ ਕੋ[1],
ਦੇਖਨਿ ਮਾਝੇ ਓਰ ॥੧॥

[1]ਆਪਣੇ ਵਡੇ ਸਤਿਗੁਰਾਂ ਜੀ ਦੇ ਥਾਂ।

ਚੌਪਈ:

ਪਤਿਸ਼ਾਹਿਤ ਮੈਂ ਰੌਰਾ ਪਰੇ।
ਸ਼ਾਹਿਜਹਾਂ ਕੇ ਸੁਤ ਜਬਿ ਲਰੇ।
ਸ਼੍ਰੀ ਸਤਿਗੁਰ ਸਤੁੱਦ੍ਰਵ ਕੋ ਤਰਿ ਕੈ।
ਸੈਨਾ ਸੰਗ ਸਕੇਲਨਿ ਕਰਿ ਕੈ ॥੨॥
ਦੇਸ਼ ਦੁਆਬਾ ਉਲੰਘੇ ਸਾਰੇ।
ਬਾਜਤਿ ਦੁੰਦਭਿ ਜਾਤਿ ਅਗਾਰੇ।
ਜ਼ਰੀ ਬਾਦਲੇ ਚਾਰੁ ਨਿਸ਼ਾਨ।
ਫਹਿਰਤਿ ਆਗੇ, ਚਲਹਿਂ ਕਿਕਾਨ ॥੩॥
ਕਬਿ ਸਤਿਗੁਰ ਸਿਵਕਾ ਚਢਿ ਚਾਲੈਂ।
ਕਬਹੁਂ ਤੁਰੰਗ ਅਰੂਢਿ ਬਿਸਾਲੈਂ।
ਕਬਿ ਮਤੰਗ ਪਰ ਹੁਇਂ ਅਸਵਾਰ।
ਸੰਗ ਵਾਹਿਨੀ ਕਿਤਿਕ ਹਜ਼ਾਰ ॥੪॥
ਸੁਭਟ ਕੁਦਾਵਤਿ ਚਲਹਿਂ ਤੁਰੰਗ।
ਗੁਰੂ ਦਿਖਾਵਹਿਂ ਮਨਹੁਂ ਕੁਰੰਗ।
ਇਮ ਗਮਨਤਿ ਗੇ ਪਾਸ ਬਿਪਾਸਾ।
ਸਿੰਧੁ ਗਾਮਨੀ ਸੁਜਲ ਬਿਲਾਸਾ[1] ॥੫॥

[1]ਸਮੁੰਦਰ ਵਿਚ ਜਾਣ ਵਾਲੀ ਅਨੰਦਦਾਇਕ ਸ੍ਰੇਸ਼ਟ ਜਲ ਵਾਲੀ।

ਨੌਕਾ ਕਰੀ ਸਕੇਲਨਿ ਸਾਰੀ।
ਚਢਿ ਸੈਨਾ ਗਨ ਉਤਰੀ ਪਾਰੀ।
ਅਹੈ ਤੀਰ ਪਰ ਗੋਇੰਦਵਾਲ।
ਜਾਇ ਪਹੁੰਚੇ ਗੁਰੂ ਕ੍ਰਿਪਾਲ ॥੬॥
ਨਮੋ ਕਰੀ ਦੂਰਹਿ ਤੇ ਹੇਰਿ।
ਗਏ ਬਾਪਕਾ ਪਰ ਗੁਰ ਫੇਰ।
ਕਰਿ ਪੂਜਾ ਕੋ ਨੀਰ ਸ਼ਨਾਨੇ।
ਅੰਮ੍ਰਿਤ ਜਲ ਪੁਨ ਕੀਨਸਿ ਪਾਨੇ ॥੭॥

ਸ਼੍ਰੀ ਮੁਖ ਸਾਥ ਮਹਾਤਮ ਕਹਾ।
'ਮੁਕਤਿ ਸਥਾਨ ਕਹ੍ਯੋ ਗੁਰ ਮਹਾਂ।'
ਸ਼੍ਰੀ ਗੁਰ ਅਮਰ ਜੁ ਸੰਤਤਿ ਸਾਰੀ।
ਜਹਿਂ ਕਹਿਂ ਤੇ ਨਿਜ ਨਿਕਟਿ ਹਕਾਰੀ
॥੮॥
ਸਿੱਖ ਆਇ ਕਰਿ ਬੰਦਨ ਭਲੇ।
ਸ਼੍ਰੀ ਹਰਿਰਾਇ ਸੰਗ ਸਭਿ ਮਿਲੇ।
ਕਿਰਤਨ ਕੋ ਕਰਿਵਾਇ ਅਗਾਰੇ।
ਸਨੇ ਸਨੇ ਗੁਰ ਪੁਰੀ ਪਧਾਰੇ ॥੯॥
ਪ੍ਰੇਮ ਕਰੇ ਸੁਨਿਤੇ ਗੁਰਬਾਨੀ।
ਭੱਲਜਨਿ ਕੀ ਕੁਲ ਬਸੈ ਮਹਾਨੀ।
ਸ਼੍ਰੀ ਗੁਰੂ ਅਮਰਦਾਸ ਚੌਬਾਰੇ।
ਜਹਾਂ ਬਸੇ ਬਹੁ ਬਰਖ ਗੁਜ਼ਾਰੇ ॥੧੦॥
ਤਹਾਂ ਗਏ ਸਤਿਗੁਰ ਹਰਿਰਾਇ।
ਪ੍ਰਥਮ ਸੁਪਾਨ ਥਾਨ[1] ਸਿਰ ਨਜਾਇ। [1]ਪਹਿਲੋਂ ਪਉੜੀਆਂ ਵਾਲੀ ਥਾਵੇਂ।
ਚਰਨ ਧੂਰਿ ਮਸਤਕ ਪਰ ਲਾਈ।
ਮਹਿਮਾ ਮਹਾਂ ਬਖਾਨਿ ਸੁਨਾਈ ॥੧੧॥
'ਸ੍ਰੀ ਸਤਿਗੁਰੂ ਅਮਰ ਇਸ ਥਾਨ।
ਇਹ ਰਜ ਕਰਤਿ ਪੁਨੀਤ ਮਹਾਨ।'
ਭਏ ਸਥਿਤ ਆਗੈ ਚੌਬਾਰੇ।
ਦੀਪ ਸੁ ਧੂਪ ਕੁਸਮ ਬਿਸਤਾਰੇ ॥੧੨॥
ਸੰਗਤਿ ਮੇਲ ਭਯੋ ਬਡਿ ਆਇ।
ਭਈ ਭੀਰ ਬਹੁ, ਥਾਇਂ ਨ ਪਾਇ।
ਬੈਠਿ ਗਏ ਸਤਿਗੁਰ ਦ੍ਰਿਢ ਆਸਨ।
ਹੋਤਿ ਅਖੰਡ ਕੀਰਤਨ ਭਾਸ਼ਨ[1] ॥੧੩॥ [1]ਕੀਰਤਨ ਦਾ ਉਚਾਰ।
ਭਾਂਤਿ ਭਾਂਤਿ ਕੀ ਬਹੁ ਮਠਿਆਈ।
ਕਰ੍ਯੋ ਤਿਹਾਵਲ ਨਰ ਸਮੁਦਾਈ।
ਨੀਕੀ ਰੀਤਿ ਸਭਿਨਿ ਬਰਤਾਯੋ।
ਤੂਸ਼ਨਿ ਧਰੇ ਸ਼ਬਦ ਮਨ ਲਾਯੋ ॥੧੪॥
ਸ਼੍ਰੀ ਗੁਰ ਅਮਰ ਜੁ ਸੰਤਤਿ ਆਈ।
ਇਕਠੀ ਹੁਇ ਸਭਿ ਮਿਲਿ ਸਮੁਦਾਈ।
ਗੁਰ ਨੇ ਨਿਜ ਗਰ ਸੰਗ ਲਗਾਈ।

ਕਰਿ ਆਦਰ ਨਿਜਨਿਕਟਿ ਬਿਤਾਈ
॥੧੫॥
ਕੁਸ਼ਲ ਪ੍ਰਸ਼ਨ ਸਭਿਹਿਨਿ ਸੰਗ ਕੀਨੇ।
ਸੂਖਮ ਬਸਤ੍ਰ ਪਹਿਰਿਬੇ ਦੀਨੇ।
ਸਭਿਹਿਨਿ ਕੋ ਪੋਸ਼ਿਸ਼ ਪਹਿਰਾਈ।
ਦਰਬ ਮੰਗਾਇ ਦਿਯੇ ਸਮੁਦਾਈ ॥੧੬॥
ਕਰਿ ਸੰਤੁਸ਼ਟ ਅਧਿਕ ਸਨਮਾਨੇ।
ਨਮੋ ਠਾਨਿ ਕਰਿ ਪੁਨਿ ਤਿਸ ਥਾਨੇ।
ਵਹਿਰ ਆਏ ਡੇਰੇ ਮਹਿਂ ਗਏ।
ਖਾਨ ਪਾਨ ਕਰਿ ਪੁਨ ਸੁਪਤਏ ॥੧੭॥
ਜਾਮ ਜਾਮਨੀ ਤੇ ਪੁਨ ਜਾਗੇ।
ਸਗਰੀ ਸੌਚ ਕਰਿਨਿ ਗੁਰ ਲਾਗੇ।
ਨੀਰ ਬਾਵਲੀ ਕੋ ਮੰਗਵਾਏ।
ਇਕ ਸੌ ਇਕ ਗਾਗਰ ਭਰਿ ਲਜਾਏ
॥੧੮॥
ਤਿਨ ਸਭਿ ਸੋਂ ਗੁਰ ਕੀਨਿ ਸ਼ਨਾਨ।
ਹੁਇ ਏਕਾਕੀ ਠਾਨਜੋ ਧਜਾਨ।
ਨਿਜ ਸਰੂਪ ਮਹਿਂ ਬ੍ਰਿਤੀ ਟਿਕਾਈ।
ਆਨੰਦ ਮਗਨ ਭਏ ਗੋਸਾਈਂ ॥੧੯॥
ਪ੍ਰਾਤਿ ਹੋਤਿ ਬਿਕਸੇ ਦ੍ਰਿਗ ਕੰਜ।
ਨਮੋ ਕਰੀ ਮਿਲਿ ਸੇਵਕ ਪੁੰਜ।
ਇਕ ਸੌ ਏਕ ਪਾਟ ਕੋ[1] ਜਾਮਾ।
ਸੂਖਮ ਬਹੁਤ ਸੇਤ ਅਭਿਰਾਮਾ ॥੨੦॥
ਪਹਿਰਨਿ ਤਨ ਮਹਿਂ ਤਬਿਹੂੰ ਕਰਜੋ।
ਸਿਪਰ ਖੜਗ ਕੋ ਆਗੈ ਧਰਜੋ।
ਤਰਕਸ਼ ਧਨੁ ਜੁਤਿ ਸ਼ਸਤ੍ਰ ਬਿਸਾਲਾ।
ਧਾਰਨ ਕਰੇ ਚਾਰੁ ਸਭਿ ਦਜਾਲਾ ॥੨੧॥
ਤਹਿਂ ਤੇ ਪੁਰਿ ਦਿਸ਼ਿ ਸੀਸ ਨਿਵਾਯਹੁ।
ਸ਼੍ਰੀ ਗੁਰ ਅਮਰ ਨਾਮ ਸਿਮਰਾਯਹੁ।
ਅਸੁ ਅਰੂਢਿ ਹੁਇ ਚਲੇ ਅਗਾਰੀ।
ਦੁੰਦਭਿ ਬਜਜੋ ਭਈ ਧੁਨਿ ਭਾਰੀ ॥੨੨॥
ਕਛੁ ਤੋਪਨਿ ਕੀ ਸ਼ਲਖ ਚਲਾਈ।

[1]ਇਕ ਸੌ ਇਕ ਪੱਲੇ ਦਾ।

ਚਲਯੋ ਨਕੀਬ ਬੁਲਤਿ ਅਗਵਾਈ।
ਚਲੇ ਤੁਰੰਗਮ ਭਟ ਗਮਨੰਤੇ।
ਖੁਰ ਮੋਂ ਅਵਿਨੀ ਸ਼ਬਦ ਉਠੰਤੇ ॥੨੩॥
ਉਲੰਘੇ ਪੰਥ ਸਗਲ ਤਤਕਾਲ।
ਪਹੁੰਚੇ ਜਾਇ ਖਡੂਰ ਕ੍ਰਿਪਾਲ।
ਗ੍ਰਾਮ ਵਹਿਰ ਡੇਰਾ ਕਰਿਵਾਇ।
ਉਤਰੀ ਸੈਨ ਥਿਰੀ ਸਮੁਦਾਇ ॥੨੪॥
ਆਪ ਉਤਰ ਕਰਿ ਸ਼੍ਰੀ ਹਰਿਰਾਇ।
ਗਏ ਗੁਰੂ ਅੰਗਦ ਕੀ ਥਾਇੰ।
ਦੁਖ ਸੁਖ ਤੇ ਜੇ ਨਿਤ ਨਿਰਬਾਨ[1]।
ਮੁਕਤਿ ਰੂਪ ਸ਼੍ਰੀ ਗੁਰੁ ਭਗਵਾਨ ॥੨੫॥
ਪ੍ਰਥਮੈ ਜਾਇ ਪ੍ਰਦਖਨਾ ਕਰੀ।
ਕਰ ਸੋਂ ਲਈਂ ਧੂਰਿ ਸਿਰ ਧਰੀ।
ਦੀਪਕ ਬ੍ਰਿੰਦ ਘ੍ਰਿੱਤ ਕੇ ਬਾਰੇ।
ਧੂਪ ਧੁਖਾਇ ਸੁਗੰਧਿਤ ਸਾਰੇ ॥੨੬॥
ਸੁਮਨਸ ਮਾਲਾ[1] ਤਹਿਂ ਲਰਕਾਈ।
ਪੂਜਨ ਕਰੇ ਸੁ ਗ੍ਰੀਵ ਨਿਵਾਈ।
ਸਨਮਾਨਤਿ ਗੁਰ ਅੰਗਦ ਅੰਸ।
ਕਰੀ ਹਕਾਰਨਿ ਮਹਾਂ ਪ੍ਰਸ਼ੰਸ਼ ॥੨੭॥
ਉਠਿ ਕਰਿ ਸਗਰੇ ਗਰੇ ਲਗਾਏ।
ਪ੍ਰਥਮੇ ਦਯੋ ਦਰਬ ਸਮੁਦਾਏ।
ਭਾਉ ਭਗਤਿ ਸਭਿ ਕੀ ਬਹੁ ਕੀਨਿ।
ਪੋਸ਼ਿਸ਼ ਬਹੁ ਪਹਿਰਨਿ ਕੋ ਦੀਨਿ ॥੨੮॥
ਕੁਸ਼ਲ ਪੂਛ ਕਰਿ ਕੈ ਸਨਮਾਨਾ।
ਬਹੁਰ ਮੰਗਾਯੋ ਬਹੁ ਪਕਵਾਨਾ।
ਸਭਿਹਿਨਿ ਕੋ ਬੈਠਾਇ ਅਚਾਵਾ।
ਪਰਮ ਪ੍ਰਸੰਨ ਹੋਇ ਤਿਨ ਖਾਵਾ ॥੨੯॥
ਪੁਨ ਤਿਨ ਕੋ ਸਗਰੋ ਬਿਵਹਾਰ।
ਬੂਝਨ ਕੀਨਸਿ ਸਰਬ ਪ੍ਰਕਾਰ।
ਸਗਰੀ ਸੰਗਤਿ ਜੇਤਿਕ ਆਈ।
ਸਭਿਨਿ ਦੇਗ ਤੇ ਭੋਜਨ ਖਾਈ ॥੩੦॥
ਜਾਮ ਜਾਮਨੀ ਲਗਿ ਸਭਿ ਪੋਸੇ[1]।

[1]ਮੁਕਤ, ਅਤੀਤ।

[1]ਫੁਲਾਂ ਦੀਆਂ ਮਾਲਾਂ।

[1]ਰਜਾਏ।

ਦਾਨ ਮਾਨ ਦੇ ਕਰਿ ਸੰਤੋਸੇ[1]। [1]ਪ੍ਰਸੰਨ ਕੀਤੇ।
ਭੂਮਾਸਨ ਪਰ ਸ੍ਰੀ ਹਰਿਰਾਇ।
ਖਾਨ ਪਾਨ ਕਰਿ ਕੈ ਤਿਸ ਥਾਇਂ ॥੩੧॥
ਸ੍ਰੀ ਅੰਗਦ ਇਸਥਾਨ ਅਗਾਰੀ।
ਬੈਠੇ ਸਗਰੀ ਨਿਸਾ ਗੁਜ਼ਾਰੀ।
ਕਿਰਤਨ ਭਜਨ ਅਖੰਡ ਭਯੋ ਹੈ।
ਬਹੁ ਸੰਗਤਿ ਕੋ ਮੇਲ ਥਿਯੋ ਹੈ ॥੩੨॥
ਇਕ ਸਿਮਰਨ ਦੂਜੇ ਗੁਰ ਦਰਸ਼ਨ।
ਕਰਹਿਂ ਸਿੱਖ ਸੰਗਤਿ ਉਰ ਹਰਸ਼ਨ[1]। [1]ਪ੍ਰਸੰਨ ਚਿਤ ਹੋਕੇ।
ਰਹੀ ਜਾਮਨੀ ਜਬਿਹੂੰ ਜਾਮ।
ਉਠੇ ਗੁਰੂ ਆਨੰਦ ਕੇ ਧਾਮ ॥੩੩॥
ਨਿਤ ਕੀ ਕ੍ਰਿਯਾ ਕਰੀ ਇਸ਼ਨਾਨੇ।
ਇਕ ਸੌ ਇਕ ਗਾਗਰ ਜਲ ਆਨੇ।
ਹੋਤਿ ਪ੍ਰਭਾਤਿ ਚਢਨਿ ਕੀ ਤਜਾਰੀ।
ਸੈਨਾ ਕੋ ਸ਼੍ਰੀ ਗੁਰੂ ਉਚਾਰੀ ॥੩੪॥
ਜ਼ੀਨ ਤੁਰੰਗਨਿ ਪਾਵਨਿ ਲਾਗੇ।
ਭਟ ਭੇ ਸਨਧ ਪਹਿਰਿ ਤਨ ਬਾਗੇ[1]। [1]ਸੂਰਮੇ ਪੁਸ਼ਾਕੇ ਪਹਿਨ ਕੇ ਤਿਆਰ ਹੋਏ।
ਕਰਿ ਤਜਾਰੀ ਗੁਰ ਭਏ ਅਰੂਢਿ।
ਕੌਨ ਲਖੈ ਜਿਨ ਆਸ਼ੈ ਗੂਢ ॥੩੫॥
ਦਾਰੇ ਕੀ ਉਰ ਪ੍ਰੀਤਿ ਬਿਚਾਰੀ।
ਹਟਿਬੇ ਤਜਾਰ ਕਰੀ ਅਸਵਾਰੀ।
ਇਤਨੇ ਮਹਿਂ ਸਊਰ ਚਲਿ ਆਯੋ।
ਨਿਕਟਿ ਹੋਇ ਕਰਿ ਸੀਸ ਨਿਵਾਯੋ ॥੩੬॥
ਦਿਯੋ ਸ਼ੌਕ ਨਾਮਾ[1] ਤਿਨ ਫੇਰਿ। [1]ਭਾਵ ਪ੍ਰੇਮ ਪੱਤਰ।
ਲਿਖਜੋ ਭਾਉ ਤੇ ਪ੍ਰੇਮ ਘਨੇਰ[1]। [1]ਜਿਸ ਵਿਚ) ਸ਼ਰਧਾ ਤੇ ਪ੍ਰੇਮ ਲਿਖਿਆ ਸੀ।
-ਤੁਮ ਦਰਸ਼ਨ ਕੋ ਚਿਤ ਉਮਗਾਯੋ।
ਚਾਹਤਿ ਰਹਜੋ ਨ ਅਵਸਰ ਪਾਯੋ ॥੩੭॥
ਮੈਂ ਅਬਿ ਆਵਤਿ ਹੌਂ ਇਸ ਦੇਸ਼।
ਦਿਹੁ ਦਰਸ਼ਨ ਮਨ ਪ੍ਰੇਮ ਬਿਸ਼ੇਸ਼।
ਘਾਟ ਬਿਪਾਸਾ ਮੈਂ ਚਲਿ ਆਯੋ।
ਨਹੀਂ ਬਿਲਮ ਮੁਝ ਕੋ ਲਖਿ ਪਾਯੋ

॥੩੮॥
ਇਤ ਉਤ ਕਿਤੇ ਦੂਰ ਜੇ ਹੋਹੁ।
ਕ੍ਰਿਪਾ ਧਾਰਿ ਦਿਹੁ ਦਰਸ਼ਨ ਮੋਹੁ।
ਲਾਰ ਲਗ੍ਯੋ[1] ਨੌਰੰਗ ਕੋ ਲਸ਼ਕਰ।
ਆਵਤਿ ਉਮਡ੍ਯੋ ਜਸੇਂ ਬਡ ਜਲਧਰ[1] ॥੩੯॥
ਨਾਂਹਿ ਤ ਮੈਂ ਆਵਤਿ ਜਿਤ ਹੋਤੇ।
ਤੁਮ ਦਰਸ਼ਨ ਤੇ ਅਨੰਦ ਉਦੋਤੇ।'
ਸੁਨ੍ਯੋ ਸ਼ੌਕਨਾਮਾ ਹਟਿ ਚਲੇ।
ਗੋਇੰਦਵਾਲ ਪੰਥ ਜੋ ਭਲੇ ॥੪੦॥
ਦਾਰਸ਼ਕੋਹ ਜੁ ਦੂਤ ਪਠਾਵਾ।
ਗਮਨਤਿ ਬੂਝਨਿ ਹੇਤੁ ਅਲਾਵਾ।
'ਕਿਹ ਥਲ ਵਲੀਅਹਦ ਕੋ[1] ਛੋਰਿ?
ਆਇ ਪਹੁੰਚ੍ਯੋ ਹਮਰੀ ਓਰ?' ॥੪੧॥
ਸੁਨਿ ਤਿਸ ਨੈ ਸਭਿ ਕਹ੍ਯੋ ਬਨਾਏ।
'ਤਜਿ ਸ੍ਰੀ ਨਗਰ ਤਰੇ ਉਤਰਾਏ।
ਕੀਰਤਪੁਰਿ ਰਾਵਰਿ ਇਸਥਾਨੇ।
ਨਿਸ ਬਿੱਸ੍ਰਾਮਤਿ[1] ਕੂਚ ਪਯਾਨੇ ॥੪੨॥
ਲਗ੍ਯੋ ਅਰੂਢਨਿ ਮੋਹਿ ਪਠਾਯੋ।
ਅਧਿਕ ਬੇਗ ਕਰਿ ਮੈਂ ਇਤਿ ਆਯੋ।
ਮਮ ਪੀਛੇ ਹੀ ਆਵਤਿ ਸੋਇ।
ਤੀਰ ਬਿਪਾਸਾ ਦੇਰਿ ਨ ਕੋਇ ॥੪੩॥
ਇਤ ਤੇ ਕ੍ਰਿਪਾ ਕਰੇ ਤੁਮ ਚਾਲੇ।
ਉਤ ਤੇ ਆਇ ਮਿਲੈ ਸੁਖ ਨਾਲੇ।'
ਇਮ ਬੂਝਤਿ ਗਮਨੇ ਮਗ ਜਾਇੰ।
ਸ਼੍ਰੀ ਸਤਿਗੁਰ ਪੂਰਨ ਹਰਿਖਾਇ ॥੪੪॥
ਆਇ ਪਹੂੰਚੇ ਗੋਇੰਦਵਾਲ।
ਦੁੰਦਭਿ ਬਾਜਤਿ ਚਮੂੰ ਬਿਸਾਲ।
ਉਤਰੇ ਕੂਲ ਬਿਪਾਸਾ ਹੇਰੇ।
ਜੁਤਿ ਬਿਸਤਾਰ ਸੈਨ ਕੇ ਡੇਰੇ ॥੪੫॥
ਦੋਹਰਾ:
ਸਿੱਖ ਸੇਵਕ ਪੁਰਿ ਗ੍ਰਾਮ ਢਿਗ, ਲੀਨੇ

[1]ਨਾਲ ਲੱਗਾ। (ਅ) (ਪਿਛੇ) ਕਤਾਰ ਬੰਨ੍ਹੀ।
[1]ਬੱਦਲ। (ਅ) ਸਮੁੰਦ੍ਰ।
[1]ਦਾਰਸ਼ਕੋਹ ਨੂੰ।
[1]ਅਰਾਮ ਕਰਕੇ।

ਸਕਲ ਬੁਲਾਇ।
ਆਯੁਧ ਧਾਰੀ ਸੂਰਮੇ, ਦਾਸ ਭਏ
ਸਮੁਦਾਇ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਸ਼੍ਰੀ ਹਰਿਰਾਇ ਗੋਇੰਦਵਾਲ ਖਡੂਰ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਦਸਮੋ ਅੰਸੂ ॥੧੫॥

## ੧੬. [ਦਾਰਾ ਤੇ ਗੁਰੂ ਜੀ ਦਾ ਮੇਲ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਕੀਰਤਿ ਪੁਰਿ ਡੇਰਾ ਕਿਯੋ, ਜਸੁ ਗੁਰ ਕੇ
ਸੁਨਿ ਕਾਨ।
ਉਰ ਹਰਖ੍ਯੋ ਸੁਖ ਕੋ ਲਹ੍ਯੋ, ਦਾਰਸ਼ਕੋਹ
ਸੁਜਾਨ ॥੧॥

ਚੌਪਈ:

ਅਪਨੇ ਉਮਰਾਵਨਿ ਕੇ ਸਾਥ।
ਬੋਲ੍ਯੋ ਤਬਹਿ 'ਸੁਨੀ ਮੈਂ ਗਾਥ।
ਸ਼੍ਰੀ ਨਾਨਕ ਭੇ ਪੀਰਨਿ ਪੀਰ।
ਜਿਨ ਮਹਿਂ ਅਜ਼ਮਤ ਮਹਾਂ ਗੰਭੀਰ ॥੨॥
ਬਹੁ ਲੋਕਨਿ ਕੋ ਦੀਨਸਿ ਗ੍ਯਾਨ।
ਕਰੇ ਉਧਾਰਨਿ ਬਿਦਤ ਜਹਾਨ।
ਗਾਦੀ ਪਰ ਤਿਨ ਤੇ ਪਸ਼ਚਾਤ।
ਜੋ ਬੈਠੇ ਤਿਸ ਜਸੁ ਅਵਿਦਾਤ[1] ॥੩॥ [1]ਉੱਜਲ।
ਸੰਤ ਅਨੇਕ ਬੇਸ ਕੇ ਮਿਲੇ।
ਜਹਾਂ ਪ੍ਰਸੰਗ ਇਨਹੁ ਕਾ ਚਲੇ।
ਤਹਿਂ ਤਹਿਂ ਸੁਜਸੁ ਸਕਲ ਨੇ ਕਹ੍ਯੋ।
ਬਹੁ ਲੋਕਨਿ ਸ਼ੁਭ ਮਾਰਗ ਲਹ੍ਯੋ ॥੪॥
ਹਮਰੇ ਪਿਤਾ ਪਿਤਾਮੈ ਕੇਰੇ।
ਹੁਤੇ ਪੀਰ ਅਜ਼ਮਤੀ ਬਡੇਰੇ।
ਇਸ ਘਰ ਕੀ ਰਾਖਤਿ ਬਡਿਆਈ।
ਮਿਲਿ ਮੁਰੀਦ ਸਮ ਗ੍ਰੀਵ ਨਿਵਾਈ ॥੫॥
ਰੱਜੁ ਸ਼ਰ੍ਹਾ[1] ਜਿਨਹੁਂ ਗਰ ਪਰੀ। [1]ਸ਼ਰ੍ਹਾ ਦੀ ਰੱਸੀ।
ਮੂਢ ਮੁਲਾਨਿ[1] ਸੁ ਚਰਚਾ ਕਰੀ। [1]ਮੂਰਖ ਮੁਲਾਣਿਆਂ ਨੇ।
ਬਨੇ ਅਸੂਯਕ[1] ਗ੍ਯਾਨ ਬਿਹੀਨੇ। [1]ਨਿੰਦਕ। ਈਰਖਾਲੂ।
ਜਥਾ ਅੰਧ ਕਰ ਮਾਣਿਕ ਲੀਨੇ ॥੬॥
ਭਏ ਪ੍ਰਭਾਤੀ, ਚਲੈਂ ਅਗੇਰੇ।
ਮਿਲਿ ਕਰਿ ਸੁਨਿ ਹੈਂ ਬਾਕ ਭਲੇਰੇ।
ਸੰਤਨਿ ਕੋ ਮਿਲਿਬੋ ਸੁਖਦਾਨੀ।
ਜਗ ਮਹਿਂ ਜਿਸ ਕੇ ਕੌਨ ਸਮਾਨੀ' ॥੭॥

ਇਮ ਕਹਿ ਦਾਰਸ਼ਕੋਹੁ ਸੁਜਾਨਾ।
ਨਿਸਾ ਬਾਸ ਕੀਨਸਿ ਤਿਸ ਥਾਨਾ।
ਖਾਨ ਪਾਨ ਕਰਿ ਕੈ ਸਭਿ ਭਾਂਤੀ।
ਭਈ ਬਿਤੀਤ ਜਥਾ ਸੁਖ ਰਾਤੀ ॥੮॥
ਪ੍ਰਾਤਿ ਉਠ੍ਯੋ ਕਰਿ ਸੌਚ ਸ਼ਨਾਨਾ।
ਕਛੁ ਉਪਨਿਖਦ ਪਾਠ ਮੁਖ ਠਾਨਾ।
ਸਗਲ ਨੇਮ ਕਰਿ ਕੈ ਨਿਤ ਕੇਰੇ।
ਅਲਪ ਅਹਾਰ ਅਚਯੋ ਜਲ ਫੇਰੇ ॥੯॥
ਕਰੇ ਕੂਚ ਸਤੱਦ੍ਰਵ ਕੋ ਤਰ੍ਯੋ।
ਤੂਰਨ ਪੰਥ ਪਯਾਨਾ ਕਰ੍ਯੋ।
ਪਾਰ ਬਿਪਾਸਾ ਉਤਰ੍ਯੋ ਤੀਰ।
ਪੰਚ ਹਜ਼ਾਰਨਿ ਲਸ਼ਕਰ ਭੀਰ ॥੧੦॥
ਸ਼੍ਰੀ ਹਰਿਰਾਇ ਹੁਤੇ ਜਿਸ ਥਾਈਂ।
ਸੁਧਿ ਨਿਜ ਮਿਲਬੇ ਪ੍ਰਥਮ ਪਠਾਈ।
ਭਯੋ ਸੁ ਤਜਾਰਿ ਆਪ ਪੁਨ ਪਾਛੇ।
ਲੇ ਕਰਿ ਦਿਪਤਿ ਜਵਾਹਰ ਆਛੇ ॥੧੧॥
ਬਹੁਤ ਮੋਲ ਕੇ ਬਸਤ੍ਰ ਸੁਹਾਏ।
ਚਲ੍ਯੋ ਸੁ ਸ਼ੀਲ[1] ਜਾਂਹਿ ਅਧਿਕਾਏ। [1]ਨੇਕੀ, ਧਰਮ ਭਾਵ।
ਸਨੇ ਸਨੇ ਮਗ ਮੋਂ ਪਗ ਧਾਰਿ।
ਪਹੁੰਚ੍ਯੋ ਸਤਿਗੁਰ ਕੇ ਦਰਬਾਰ ॥੧੨॥
ਦੋਇ ਰਕੇਬੀ ਕੇਰ ਮਝਾਰ।
ਧਰੇ ਜਵਾਹਰ ਅਰੁ ਦੀਨਾਰ।
ਕਛੁਕ ਨੰਮ੍ਰਿ ਹੁਇ ਬੈਠ੍ਯੋ ਪਾਸ।
ਪਹਿਰੇ ਭੂਖਨ ਰਹ੍ਯੋ ਪ੍ਰਕਾਸ਼ ॥੧੩॥
ਦੀਰਘ ਸ਼ਮਸ ਬਦਨ ਪਰ ਸ਼ਜਾਮੂ[1]। [1]ਕਾਲਾ ਦਾੜ੍ਹਾ।
ਸਿਰ ਪਰ ਕੁਲਹਿ ਦਿਪਹਿ ਅਭਿਰਾਮੂ।
ਅਪਨ ਸਰੂਪ ਸਮੁਝਿਬੇ ਹੇਤੁ।
ਬੋਲ੍ਯੋ ਦਾਰਸ਼ਕੋਹ ਸੁਚੇਤ ॥੧੪॥
'ਬਹੁ ਸੰਤਨ ਸੋਂ ਗੋਸ਼ਟ ਮੇਰੀ।
ਲਖਨਿ ਬ੍ਰਹਮ ਕਉ ਇੱਛ ਅਛੇਰੀ।
ਸਭਿਹਿਨਿ ਮੋ ਕਹੁ ਭਲੇ ਬਤਾਯੋ।
ਪਾਪ ਪੁੰਨ ਜਿਸ[1] ਛੁਵਨਿ ਨ ਪਾਯੋ [1]ਭਾਵ ਜਿਸ ਬ੍ਰਹਮ ਨੂੰ।

॥੧੫॥
ਸਭਿ ਕੇ ਬੀਚ, ਅਲੇਪ ਸਭਿਨਿ ਤੇ।
ਪਦਮਪੱਤ੍ਰ ਜਿਮ ਰਹਤਿ ਜਲਨ ਤੇ[1]।

[1]ਜਿਵੇਂ ਕਵਲ ਦੇ ਪੱਤੇ ਪਾਣੀਆਂ ਤੋਂ (ਅਲੇਖ) ਰਹਿੰਦੇ ਹਨ।

ਸਭਿ ਸੂਖਮ ਤੇ ਸੂਖਮ ਜੋਇ।
ਦੁਰਜੋ ਅਗੋਚਰ ਲਖ੍ਯੋ ਨ ਕੋਇ ॥੧੬॥
ਜੋ ਮਹਾਨ ਤੇ ਅਤਿ ਮਹੀਯਾਨੇ।
ਬਿਦਤਹੁ ਤੇ ਅਤਿ ਬਿਦਤ ਬਖਾਨੇ।
ਫੁਰਨ ਪਲਕ ਕੋ ਜਿਸ ਥਿਨ ਨਾਂਹੀ।
ਦੀਨਸਿ ਚੇਤਨਤਾ ਸਭਿ ਮਾਂਹੀ ॥੧੭॥
ਇੱਤ੍ਯਾਦਿਕ ਜਿਸ ਬੇਦ ਬਖਾਨੇ।
ਇਕਰਸ ਸਦਾ ਸੁ ਗਗਨ ਸਮਾਨੇ।
ਸ੍ਵਗਤਿ, ਸਜਾਤਿ, ਬਿਜਾਤੀ ਭੇਦ ਨ[1]।

[1]ਦੇਖੋ ਰਾਸ ੫ ਅੰਸੂ ੪੧ ਅੰਕ ਤੋਂ ਅੱਗੇ।

ਦੇਸ਼ ਕਾਲ ਵਸਤੂ ਜੁ ਪ੍ਰਛੇਦ ਨ[1] ॥੧੮॥

[1]ਦੇਸ, ਕਾਲ ਤੇ ਵਸਤੂ ਤੋਂ ਜੋ ਛੇਦਿਆ ਨਹੀਂ।

ਚਾਰਹੁੰ ਬੇਦ ਕਰਹਿਂ ਸੁ ਬਤਾਵਨਿ।
ਜੋ ਉੱਤਮ ਉਪਨਿਸ਼ਦੈਂ ਪਾਵਨ[1]।

[1]ਜੋ ਉੱਤਮ ਉਪਨਿਸ਼ਦਾਂ ਪਵਿੱਤ੍ਰ ਹਨ।

ਬੀਚ ਪਾਰਸੀ ਸਭਿ ਲਿਖਵਾਈ।
ਆਦਿ ਅੰਤ ਲੌਂ ਨੀਕ ਬਨਾਈ ॥੧੯॥
ਸਕਲ ਪਠੀ ਮੈਂ ਭਲੇ ਬਿਚਾਰੀ।
ਸਾਰ ਅਸਾਰ ਜਨਾਵਤਿ ਸਾਰੀ।
ਭੇਟੇ[1] ਬਹੁ ਉੱਤਮ ਸੰਨਯਾਸੀ।

[1]ਮਿਲਿਆ ਹਾਂ।

ਕ੍ਰਿਪਾ ਠਾਨਿ ਭਾਖ੍ਯੋ ਮੁਝ ਪਾਸੀ ॥੨੦॥
ਮੁਰਸ਼ਦ ਮੀਆਮੀਰ ਮਹਾਨਾ।
ਜਿਸ ਕੀ ਮਿਹਰ ਹਤ੍ਯੋ ਅੱਗ੍ਯਾਨਾ।
ਤਿਨ ਕੋ ਸੰਗ ਭਯੋ ਮੁਝ ਨੀਕਾ।
ਜਨਮ ਮਰਨ ਕਾਟ੍ਯੋ ਦੁਖ ਜੀਕਾ ॥੨੧॥
ਤਿਨ ਢਿਗ ਮੈਂ ਅੱਭ੍ਯਾਸ ਕਮਾਵਾ।
ਅੰਤਰ ਬ੍ਰਿਤੀ ਮੋਹਿ ਮਨ ਲਾਵਾ।
ਕੀਨਸਿ ਬਹੁ ਸੰਤਨਿ ਕੀ ਸੰਗਤਿ।
ਬੈਠਤਿ ਰਹ੍ਯੋ ਤਿਨਹੁੰ ਕੀ ਪੰਗਤਿ ॥੨੨॥
ਨਿਸ ਦਿਨ ਇਮ ਮੁਝ ਕੋ ਸਭਿ ਜਾਨ੍ਯੋ।

ਮਿਲਿ ਤੁਰਕਨਿ ਰੌਰਾ ਬਹੁ ਠਾਨਜੋ।
-ਦੀਨ ਸ਼ਰਾ ਤੇ ਹੋਯਹੁ ਬਾਹਰ-।
ਜਹਿਂ ਕਹਿਂ ਕਰੈਂ ਮੁਲਾਨੇ ਜ਼ਾਹਰ ॥੨੩॥
ਤਬਿ ਨੁਰੰਗ ਬਾਦੀ ਜੁ ਕੁਸ਼ੀਲ[1]।
ਹਿਤ ਸਮੁਝਾਵਨਿ ਪਠਜੋ ਵਕੀਲ।
ਜੀਵ ਨਰਕ ਮਹਿਂ ਜਜੋਂ ਦੁਖ ਪਾਵੈਂ।
ਨਿਕਸੈ ਕੋ ਨ, ਰਖੈਂ ਸਮੁਝਾਵੈਂ[1] ॥੨੪॥

[1]ਝਗੜਾਲੂ ਤੇ ਖੋਟੇ ਸੁਭਾਉ ਵਾਲਾ ਨੁਰੰਗਾ।

[1]ਜਿਵੇਂ ਨਰਕ ਵਿੱਚ (ਡਿੱਗੇ) ਜੀਵਨ (ਬੜਾ ਹੀ) ਦੁੱਖ ਪਾਉਣ ਤੇ ਵੀ ਨਿਕਲਨ ਨੂੰ ਨਾਂ (ਕਰਨ, ਸਗੋਂ ਹੋਰਨਾਂ ਨੂੰ ਬੀ ਵਿੱਚ) ਰੱਖਣ ਵਾਸਤੇ ਸਮਝਾਵਣ।

ਤਿਮ ਮੁਝ ਕੋ ਕਹਿ ਬੁੱਧਿ ਬਤਾਵੈਂ।
ਮੰਦ ਮਤੀ ਕੁਛ ਨਹੀਂ, ਲਖਾਵੈਂ।
ਮੈਂ ਤਿਨ ਕਉ ਗਹਿ ਗਹਿ ਕਹਿ ਮਤੀ[1]।
ਦਿਏ ਛੋਰਿ ਪੁਨ ਮੂਰਖ ਅਤੀ ॥੨੫॥

[1]ਮੈਂ ਉਨ੍ਹਾਂ ਨੂੰ ਹਲੂਣ ਹਲੂਣ ਕੇ ਮੱਤ ਕਹੀ (ਪਰ ਅੰਤ)।

ਨਿੰਦਾ ਕਰਹਿ ਸਗਲ ਤੁਰਕਾਨਾ।
ਬੰਧੇ ਸ਼ਰ੍ਹਾ ਫਾਸਿ, ਬੁਧਿ ਹਾਨਾ।
ਮੈਂ ਤਿਨ ਕੀ ਕਬਿ ਏਕ ਨ ਮਾਨੀ।
ਕੁਮਤਿ ਨਾਰਕੀ ਤਨ ਅਭਿਮਾਨੀ[1] ॥੨੬॥

[1]ਦੇਹ ਅਭਿਮਾਨ ਵਾਲੇ।

ਸੰਤਨਿ ਕੀ ਕਰੁਨਾ ਮੁਝ ਹੋਈ।
ਐਸੇ ਬਿਘਨ ਛੁਵੇ, ਨਹਿਂ ਕੋਈ।
ਬਧੈ ਲਾਲਸਾ ਨਿਤ ਅਧਿਕਾਈ।
ਹੁਇ ਸਰੂਪ ਮੈਂ ਨਿਸ਼ਚਲ ਤਾਈ ॥੨੭॥
ਮਿਥਜਾ ਜਗ ਕੇ ਦੁਖ ਸੁਖ ਜੋਈ।
ਅਗਨੀ ਸਮ ਦਹੀਯਤਿ ਸਭਿ ਕੋਈ।
ਤੁਮ ਅਬਿ ਕ੍ਰਿਪਾ ਕਰਹੁ ਅਸ ਹੋਹੀ।
ਤਿਨ ਕੀ ਆਂਚ ਨ ਲਾਗਹਿ ਮੋਹੀ ॥੨੮॥
ਨਿਜ ਸਰੂਪ ਮਹਿਂ ਥਿਰਤਾ ਪਾਵਉਂ।
ਜਿਸ ਤੇ ਜਨਮ ਰੁ ਮਰਨ ਮਿਟਾਵਉਂ।
ਉਪਜੈ ਬ੍ਰਹਮ ਬਿਖੈ ਬਿਸਵਾਸ।
ਕਟਹਿ ਪੁਰਾਭਨ ਦੁਬਿਧਾ ਫਾਸ ॥੨੯॥
ਬ੍ਰਹਮ ਸਰੂਪ ਬ੍ਰਿਤੀ ਥਿਤ ਹੋਇ।
ਤਨ ਹਉਮੈਂ ਤਜਿ ਲਹਿ ਸੁਖ ਸੋਇ।

ਮਿਟਹੁ ਅਨਿਕਤਾ[1] ਮਨੁ ਮੇਰੇ ਕੀ।
ਹੋਹਿ ਸਫਲਤਾ ਤੁਮ ਹੇਰੇ ਕੀ ॥੩੦॥
ਅਪਰ ਜਾਚਨਾ ਕਰੌਂ ਨ ਕੋਈ।
ਆਦਿ ਰੁ ਅੰਤ ਸਮੈਂ ਤਜਿ ਹੋਈ[1]।
ਨਾਸ਼ਵੰਤ ਜੋ ਸੁਖ ਜਗ ਕੇਰੋ।
ਜਿਸ ਜਾਚਨਿ ਕੋ ਨਹਿਂ ਮਨ ਮੇਰੋ ॥੩੧॥
ਤਨ ਧਰਿਬੇ ਕੇ ਜੇ ਬਿਵਹਾਰ।
ਪ੍ਰਾਪਤਿ ਪਰਾਲਬਧ ਅਨੁਸਾਰ।
ਤਿਨ ਕੋ ਜਤਨ ਕਰਨਿ ਹੈ ਬਾਦ।
ਹਾਨ ਲਾਭ ਸ਼ੋਕਦ ਅਹਿਲਾਦ[1] ॥੩੨॥
ਸਹਜ ਸੁਭਾਯਕ ਜਿਮ ਚਲਿ ਆਵੈ।
ਹਰਖ ਸੋਗ ਬਿਨ ਤਥਾ ਬਿਤਾਵੈ।
ਕਰਨਿ ਉਪਾਇ ਲਖਯੋ ਮੈਂ ਨੀਕੋ।
ਜਿਸ ਤੇ ਕਟਹਿ ਕਸ਼ਟ ਨਿਤ ਜੀ ਕੋ ॥੩੩॥
ਯਾਂ ਤੇ ਲਾਲਸ ਅਹੈ ਹਮਾਰੀ।
ਪ੍ਰਾਪਤਿ ਹੋਵਹਿ ਕ੍ਰਿਪਾ ਤੁਮਾਰੀ।
ਸ੍ਰੀ ਨਾਨਕ ਤੇ ਬਹੁ ਬਰੁਸਾਏ।
ਸਭਿ ਜਗ ਮਹਿਂ ਜਸ ਜਿਨ ਕੋ ਛਾਏ ॥੩੪॥
ਤਿਸ ਗਾਦੀ ਕੇ ਮਾਲਿਕ ਅਹੋ।
ਨਿਜ ਉਪਦੇਸ਼ ਮੋਹਿ ਕੋ ਕਹੋ।
ਜਿਸ ਸਰੂਪ ਕਹੁ ਬੇਦ ਬਤਾਵੈ।
ਤਿਸ ਮਹਿਂ ਮਨ ਇਸਥਿਰਤਾ ਪਾਵੈ ॥੩੫॥
ਪੰਚਹੁਂ ਇੰਦ੍ਰੈ ਤੇ ਰਹਿ ਪਰੈ।
ਜਿਸ ਕੇ ਇਹ[1] ਅਲੰਬ ਹੁਇ ਥਰੈਂ।
ਅਖਿਲ ਤੇਜ ਕਹੁ ਦਾਯਕ ਤੇਜ।
ਸਭਿ ਕਉ ਸੱਤਾ ਦੇਤਿ ਅਮਜ਼[1] ॥੩੬॥
ਦੋਹਰਾ:
ਕ੍ਰਿਪਾ ਆਪ ਕੀ[1] ਠਾਨਿ ਕੈ, ਤਹਿਂ ਮਨ ਦੇਹੁ ਟਿਕਾਇ।

[1]ਭਾਵ ਦ੍ਵੈਤ।
[1]ਪਹਿਲੇ ਯਾ ਪਿਛੋਂ ਤਿਆਗ ਜਿਨ੍ਹਾਂ ਦਾ ਹੋਣਾਂ ਹੈ।
[1]ਹਰਖ ਸ਼ੋਕ ਦੇਣ ਵਾਲੇ ਹਨ।
[1]ਭਾਵ ਇੰਦ੍ਰਯ।
[1]ਇਕ ਰਸ, ਮਿਲ ਕਰਕੇ।
[1]ਆਪਣੀ।

ਰਾਗ ਦ੍ਵੈਸ਼ ਨਹਿਂ ਛ੍ਵੈ ਸਕਹਿ, ਸਤਿਗੁਰ ਸੰਤ
ਸਹਾਇ' ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਦਾਰ ਸ਼ਕੋਹ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

## ੧੭. [ਦਾਰਾਸ਼ਕੋਹ ਨੂੰ ਉਪਦੇਸ਼]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:

ਸ਼੍ਰੀ ਸਤਿਗੁਰ ਹਰਿ ਰਾਇ ਜੀ,
ਭੁਗਤਿ ਮੁਕਤਿ ਦੇ ਦਾਨ।
ਰਿਦਾ ਸ਼ੁੱਧ ਦੇਖਨਿ ਕਰਜੋ,
ਦਾਰਸ਼ਕੋਹੁ ਸੁਜਾਨ ॥੧॥

ਚੌਪਈ:

'ਤੁਰਕੇਸ਼ੁਰ'† ਕੇ ਬੰਸ ਮਝਾਰੇ।
ਸ਼ੁਭ ਮਤਿ ਉਪਜਜੋ ਗੁਨ ਬੀਚਾਰੇ[1]।
ਮਰੂ[1] ਦੇਸ਼ ਜਿਮ ਸੁਰਤਰੁ ਹੋਵਾ।
ਜਿਮ ਕਾਕਨਿ ਕੇ ਕੋਕਿਲ ਜੋਵਾ[1] ॥੨॥
ਬਕਨਿ ਬੰਸ ਕਲਹੰਸ[1] ਉਪੰਨਾ।
[1]ਕੋ ਖੁਦਾਇ ਦਰਵਸ਼ ਪ੍ਰਸੰਨਾ।
ਪਰਮਾਰਥ ਮਹਿਂ ਸੁਮਤਿ ਲਗਾਈ।
ਜਨਮ ਮਰਨ ਕੀ ਖ੍ਵੈ ਦੁਚਿਤਾਈ[1] ॥੩॥
ਬਿਖੈ ਬਾਸ਼ਨਾ ਦੁਰਮਤਿ ਨਾਸ਼ੀ।
ਕਰੀ ਨਿਕੰਦ[1] ਸ਼ਰ੍ਹਾ ਗਰ ਫਾਸੀ।
ਉੱਤਮ ਪੰਥ ਚਲਿਨਿ ਚਿਤ ਚਹਜੋ।
ਪੂਰਬ ਬਡਭਾਗਨਿ ਤੇ ਲਹਜੋ ॥੪॥
ਭੋਗਨਿ ਰਾਜ ਸਮਾਜ ਬਿਸਾਲ।
ਇਸਤ੍ਰੀ ਆਦਿ ਬਿਸ਼ਜਨਿ ਜੰਜਾਲ।
ਨਾਸ਼ਵੰਤ ਇਹ ਕੇਤਿਕ ਦਿਨ ਕੇ।
ਛਿਨ ਭੰਗਰ ਜਿਮ ਓਸਨਿ ਕਨਕੇ[1] ॥੫॥
ਫਸਿ ਫਸਿ ਇਨ ਮਹਿਂ ਕਸ਼ਟ ਲਹੰਤੇ।
ਸੱਤਜਨਾਮ ਕਉ ਨਹਿਂ ਸਿਮਰੰਤੇ।
ਸਾਧੁ ਸਾਧੁ ਯਾਂ ਤੇ ਮਤਿ ਤੇਰੀ।
ਛੁਟਨਿ, ਪਰਜੋ ਬਿਸ਼ਿਯਨਿ ਕੀ ਬੇਰੀ[1] ॥੬॥
ਬ੍ਰਹਮ ਆਤਮਾ ਮੈਂ ਥਿਤ ਚਾਹਤਿ।
ਅਨੰਦ ਹੋਨਿ ਕੋ ਮਹਦ ਉਮਾਹਤਿ।

†ਪਾ:-ਤੁਰਕੇਸ਼ਨਿ।

[1](ਇਹ) ਗੁਣ ਵਾਲਾ ਵਿਚਾਰਿਆ। (ਅ) (ਤਤ ਮਿੱਥਿਆ ਦੇ) ਵਿਚਾਰ (ਆਦਿ) ਗੁਣ ਜਿਸ ਵਿਚ ਹਨ।

[1]ਰੇਤਲੇ।

[1]ਕਾਵਾਂ ਦੇ ਜਿਵੇਂ ਕੋਇਲ ਦੇਖੀਦੀ ਹੈ।

[1]ਰਾਜ ਹੰਸ। (ਅ) ਸੁੰਦਰ ਹੰਸ।

[1]ਕਿਸੇ ਖੁਦਾ ਦੇ ਦਰਵੇਸ਼ ਨੇ ਪ੍ਰਸ਼ਨ (ਹੋਕੇ) ਪ੍ਰਮਾਰਥ ਵਿਚ.......।

[1]ਦੁਬਿਧਾ ਯਾ ਚਿੰਤਾ ਦੂਰ ਕੀਤੀ।

[1]ਨਾਸ਼ ਕੀਤੀ।

[1]ਤ੍ਰੇਲ ਦੇ ਤੁਪਕੇ।

[1]ਜੋ ਵਿਸ਼ਿਆਂ ਦੀ ਬੇੜੀ ਪਈ ਹੈ ਉਸ ਤੋਂ ਛੁੱਟਣ ਲਈ।

ਤਿਹ ਸਾਧਨ ਸਾਧਤਿ[1] ਸਭਿ ਭਾਂਤੀ। [1]ਤਿਸ ਦੇ ਸਾਧਨਾਂ ਨੂੰ ਸਾਧਦਾ ਹੈਂ।
ਜਿਸ ਤੇ ਪਰੇ ਅਪਰ ਨਹਿਂ ਬਾਤੀ ॥੭॥
ਕਰਿਬੇ ਲਗਹਿ ਜੁ ਕਾਰਜ ਰਾਸ।
ਤਾਂਹਿ ਸਹਾਇਕ ਚਹੀਅਹਿ ਪਾਸ।
ਜਗ ਮਹਿਂ ਉੱਚਾਵਚ ਜੇ ਕਾਜ[1]। [1]ਕਈ ਪ੍ਰਕਾਰ ਦੇ (ਯੱਗਜ, ਖੂਹ, ਤਾਲ ਆਦਿ ਸ਼ੁਭ ਕਰਮ)। (ਅ) ਛੋਟੇ ਵੱਡੇ ਕਾਰਜ [ਸੰਸ. ਉਚ੍ਹਾਵਚ]
ਲੋਕ ਪ੍ਰਲੋਕਨਿ ਕੈ ਸੁਖ ਸਾਜ[1] ॥੮॥ [1]ਸੁਖ ਦੇ ਸਾਮਾਨ।
ਕਿਤਿਕ ਸਹਾਇਕ ਬਿਨ ਨਹਿਂ ਹੋਤਿ।
ਨਿਸ਼ਫਲ ਜਾਇ ਅਰੰਭ ਉਦੋਤ[1]। [1]ਉਨ੍ਹਾਂ ਕੰਮਾਂ ਦਾ ਜੋ) ਅਰੰਭ ਕਰਨਾ ਹੈ।
ਕੇਤਿਕ ਹੈਂ ਦੁਹਸਾਧਯ[1] ਮਹਾਨ। [1]ਕਠਨ ਸਾਧੇ ਜਾਣ ਵਾਲੇ।
ਕਰਿ ਸਕਿ ਹੈ ਜੇ ਸਮਰਥਵਾਨ ॥੯॥
ਜਿਨ ਕਉ ਮਿਲੇ ਸਹਾਯਕ ਭਾਰੇ।
ਸੋ ਸਭਿ ਕਾਰਜ ਕਰਹਿਂ ਸੁਖਾਰੇ।
ਨਹੀਂ ਸਹਾਇਕ, ਸਮਰਥ ਨਾਂਹੀ।
ਸੰਸੈ ਹੈ ਤਿਸ ਕਾਰਜ ਮਾਂਹੀ ॥੧੦॥
ਹੋਇ ਸਹਾਇਕ ਸਮਰਥ ਭਾਰੋ।
ਤਬਿ ਕਾਰਜ ਨਿਸ਼ਚਿੰਤ ਸੁਧਾਰੋ।
ਜੋ ਕਾਰਜ ਬ੍ਰਹਮਗਜਾਨ ਬਿਸਾਲਾ।
ਸੱਤਜਨਾਮ ਤੇ ਪੁਰਹਿ ਸੁਖਾਲਾ ॥੧੧॥
ਸੋ ਸਤਿਨਾਮ ਸਤਿਗੁਰੂ ਪਾਸ।
ਜਿਸ ਕੋ ਬਖਸ਼ਹਿਂ ਕਰਹਿਂ ਪ੍ਰਕਾਸ਼।
ਤਿਸ ਕੋ ਸਭਿ ਸੁਖੈਨ ਹੁਇ ਜਾਵੈਂ।
ਅਨਿਕ ਬਿਘਨ ਦੈ ਹਾਥ ਬਚਾਵੈਂ ॥੧੨॥

ਦੋਹਰਾ:

ਮਾਰਗ ਇਹ ਬਿਨ ਸਤਿਗੁਰੂ, ਦੁਸ਼ ਪ੍ਰਾਪਤਿ ਅਤਿ ਜਾਨ।
ਗੁਰੂ ਗ੍ਰਿੰਥ ਮੈਂ ਕਹਜੋ ਸ਼ੁਭ, ਸੋ ਸੁਨਿ ਕਾਨ ਪ੍ਰਮਾਨ[1] ॥੧੩॥ [1]ਉਹ ਪ੍ਰਮਾਣ ਕੰਨੀ ਸੁਣੋ।

ਸ੍ਰੀ ਮੁਖਵਾਕ:

ਮਃ ੧ ॥
ਨਾਨਕ ਗੁਰੁ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥

ਪੁਨ:

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ ॥

ਚੌਪਈ:

ਪਠਿ ਪਠਿ ਗ੍ਰੰਥ ਹੋਇ ਸਵਧਾਨ।
ਚਾਹਤਿ ਆਨੰਦ ਬ੍ਰਹਮ ਗਿਆਨ।
ਨਹਿਂ ਸਿਮਰਹਿ ਸਤਿਗੁਰ ਸਤਿਨਾਮੁ।
ਤਿਸ ਕੇ ਨਿਸ਼ਫਲ ਹੁਇਂ ਸਭਿ ਕਾਮ ॥੧੪॥
ਤਿਲ ਬੁਆੜ ਜਸੋਂ ਰਾਖ ਮਝਾਰ[1]।
ਅੰਤਕਾਲ ਤਿਮ ਹੁਇ ਨ ਸੰਭਾਰ।
ਜਿਸ ਕੀ ਸਤਿਗੁਰ ਕਰਹਿਂ ਸਹਾਇ।
ਨਿਸ਼ਚੈ ਬ੍ਰਹਮਗਜਾਨ ਕਹੁ ਪਾਇ ॥੧੫॥
ਜੋ ਸਾਗਰ ਕੋ ਤਰਿਬੋ ਚਾਹੈ।
ਪਾਰ ਪਰਨਿ ਕਉ ਬਲ ਭੁਜ ਮਾਂਹੈਂ।
ਤਉ ਜਿ ਕੇਵਟ ਤਹਿਂ ਕੋ ਹੋਇਂ।
ਤਿਨ ਸੋਂ ਬੂਝਤਿ ਰਹਿ ਸੁਖ ਹੋਇ ॥੧੬॥
ਨਾਂਹਿ ਤ ਕਪਰ ਜਿ ਸਾਗਰ ਮਾਂਹੀ।
ਤਿਨ ਕਉ ਭੇਦ ਲਖਿ ਸਕੈ ਨਾਂਹੀ।
ਤਰਤਿ ਜਾਤਿ ਕਹੁ ਖੈਂਚ ਸੁ ਲੇਤੇ।
ਰਾਖਹਿਂ ਬੀਚ ਨ ਉਬਰਨਿ ਦੇਤੇ ॥੧੭॥
ਤਰਤਿ ਜਿ ਨਰ ਤਿਨ ਗਿਨਤੀ ਕਉਨ।
ਊਪਰ ਉਡੇ ਜਾਹਿਂ ਖਗ ਜੌਨ।
ਤਿਨਹੁ ਐਂਚਿ ਕਰਿ ਲੇਤਿ ਡੁਬਾਈ।
ਕੇਵਟ ਬੂਝੇ ਦੇਤਿ ਬਤਾਈ ॥੧੮॥
ਦਾਹਨ ਬਾਮ ਬਿਚਾਰ ਬਚਾਵਉ।
ਸੂਧੇ ਪਾਰ ਉਤਰਿ ਕਰਿ ਜਾਵਉ।
ਤਿਮ ਸਤਿਗੁਰ ਤਿਹ ਭੇਦ ਬਤਾਵੈਂ।
ਕਾਮਾਦਿਕ ਸਭਿ ਤੇ ਸੁ ਬਚਾਵੈਂ ॥੧੯॥
ਸਿਮਰਨ ਸੱਤਿਨਾਮ ਦੇਂ ਰੰਗ।
ਜੀਵਤਿ ਮ੍ਰਿੱਤੁ ਸਦਾ ਰਹਿਂ ਸੰਗ।
ਜਸ ਜਸ ਭੀਰ ਜਹਾਂ ਜਹਿਂ ਹੋਈ।
ਸੁਖਦ ਸਹਾਇਕ ਤਹਿਂ ਤਹਿਂ ਹੋਈ ॥੨੦॥

[1]ਵਿਚ ਸੁਆਹ ਹੁੰਦੀ ਹੈ।

ਸੱਤਿਨਾਮ ਸਿਮਰਨ ਤੇ ਹੀਨ†।
†ਵਾਚ ਗਜਾਨੀਆਂ ਨੂੰ ਧਿਆਨ ਨਾਲ ਕਵਿ ਜੀ ਦਾ ਆਸ਼ਾ ਸਮਝਣਾ ਚਾਹੀਏ।

ਸ਼੍ਰਵਣਾਦਿਕ ਜੁ ਕਰਹਿਂ ਹਿਤ ਚੀਨ[1]।
[1]ਸ਼੍ਰਵਣ ਆਦਿਕ ਜੋ (ਆਤਮਾਂ ਨੂੰ) ਦੇਖਣ ਵਾਸਤੇ ਕਰਦੇ ਹਨ।

ਤਿਨ ਕਹੁ ਗਜਾਨ ਹੋਨਿ ਮੈਂ ਸੰਸੈ।
ਕੋ ਬਿਕਾਰ ਤੇ ਸਕਲ ਬਿਧੁੰਸੈ[1] ॥੨੧॥
[1]ਕਿਸੀ ਵਿਕਾਰ ਤੋਂ ਸਾਰੇ (ਸ਼੍ਰਵਣਾਦੀ) ਨਾਸ਼ ਹੋ ਜਾਂਦੇ ਹਨ।

ਛੁਟਹਿ ਨ ਤਿਨ ਕੀ ਆਵਾਗਉਨ।
ਬਿਨ ਸਹਾਇ ਬਪੁਰੇ ਨਰ ਜੌਨ।
ਕੋ ਨਹਿਂ ਦੇ ਕਰਿ ਹਾਥ ਬਚਾਵੈ।
ਕਜਾ ਸੋ ਕਰਹਿਂ ਅੰਤ ਬਿਲਲਾਵੈਂ ॥੨੨॥
ਯਾਂ ਤੇ ਸੁਨਿ ਹਮਰੋ ਉਪਦੇਸ਼।
ਸਭਿ ਸੁਖੇਨ ਹੀ ਮਿਟੈਂ ਕਲੇਸ਼।
ਕਰਹੁ ਅਰਾਧਨਿ ਸਭਿ ਜਗ ਨਾਇਕ।
ਪ੍ਰਭੁ ਬਿਸਾਲ, ਹੁਇ ਦਾਸ ਸਹਾਇਕ ॥੨੩॥
ਇਕ ਮੇਵਾ ਦੁਤੀਯੋ ਜੋ ਬ੍ਰਹਮ[1]।
[1]ਕਵਿ ਜੀ ਛਾਂਦੋਗਜ ਉਪਨਿਸ਼ਦ ਵਿੱਚੋਂ ਦੱਸ ਰਹੇ ਹਨ ਦੇਖੋ ਪ੍ਰ: ੬, ਖੰਡ ੨, ਮੰਤ੍ਰ ੧. ਅਸਲ ਪਾਠ ਐਉਂ ਹੈ:-ਏਕ ਮੇਵਾ ਦ੍ਵਿਤਜਮ = ਨਿਸਚੇ ਕਰਕੇ ਇਕ ਦ੍ਵੈਤ ਤੋਂ ਰਹਿਤ, ਭਾਵ ਸੱਤਿ ਵਸਤੂ ਇਕ ਹੈ, ਦ੍ਵੈਤ ਤੋਂ ਰਹਿਤ ਹੈ।

ਇਸ ਕੋ ਸ਼੍ਰਵਨ ਕਰਿਹੁ ਤਜਿ ਭਰਮ।
ਸੁਭਟ ਰਥੀ ਸਮ ਇਸ ਕੋ ਜਾਨਿ।
ਇਕ ਸੌ ਲਰਹਿ[1] ਜੁ ਹੁਇ ਸਵਧਾਨ ॥੨੪॥
[1]ਇਕ ਸੌ ਨਾਲ ਇਕ ਲੜੇ।

ਰਿਪੁ ਗਨ ਜੁਟੇ ਜੁ ਚਹੇ ਸਹਾਇ।
ਸ਼੍ਰਵਣ ਸਹਾਇਕ ਚਹਿ ਇਸ ਭਾਇ[1]।
[1]ਸ਼੍ਰਵਣ ਸਹਾਇਕ ਨੂੰ ਇਸ ਤਰ੍ਹਾਂ ਚਾਹੁੰਦਾ ਹੈ।

ਸੱਤਿਨਾਮ ਕਹੁ ਸਿਮਰਨ ਕਰਿਬੇ।
ਹਤਹਿ ਬਿਕਾਰ ਕਾਮ ਜੁਤਿ ਸਰਬੇ ॥੨੫॥
ਅਯੰ ਆਤਮਾ ਬ੍ਰਹਮ[1] ਸੁ ਜੋਇ।
[1]ਏਹ ਮੇਰਾ ਆਤਮਾ ਹੀ ਬ੍ਰਹਮ ਹੈ।

ਮਨਨ ਕਰਨ ਨਿੱਧਯਾਸਨ ਸੋਇ।
ਮਹਾਂਰਥੀ ਸਮ ਬਲ ਕਹੁ ਧਰੈ।
ਦਸ ਹਜ਼ਾਰ ਸੰਗ ਏਕਹੁ ਲਰੈ ॥੨੬॥
[1]ਅਨਿਕ ਰਿਪੁਨਿ ਸੋਂ ਜਬਿ ਇਹ ਜੁਟੇ।
[1]ਅਨੇਕ ਵੈਰੀਆਂ ਨਾਲ ਜਦ ਜੁੱਟੇਗਾ ਤੇ ਬਲ ਖੁੱਟਣ ਲੱਗੇਗਾ ਤਦ ਸਹਾਯਕ ਦੀ ਲੋੜ (ਪਵੇਗੀ ਉਸ ਵੇਲੇ)

ਸਤਿਨਾਮ ਨਾਲ ਲਿਵ ਲਾਉਣੀ ਸਾਰੇ ਵਿਕਾਰਾਂ ਨੂੰ ਭਜਾ ਦੇਵੇਗੀ।

ਚਹਤਿ ਸਹਾਇਕ ਤਬਿ ਬਲ ਖੂਟੇ।
ਸੱਤਿਨਾਮ ਸੋਂ ਲਿਵਹਿ ਲਗਾਵਨਿ।
ਸਭਿ ਬਿਕਾਰ ਅਤਿ ਕਰਹਿ ਭਜਾਵਨਿ[4] ॥੨੭॥
ਜਬਿ ਸੱਖਜਾਤਕਾਰ ਉਰ ਭਯੋ।
ਭਰਮ ਭੇਦ ਸਭਿ ਹੀ ਛੁਟਿ ਗਯੋ।
ਇਹ ਅਤਿਰਥੀ ਸਹਾਇ ਨ ਚਾਹਤਿ।
ਏਕਾਕੀ ਰਿਪੁ ਲਾਖਹੁੰ ਗਾਹਤਿ ॥੨੮॥
ਫੁਰਹਿ ਦ੍ਵੈਤ ਨਹਿਂ ਹੋਇ ਬਿਕਾਰ।
ਨਿਜ ਸਰੂਪ ਲਖਿ ਸਗਲ ਪਸਾਰਾ।
ਵਸਤੂ ਦੁਤਿਯ ਭਾਸਿ ਹੈ ਜਬੈ।
ਮਨ ਸੰਕਲਪ ਉਠਾਵੈ ਤਬੈ ॥੨੯॥
ਸ਼੍ਰਵਣ ਸੁ ਦਾਵਾਗਨਿ ਬਨ ਬਾਰ[1]।
ਬੁਝਤਿ ਬਾਰ ਬਿਨ ਬਰਖੇ ਬਾਰ[1]।
ਮਨਨ ਕਰਨਿ ਨਿੱਧਜਾਸਨ ਦੋਇ।
ਬਿਜਰੀ ਕੀ ਅਗਨੀ ਸਮ ਸੋਇ ॥੩੦॥
ਕਬਿ ਜਾਗੈ ਕਬਿ ਹੀ ਛਿਪ ਜਾਇ।
ਨਾਸ਼ ਵਾਸਤਵ ਹੁਇ ਨ ਸਕਾਇ।
ਅਰੁ ਸਾਖਜਾਤਕਾਰ ਜਬਿ ਭਯੋ।
ਬੜਵਾਗਨਿ[1] ਕੀ ਸਮਤਾ ਲਯੋ ॥੩੧॥
ਸਦਾ ਅਚੱਲ ਰਹੈ ਅਬਿਨਾਸ਼ੀ।
ਨਿਤਪ੍ਰਤਿ ਜਾਰਤਿ ਹੈ ਜਲ ਰਾਸੀ।
ਸਿੰਧ ਅੱਗਜਾਨ[1] ਬਿਨਾਸ਼ਨਿ ਸੋਇ।
ਹਤਨਿ ਬਿਕਾਰਨਿ ਕੋ ਸਭਿ ਕੋਇ[1] ॥੩੨॥
ਯਾਂ ਤੇ ਸੁਨੀਅਹਿ ਦਾਰਸ਼ਕੋਹ !
ਸੱਤਿਨਾਮ ਕੋ ਪ੍ਰੇਮੀ ਹੋਹੁ।
ਸਿਮਰਨ ਕੀ ਸਹਾਇਤਾ ਪਾਇ।
ਨਿਸ਼ਚਾ ਨਿਜ ਸਰੂਪ ਟਿਕ ਜਾਇ ॥੩੩॥

[1]ਸ਼੍ਰਵਣ ਦੇ ਅਗਨੀ ਹੈ ਬਣ ਨੂੰ ਸਾੜਨ ਲਈ।

[1]ਜਲ ਬਰਖੇ ਤਾਂ ਛੇਤੀ ਬੁਝ ਜਾਂਦੀ ਹੈ।

[1]ਸਮੁੰਦਰ ਦੀ ਅਗਨੀ।

[1]ਅਗਿਆਨ ਰੂਪੀ ਸਮੁੰਦਰ।

[1]ਸਭਿ ਕਿਸੇ ਦੇ ਵਿਕਾਰਾਂ ਦਾ ਨਾਸ਼ ਹੁੰਦਾ ਹੈ।

ਸਨੈ ਸਨੈ ਤਨ ਹੰਤਾ ਤਜਾਗਹੁ।
ਨਾਸ਼ਵੰਤ ਲਖਿ ਨਹਿੰ ਅਨੁਰਾਗਹੁ।
ਭਾਣਾ ਪ੍ਰਭੁ ਕੋ ਲਾਗਹਿ ਮੀਠਾ।
ਦੇਖਹੁ ਸੱਤਿ ਸਰੂਪ ਅਡੀਠਾ ॥੩੪॥
ਆਦਿ ਅੰਤ ਜੋ ਵਸਤੂ ਨਾਂਹੀ।
ਮੱਧ ਕੁਤੋ ਸਾਚੀ ਠਹਿਰਾਹੀ।
ਤਨ ਰਿਖੀਕ ਅੰਤਹਿਕਰਨ ਪਰੈ।
ਜੋ ਸਰੂਪ ਤਵ ਨਿਸ਼ਚਾ ਧਰੈ ॥੩੫॥
ਸਾਧਨ ਤੋਹਿ ਬਤਾਵਨਿ ਕੀਨਿ॥
ਕਰਤਿ ਜਿਸੇ ਆਤਮ ਲੇ ਚੀਨ[1]।
ਜਗਤ ਪਦਾਰਥ ਲਖਹੁ ਅਨਿੱਤਜ।
ਇਨ ਮਹਿਂ ਨਹਿਂ ਅਨੁਰਾਗਹੁ ਚਿੱਤ ॥੩੬॥

[1]ਜਿਸ (ਸਾਧਨ) ਦੇ ਕਰਦਿਆਂ ਨਿਜ ਸਰੂਪ ਦੇਖ ਲਵਾਂ।

ਪਰਾਲਬਧ ਅਨੁਸਾਰੀ ਏਹੁ।
ਮਿਲਿ ਬਿਛਰਨਿ ਇਨ ਬਿਖੈ ਅਛੇਹੁ[1]।
ਹਰਖ ਸੋਗ ਤੇ ਰਹੀਅਹਿ ਨਜਾਰੋ।
ਸੱਤਿ ਆਤਮਾ ਏਕ ਬਿਚਾਰੋ ॥੩੭॥

[1]ਇਕ ਰਸ ਹੈ, ਭਾਵ ਜ਼ਰੂਰੀ ਹੈ।

ਜਿਸ ਤੇ ਪਰੇ ਅਪਰ ਨਹਿਂ ਕੋਇ।
ਜਿਸ ਜਾਨੇ ਜਗ ਬੰਧਨ ਖੋਇ।
ਜਿਸ ਨਿਸ਼ਚੈ ਕਰਿ ਜਨਮ ਨ ਮਰੈ।
ਸਗਲ ਕਲੇਸ਼ਨਿ ਕੋ ਪਰਹਰੈ ॥੩੮॥
ਇਹ ਤੋ ਪਰਮਾਰਥ ਕੀ ਬਾਤ।
ਕਹੇ ਸੁਨੈ ਉਪਜੈ ਸੁਖ ਸ਼ਾਂਤਿ।
ਅਬਿ ਭਾਖਹੁ ਅਪਨੋ ਬਿਵਹਾਰੇ।
ਕਿਤ ਤੇ ਆਏ ਕਹਾਂ ਪਧਾਰੇ? ॥੩੯॥
ਮਨ ਕੇ ਬਿਖੇ ਇਰਾਦਾ ਕੌਨ?
ਕਿਸ ਥਲ ਥਿਰਹਿਂ ਕਰਹਿਂ ਸੁਖ ਭੌਨ?
ਸ਼ੱਤ੍ਰੂ ਪ੍ਰਬਲ ਗਹਯੋ ਤੁਝ ਚਾਹਤਿ।
ਦਾਵ ਘਾਵ ਕਰਿ ਦੁਸ਼ਟ ਉਮਾਹਤਿ' ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਹਰਿਰਾਇ ਉਪਦੇਸ਼ ਦਾਰਸ਼ਕੋਹ ਪ੍ਰਤਿ' ਬਰਨਨੰ ਨਾਮ ਸਪਤਦਸਮੋ ਅੰਸੂ ॥੧੭॥

## ੧੮. [ਦਾਰਾ ਵਿਦਾ, ਨੁਰੰਗੇ ਨਾਲ ਜੰਗ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:
ਸਤਿਗੁਰ ਕੀ ਸੁਨਿ ਬਾਰਤਾ,
ਦਾਰਸ਼ਕੋਹ ਸੁਜਾਨ।
ਸੱਤਿਨਾਮ ਸਿਮਰਨਿ ਲਗੵੋ,
ਬਾਂਛਤਿ ਬ੍ਰਹਮ ਗਿਆਨ ॥੧॥
ਕਹੀ ਕਥਾ ਬਿਵਹਾਰ ਕੀ,
ਜਿਮ ਦਲ ਜੂਟੇ ਜੰਗ।
'ਮਿਲੇ ਜਾਇ ਉਮਰਾਵ ਸਭਿ,
ਦੇਖਤਿ ਨੌਰੰਗ ਸੰਗ'[1] ॥੨॥

[1]ਮਰੇ) ਵੇਖਦਿਆਂ ਨੁਰੰਗੇ ਨਾਲ ਜਾ ਮਿਲੇ।

ਚੌਪਈ:
ਨਹਿਂ ਦਿੱਲੀ ਮਹਿਂ ਥਿਰਤਾ ਪਾਈ।
ਕਿਤਿਕ ਦਿਵਸ ਬਸਿ ਗਿਰ ਕੇ ਥਾਂਈ।
ਅਬਿ ਲਵਪੁਰਿ ਮੈਂ ਜਾਉਂ ਅਗਾਰੀ।
ਜੁੱਧ ਕਰਨਿ ਕਹੁ ਨਹਿਂ ਦਲ ਭਾਰੀ ॥੩॥
ਸਰਬ ਦੇਸ਼ ਰਾਜੇ ਰਜਪੂਤ।
ਮਿਲਿ ਨੌਰੰਗ ਸੰਗ ਕੀਨਹੁ ਸੂਤ।
ਪਤਿਸ਼ਾਹਿਤ ਕੋ ਸਕਲ ਸਮਾਜੂ।
ਨਿਜ ਕਬਜ਼ੇ ਮਹਿਂ ਕੀਨਸਿ ਰਾਜੂ ॥੪॥
ਤੋਪ ਜਮੂਰਨਿ ਕੀ ਕਯਾ ਗਿਨਤੀ।
ਨ੍ਰਿਪ ਸਭਿ ਕਰਹਿਂ ਅਗਾਰੀ ਬਿਨਤੀ।
ਸਰਬ ਰੀਤਿ ਤੇ ਬਧੵੋ ਸਮਾਜਾ।
ਲਰਿਬੇ ਹਿਤ ਅਨਗਨ ਦਲ ਸਾਜਾ ॥੫॥
ਸ਼ਾਹਿਜਹਾਂ ਪਿਤ ਕੋ ਗਹਿ ਲੀਨਾ।
ਭ੍ਰਾਤਾ ਏਕ ਕੈਦ ਕਰਿ ਦੀਨਾ।
ਦੇ ਕਰਿ ਖਾਨ ਪਾਨ ਤਿਨ ਥੋਰਾ।
ਦਿਨ ਪ੍ਰਤਿ ਦੇਤ ਕਸ਼ਟ ਕਹੁ ਘੋਰਾ ॥੬॥
ਦੁਸ਼ਟ ਬਿਸਾਲ ਸੁ ਨੌਰੰਗ ਐਸੇ।
ਨਿਤ ਛਲ ਬਲ ਕੋ ਠਾਨਤਿ ਤੈਸੇ।
ਯਾਂ ਤੇ ਅਬਿ ਲਵਪੁਰਿ ਕੋ ਜਾਇ।
ਪੁਨ ਕਰਿਹੌਂ ਜੈਸੇ ਬਨਿ ਆਇ' ॥੭॥
ਸ਼੍ਰੀ ਹਰਿਰਾਇ ਸੁਨੀ ਸਭਿ ਗਾਥਾ।

ਧੀਰ ਦੇਨਿ ਹਿਤ ਕਹਿ ਤਿਸ ਸਾਥਾ।
'ਭੂਪਨ ਕਹੁ ਇਹੁ ਧਰਮ ਮਹਾਨਾ।
ਸ਼ਸਤ੍ਰ ਗਹਨਿ ਸੰਘਰੁ ਘਮਸਾਨਾ ॥੮॥
ਮਾਰਨ ਅਰੁ ਮਰਨੋ ਰਿਪੁ ਸੰਗ।
ਧਨ ਅਵਿਨੀ ਹਿਤ ਕਰਿਬੋ ਜੰਗ।
ਅਬਿ ਦਿਢ ਹ੍ਵੈ ਕੈ ਸੈਨ ਸਕੇਲਿ।
ਮਿਲਹਿ ਨ੍ਰਿਪਤਿ ਸੋ[†] ਲੇਵੋ ਮੇਲਿ ॥੯॥ [†]ਪਾ:-ਕੋ।
ਕਰਿ ਲਵਪੁਰਿ ਮੈਂ ਬਹੁ ਤਕਰਾਈ।
ਪਾਵਹੁ ਫਤੇ ਮਚਾਇ ਲਰਾਈ।
ਹਮ ਤੇਰੀ ਦਿਸ਼ਿ ਹ੍ਵੈ ਕਰਿ ਲਰੈਂ।
ਜਿਤਿਕ ਸੈਨ ਸਭਿ ਸਨਮੁਖ ਕਰੈਂ ॥੧੦॥
ਹਿੰਮਤ ਕੋ ਹਿਮਾਇਤੀ ਹਰਿ ਹੈ[1]। [1]ਹਿੰਮਤ ਦਾ ਹਮੈਤੀ ਰੱਬ ਹੈ ਭਾਵ ਤੂੰ ਹਿੰਮਤ ਕਰ ਖੁਦਾ ਮਦਦ ਕਰੇਗਾ।
ਏਕ ਬਾਰ ਜੇ ਤਿਹ ਮੁਖ ਮੁਰਿ ਹੈ।
ਰਾਜੇ ਅਨਿਕ ਮਿਲੈਂ ਤੁਝ ਆਇ।
ਜਾਨੈਂ ਤੇਰੋ ਭਲੋ ਸੁਭਾਇ ॥੧੧॥
ਹੈ[1] ਦਲ ਚਢੈ ਹਜ਼ਾਰ ਅਢਾਈ। [1]ਘੋੜਿਆਂ ਦਾ।
ਹਮਰੇ ਸਾਥ ਸਦਾ ਸੁਖਦਾਈ।
ਅਬਿ ਲਰਿਬੇ ਹਿਤ ਰਾਖੈਂ ਔਰ।
ਕਰਹਿਂ ਜੰਗ ਥਿਤ ਹ੍ਵੈ ਜਿਸ ਠੌਰ ॥੧੨॥
ਤਹਿਂ ਤੇਰੇ ਹਮ ਬਨੈਂ ਸਹਾਇਕ।
ਜਸੋਂ ਕਸੋਂ ਕਰਹਿਂ ਤੁਰਕ ਗਨ ਘਾਇਕ।
ਬਿਨਾਂ ਜੁੱਧ ਤੇ ਅਪਰ ਉਪਾਇ।
ਨਹਿਂ ਤੇਰੇ ਢਿਗ ਕੋ ਬਨਿ ਆਇ ॥੧੩॥
ਨਾਂਹਿ ਤ ਦੂਰ ਲਗੌ ਗਨ ਦੇਸ਼।
ਦਿਲੀ ਕੇ ਅਨੁਸਾਰ ਅਸ਼ੇਸ਼।
ਰਹਿਬੇ ਕੀ ਬਿਧਿ ਬਨੈ ਨ ਕਤਹੂੰ।
ਸਭਿ ਅਪਨਾਇ ਲੇਹਿ ਜਿਤ ਤਿਤਹੂੰ ॥੧੪॥
ਜਾਵਦ[1] ਸਗਰੇ ਦੇਸ਼ ਦੁਹਾਈ। [1]ਜਦ ਤਕ।
ਫੇਰਹਿ ਨਹਿਂ ਨੌਰੰਗ ਬਰਿਆਈ।

ਤਾਵਦ ਹੈ ਉਪਾਇ ਕੇ ਜੋਗ।
ਲਰਿਬੇ ਹੇਤੁ ਸਕੇਲਹੁ ਲੋਗੁ ॥੧੫॥
ਦਲ ਮੁਕਾਬਲੇ ਰਨ ਕੇ ਹੋਵਹਿਂ।
ਤਬਿ ਹਮ ਆਇ ਤੋਹਿ ਕਉ ਜੋਵਹਿਂ।
ਸਿੱਖ ਸਖਾ ਸਭਿ ਲੇਹਿਂ ਹਕਾਰ।
ਤਵ ਸਹਾਇ ਕੋ ਕਰਹਿਂ ਉਦਾਰ[1]†' [1]ਬੜੀ।
॥੧੬॥

†ਸਤਿਗੁਰਾਂ ਦੇ ਇਹ ਵਾਕ ਸ਼ਾਇਦ ਦਾਰਾਸ਼ਕੋਹ ਨੂੰ ਪਰਖਣ ਵਾਸਤੇ ਕਹੇ ਗਏ ਕਵਿ ਜੀ ਨੇ ਦਰਸਾਏ ਹਨ, ਕਿਉਂਕਿ ਜੇ ਏਹ ਸੱਚੀ ਮੁੱਚੀ ਜੰਗੀ ਸਹਾਇਤਾ ਵਾਸਤੇ ਕਹੇ ਸਨ ਤਾਂ ਹੋ ਨਹੀਂ ਸਕਦਾ, ਕਿਉਂਕਿ ਛੇਵੇਂ ਸਤਿਗੁਰ ਹੁਕਮ ਦੇ ਗਏ ਸਨ ਕਿ ਤੁਸਾਂ ਜੰਗ ਨਹੀਂ ਕਰਨਾ, ਫਿਰ ਅੱਗੇ ਜਾਕੇ ਇਕ ਪ੍ਰਸੰਗ ਆਵੇਗਾ ਕਿ ਲੜਨ ਦੀ ਲੋੜ ਆ ਪਈ ਤੇ ਬੀ ਸ਼੍ਰੀ ਗੁਰੂ ਹਰਿ ਰਾਇ ਜੀ ਲੜੇ ਨਹੀਂ ਤੇ ਕਿਹਾ ਕਿ 'ਸਾਨੂੰ ਜੰਗ ਕਰਨ ਦਾ ਹੁਕਮ ਨਹੀਂ, ਡੋਲੇ ਪਿੱਛੇ ਹਨ ਉਨ੍ਹਾਂ ਦੀ ਰਾਖੀ ਆਪੇ ਕੋਈ ਕਰੇਗਾ।' ਇਤਨਾਂ ਹੁਕਮ ਮੰਨਣ ਵਾਲੇ ਕਦ ਸ਼ਾਹਿਜ਼ਾਦੇ ਨੂੰ ਕਹਿ ਸਕਦੇ ਹਨ ਕਿ ਅਸੀਂ ਜੰਗ ਨੂੰ ਤਿਆਰ ਹਾਂ ਤੇ ਤੇਰੀ ਥਾਵੇਂ ਲੜਾਂਗੇ। ਪਰ ਇਹ ਯਾਂ ਪਰਤਾਵੇ ਦੇ ਵਾਕ ਕਵਿ ਜੀ, ਨੇ ਲਿਖੇ ਹਨ, ਯਾ ਉਨ੍ਹਾਂ ਨੂੰ ਗ਼ਲਤ ਸੋ ਮਿਲੀ ਹੈ ਯਾ ਆਖੇਪਕ ਹਨ।

ਦਾਰਸ਼ਕੋਹ ਸੁਨਤਿ ਕਰ ਜੋਰੇ।
ਹ੍ਵੈ ਅਧੀਨ ਮਨ ਕਰਤਿ ਨਿਹੋਰੇ[1]। [1]ਬੇਨਤੀ।
'ਨਿਸ਼ਚੈ ਨਿਜ ਸਰੂਪ ਕੇ ਮਾਹੂੰ।
ਤੁਮਰੀ ਤਹਿਂ ਸਹਾਇਤਾ ਚਾਹੂੰ ॥੧੭॥
ਚਾਰ ਦਿਵਸ ਕਹੁ ਜਗਤ ਤਮਾਸ਼ਾ।
ਇਸ ਮਹਿਂ ਕਜਾ ਕਰਨੋ ਭਰਵਾਸਾ।
[1]ਸਗਲ ਪਦਾਰਥ ਜੋਗੁ ਵਿਜੋਗੁ। [1]ਪ੍ਰਾਰਬਧ ਦੇ ਭੋਗਾਂ (ਅਨੁਸਾਰ) ਸਾਰੇ ਪਦਾਰਥਾਂ ਦਾ ਸੰਜੋਗ ਵਿੰਜੋਗ ਹੁੰਦਾ ਹੈ।
ਹੋਵਤਿ ਪਰਾਰਬਧ ਕੇ ਭੋਗ[1] ॥੧੮॥
ਅਰਜੋ ਗਯੋ ਜਹਿਂ ਕਹਿਂ ਰਿਪੁ ਸੰਗ।
ਲਸ਼ਕਰ ਮੇਲਿ ਮਚਾਵੌਂ ਜਗ।
ਜਹਿਂ ਲਗਿ ਹੁਇ ਮੁਝ ਤੇ ਉਤਸਾਹੂ।
ਕਰੌਂ ਮਹਦ ਦੁਸ਼ਟਨਿ ਦਲ ਗਾਹੂ ॥੧੯॥
ਰਚਿ ਰਾਖੀ ਜੈਸੇ ਕਰਤਾਰ।
ਹੁਇ ਸੋਈ ਸੋ ਕਰਹਿ ਨ ਟਾਰ।'
ਇੱਤਜਾਦਿਕ ਕਹਿ ਕਰਿ ਨਿਜ ਗਾਥ।
ਭਯੋ ਬਿਦਾ ਬਹੁ ਨਮਤਾ ਸਾਥ ॥੨੦॥
ਡੇਰੇ ਬਿਖੈ ਰੈਨ ਪੁਨ ਰਹਜੋ।
ਖਾਨ ਪਾਨ ਨਿੰਦ੍ਰਾ ਸੁਖ ਲਹਜੋ।
ਭੋਰ ਭਈ ਪਹੁੰਚੇ ਹਲਕਾਰੇ।

ਸ਼ੱਤ੍ਰ ਭੇਦ ਕਉ ਸਰਬ ਉਚਾਰੇ ॥੨੧॥
'ਕਈ ਹਜ਼ਾਰ ਸੈਨ ਚਢਿ ਧਾਈ।
ਤੁਰਤ ਤੁਰਤਿ[1] ਤੁਮਰੇ ਪਰ ਆਈ[†]।
ਨੌਰੰਗ ਬਹੁ ਭੇਜੇ ਉਮਰਾਵ।
ਧਾਏ ਤੁਮ ਪਰ ਤਾਕਤਿ ਦਾਵ ॥੨੨॥
ਤੋਪ ਜੰਬੂਰਨਿ ਲੈਨ[1] ਬਡੇਰੀ।
ਧਾਵਤਿ ਆਇ ਨ ਕਰਿ ਹੈਂ ਡੇਰੀ।
ਸੁਧਿ ਹਮ ਸੁਨਤਿ ਆਪ ਢਿਗ ਆਏ।
ਪੀਛੈ ਲਸ਼ਕਰ ਚਢਯੋ ਰਿਸਾਏ' ॥੨੩॥
ਦਾਰਸ਼ਕੋਹ ਸੁਨਤਿ ਕਿਯ ਤਜਾਰੀ।
ਮਿਲਿ ਸਤਿਗੁਰ ਸੋਂ ਗਿਰਾ ਉਚਾਰੀ।
'ਲਾਖਹੁੰ ਸੈਨਾ ਅਬਿ ਚਢਿ ਆਈ।
ਬੀਚ[1] ਨ ਬਡੋ ਰਹਯੋ, ਨਿਯਰਾਈ ॥੨੪॥
ਮੈਂ ਲਵਪੁਰਿ ਮੈਂ ਚਾਹਤਿ ਬਰਯੋ।
ਲਸ਼ਕਰ ਆਨਿ ਨੇਰ ਬਡ ਕਰਯੋ।
ਜੇ ਪੁਰਿ ਵਹਿਰ ਪਲਾਇਤ ਜਾਵੌਂ।
ਨਹਿਂ ਮਿਲਿ ਹੈ ਇਹ, ਦੂਰ ਸਿਧਾਵੌਂ ॥੨੫॥
ਲਵਪੁਰਿ ਪ੍ਰਵਿਸ਼ਨਿ ਮਤ ਹੈ ਮੇਰੋ।
ਜਾਨਿ ਨ ਦੇਹਿ ਜਿ ਲਸ਼ਕਰ ਨੇਰੋ।
ਇਤੀ ਮਦਤ ਅਬਿ ਰਾਵਰ ਕੀਜੈ।
ਚਮੂੰ ਸਕਲ ਅਟਕਾਇ ਸੁ ਦੀਜੈ ॥੨੬॥
ਜਥਾ ਫਰਕ ਮੁਝ ਸੋਂ ਪਰ ਜਾਇ।
ਤੈਸੇ ਆਪ ਰਖਹੁ ਅਟਕਾਇ।'
ਸੁਨਿ ਸੰਮਤਿ[1] ਕੋ ਸਤਿਗੁਰ ਕਹਯੋ।
'ਕੁਤੋ ਤ੍ਰਾਸ ਤੁਮ ਏਤੋ ਲਹਯੋ? ॥੨੭॥
ਇਹਾਂ ਠਹਿਰ ਹਮ ਲਰਹਿਂ ਅਗਾਰੀ।
ਹਮਰੈ ਤੋਪ ਤੁਪਕ ਸਭਿ ਤਜਾਰੀ।
ਨਾਂਹਿ ਤ ਟੋਪੀ ਸਿਰ ਪਰ ਧਰੋ।
ਬੈਠਿ ਪ੍ਰਮੇਸ਼ੁਰ ਸਿਮਰਨਿ ਕਰੋ ॥੨੮॥

[1]ਕਾਹਲੀ ਨਾਲ ਟੁਰਦੀ। [†]ਪਾ:-ਤੁਰਤ ਤਤੁਰ ਤੁਰ ਤੁਮ ਪਰ ਆਈ।

[1]ਦੀ ਕਤਾਰ। [ਅੰਗ੍ਰ, ਲਾਈਨ Line]

[1]ਵਿੱਥ।

[1]ਸਲਾਹ।

ਲੋਕ ਪ੍ਰਲੋਕ ਤਖਤ ਚਹਿਂ ਜੋਈ।
ਹਮ ਸਮਰਥ, ਜਾਚਹੁ, ਦੇਂ ਸੋਈ।
ਰਣ ਕਰਿ ਦਿੱਲੀ ਤਖਤ ਦਿਵਾਵੈਂ†। †ਪਾ:-ਦਿਖਾਵੈਂ।
ਸਭਿ ਦੇਸ਼ਨ ਕੇ ਰਾਜ ਕਮਾਵੈਂ† ॥੨੯॥ †ਦਿਵਾਵੈਂ।
ਨਤੁਰ ਦੀਨ ਕੇ ਹ੍ਵੈ ਪਤਿਸ਼ਾਹੂ।
ਅਚਲ ਤਖਤ ਪ੍ਰਾਪਤਿ ਤੁਮ ਪਾਹੂ।'
[1] 'ਸ਼੍ਰੀ ਗੁਰ ! ਤੁਮ ਤੇ ਜਗ ਪਤਿਸ਼ਾਹਿਤ। [1]ਦਾਰਾ ਬੋਲਿਆ:-।
ਕੋ ਦਿਨ ਕੀ ਕੁਰੀ ਨਹਿਂ ਚਾਹਤਿ ॥੩੦॥
ਬਨਹੁ ਸਹਾਇਕ ਥਿਰ ਪਰਲੋਕ।
ਨਿਤ ਅਨੰਦ ਜਹਿਂ ਹੋਇ ਨ ਸ਼ੋਕ।
ਕਹਜੋ ਪਦਰ ਕੋ ਮੈਂ ਇਹੁ ਮਾਨਾ।
ਹਰਖ ਸੋਗ ਜਿਸ ਬਿਖੈ ਮਹਾਨਾ ॥੩੧॥
ਕੁਛ ਮੇਰੀ ਨਾਂਹਿਨ ਅਭਿਲਾਖਾ।'
ਸ਼੍ਰੀ ਹਰਿਰਾਇ ਬਹੁਰ ਬਚ ਭਾਖਾ।
'ਤਖਤ ਦੀਨ ਕੋ ਤੁਮਰੇ ਭਾਗ।
ਸਦਾ ਆਫਰੀਂ[1] ਤਹਿਂ ਲਿਵ ਲਾਗ ॥੩੨॥ [1]ਸ਼ਾਬਾਸ਼।
ਅਬਿ ਤੂੰ ਗਮਨਹੁ ਹੁਇ ਸਵਧਾਨਾ।
ਹਮ ਲਸ਼ਕਰ ਅਟਕਾਇਂ ਮਹਾਨਾ।'
ਸੁਨਤਿ ਬੰਦਗੀ ਕਰਿ ਜਬਿ ਗਯੋ।
ਪੰਚ ਸਹੱਸ੍ਰ ਸੁਭਟ ਸੰਗ ਲਯੋ ॥੩੩॥
ਨੌਰੰਗ ਕੋ ਲਸ਼ਕਰ ਤਬਿ ਆਇਵ।
ਤੋਪ ਜੰਬੂਰਨਿ ਕੋ ਗਨ ਲਜਾਇਵ।
ਤਰੀ ਸਕੇਲਨਿ ਸਕਲ ਕਰਾਇ।
ਸਾਵਧਾਨ ਹ੍ਵੈ ਸ਼੍ਰੀ ਹਰਿਰਾਇ ॥੩੪॥
ਨਿਜ ਦਲ ਸਕਲ ਤੋਪ ਬਲ ਭਰੇ[1]। [1]ਆਪਣਾ ਸਾਰਾ ਬਲੀ ਦਲ ਤੋਪਾਂ ਨੂੰ ਭਰਕੇ।
ਤੀਰ ਬਿਪਾਸਾ ਸਨਮੁਖ ਖਰੇ।
ਇਕ ਦ੍ਵੈ ਸ਼ਲਖ ਸਕਲ ਕਰਿਵਾਈ।
ਧੁਨਿ ਤੇ ਅਵਨੀ ਨਭ ਗਰਜਾਈ ॥੩੫॥
ਧੂਮ ਉਡਜੋ ਅੰਧੇਰਾ ਭਯੋ।
ਜਨੁ ਸਾਵਨ ਕੋ ਘਨ ਉਮਡਯੋ।
ਨਦੀ ਤੀਰ ਪਰ ਕਰਿ ਬਿਸਤਾਰੋ।

ਖਰੋ ਕਰਜੋ ਅਪਨੋ ਦਲ ਭਾਰੋ ॥੩੬॥
ਜ਼ਰੀ ਬਾਦਲਾ ਬ੍ਰਿੰਦ ਨਿਸ਼ਾਨ।
ਬੀਚ ਚਮੂੰ ਕੇ ਦਮਕ ਮਹਾਨ।
ਬਹੁ ਧੌਂਸੇ ਧੁੰਕਾਰਤਿ ਐਸੇ।
ਘੋਰਤਿ ਘਟਾ ਘੋਖ ਬਡ ਜੈਸੇ[1] ॥੩੭॥
ਨੌਰੰਗ ਕੋ ਲਸ਼ਕਰ ਜਬਿ ਆਵਾ।
ਜਾਨਜੋ ਦਾਰਸ਼ਕੋਹ ਥਿਰਾਵਾ।
ਨਹੀਂ ਪਾਰਖਾ[1] ਤਿਨ ਤੇ ਹੋਈ।
ਟਿਕੇ ਤਹਾਂ, ਨਹਿਂ ਗਮਨੇ ਸੋਈ ॥੩੮॥
ਸੁਧਿ ਲੈਬੇ ਕੋ ਪਠਿ ਹਲਕਾਰੇ।
ਤਰਿ ਸਲਿਤਾ ਕੇ ਉਤਰੇ ਪਾਰੇ।
ਜਾਇ ਤਹਾਂ ਦਲ ਗੁਰੂ ਨਿਹਾਰਾ।
ਉਮਡਜੋ ਲਰਨਿ ਹੇਤੁ ਬਲਿ ਭਾਰਾ ॥੩੯॥
ਸਰਬ ਭੇਦ ਸੋ ਲੇ ਕਰਿ ਆਏ।
'ਦਾਰਸ਼ਕੋਹ ਗਯੋ ਅਗਵਾਏ।
ਇਹ ਤੋ ਗੁਰੁ ਕੀ ਚਮੂੰ ਖਰੀ ਹੈ।
ਅਪਨੇ ਹਿਤ ਸਵਧਾਨ ਕਰੀ ਹੈ' ॥੪੦॥
ਭੇਤ ਪਾਇ ਕਰਿ ਦੂਤ ਪਠਾਏ।
ਸ਼੍ਰੀ ਹਰਿਰਾਇ ਨਿਕਟਿ ਸੋ ਆਏ।
ਕਰੀ ਬੰਦਨਾ ਅਰਜ਼ ਗੁਜ਼ਾਰੀ।
'ਇਮ ਨੌਰੰਗ ਉਮਰਾਵ ਉਚਾਰੀ ॥੪੧॥
ਤੁਮ ਕਜੋਂ ਲਰਨਿ ਹੇਤੁ ਭੇ ਖਰੇ।
ਬਿਨ ਕਾਰਨ ਕਜੋਂ ਮਗ ਮੇਂ ਅਰੇ।'
ਸੁਨਿ ਸਤਿਗੁਰ ਹਰਿਰਾਇ ਬਖਾਨਾ।
'ਅਪਨ ਹੇਤੁ ਹਮ ਹੈਂ ਸਵਧਾਨਾ ॥੪੨॥
ਪਤਿਸ਼ਾਹਿਤ ਮੈਂ ਰੌਰਾ ਅਹੈ।
ਯਾਂ ਤੇ ਹਮ ਭਰੋਸ ਨਹਿਂ ਲਹੈਂ।
ਪ੍ਰਥਮ ਕੂਚ ਕਰਿ ਹਮ ਚਲਿ ਜਾਵੈਂ।
ਪੁਨ ਪੀਛੇ ਕੋ ਉਤਰਨਿ ਪਾਵੈ ॥੪੩॥
ਅਪਰ ਹਮਾਰੋ ਹੇਤੁ ਨ ਕੋਈ।
ਮਗ ਮਹਿਂ ਮਿਲਹਿਂ ਨ ਸੈਨਾ ਦੋਈ।'

[1] ਜਿਵੇਂ ਘਟਾ ਬੜਾ ਸ਼ਬਦ ਕਰਕੇ ਗਰਜਦੀਆਂ ਹਨ।

[1] ਪ੍ਰੀਖਿਆ।

ਸੁਨਤਿ ਦੂਤ ਨੇ ਆਨਿ ਬਖਾਨਾ।
ਹਿਤ ਕਰਿ ਇਨ ਭੀ ਲੀਓ ਮਾਨਾ ॥੪੪॥
ਟਿਕੇ ਰਹੇ ਸਰਿਤਾ ਤੇ ਪਾਰ।
ਸਤਿਗੁਰ ਭਏ ਬਹੁਰ ਅਸਵਾਰ।
ਸਨੇ ਸਨੇ ਕਰਿ ਕੂਚ ਪਯਾਨਾ।
ਸ਼ਲਖ ਬੰਦੂਕਨਿ ਕਰਤਿ ਮਹਾਨਾ ॥੪੫॥
ਇਕ ਦਿਨ ਲਸ਼ਕਰ ਕੋ ਅਟਕਾਵਾ।
ਸਲਿਤਾਬਾਰ ਨ ਉਤਰਨਿ ਪਾਵਾ।
ਕੀਰਤਿਪੁਰਿ ਕੇ ਮਗ ਚਲਿ ਆਏ।
ਪੁਨ ਨੌਕਾ ਤਯਾਗੀ ਸਮੁਦਾਏ ॥੪੬॥
ਦਿਵਸ ਆਗਲੇ ਉਤਰੇ ਪਾਰੀ।
ਜੋ ਲਸ਼ਕਰ ਨੌਰੰਗ ਕੇ ਭਾਰੀ।
ਦਾਰਸ਼ਕੋਹ ਸੁਖੈਨ ਪਯਾਨਾ।
ਲਸ਼ਕਰ ਅਪਨੋ ਕਰਿ ਸਵਧਾਨਾ ॥੪੭॥
ਤੀਰ ਬਿਪਾਸਾ ਤੇ ਉਠਿ ਗਯੋ।
ਲਵਪੁਰਿ ਬਿਖੈ ਪ੍ਰਵੇਸ਼ਨਿ ਕਿਯੋ।
ਜਾਇ ਦੁਰਗ ਮੈਂ ਕੀਨਸਿ ਡੇਰਾ।
ਦਰਬ ਜਵਾਹਰ ਜੇਤਿਕ ਹੇਰਾ ॥੪੮॥
ਕੋਸ਼ ਬਿਖੈ ਤੇ ਸਭਿ ਨਿਕਸਾਇਵ।
ਲੈ ਨਿਜ ਸੰਗੈ ਤਯਾਰ ਕਰਾਇਵ।
ਕਿਤਿਕ ਕਾਲ ਤਹਿਂ ਕੀਨਿ ਮੁਕਾਮੂ।
ਕਰਯੋ ਸੁ ਸ਼੍ਰਮ ਬਿਨ ਦਲ ਅਭਿਰਾਮੂ ॥੪੯॥
ਨੌਰੰਗ ਕੋ ਲਸ਼ਕਰ ਜਬਿ ਆਵਾ।
ਕਈ ਲੱਛ ਭਟ, ਇਮ ਸੁਨਿ ਪਾਵਾ।
ਕੀਨਸਿ ਤਯਾਰੀ[1] ਤੁਰਤ ਤਹਾਂ ਤੇ।
ਦਰਬ ਜਵਾਹਰ ਲਿਏ ਮਹਾਂ ਤੇ ॥੫੦॥
ਸੰਗ ਬਾਹਨੀ ਕੀਨਸਿ ਪਯਾਨਾ।
ਚਲਯੋ ਪੰਥ ਜਹਿਂ ਪੁਰਿ ਮੁਲਤਾਨਾ।
ਕ੍ਰਮ ਕ੍ਰਮ ਕਰਿ ਉਲੰਘਯੋ ਸਭਿ ਦੇਸ਼।
ਪੀਛੈ ਲਸ਼ਕਰ ਚਲਯੋ ਅਸ਼ੇਸ਼ ॥੫੧॥

[1]ਤਿਆਰੀ ਕੀਤੀ (ਦਾਰਾਸ਼ਕੋਹ ਨੇ)।

ਕਈ ਕੋਸ ਸੋ ਚਲਤਿ ਅਗਾਰੀ।
ਨੌਰੰਗ ਕੋ ਦਲ ਪਰਜੌ ਪਿਛਾਰੀ।
ਜਾਇ ਬਰਜੋ ਮੁਲਤਾਨ ਮਝਾਰਾ।
ਦਰਬ ਜਵਾਹਰ ਲੀਏ ਉਦਾਰਾ ॥੫੨॥
ਕਿਤਿਕ ਮੁਕਾਮ ਨਗਰ ਤਿਸ ਕਰਿ ਕੈ।
ਚਢਿ ਪੁਨ ਚਲਜੋ ਸ਼ੀਘ੍ਰਤਾ ਧਰਿ ਕੈ।
ਕੂਚ ਮੁਕਾਮ ਨਿਰੰਤਰ ਕੀਨੋ।
ਢੱਠੇ ਭੱਖਰ[†] ਕੋ ਮਗ ਲੀਨੋ ॥੫੩॥
ਜਸੋਂ ਜਸੋਂ ਜਾਤਿ ਅਗਾਰੀ ਪਾਯੋ।
ਤਸੋਂ ਤਸੋਂ ਕਟਕ ਪਿਛੈ ਉਮਡਾਯੋ।
ਚਲਤਿ ਚਲਤਿ ਉਲੰਘਜੋ ਸਭਿ ਦੇਸ਼।
ਤਜਿ ਦਿੱਲੀ ਕੋ ਰਾਜ ਅਸ਼ੇਸ਼ ॥੫੪॥
ਭਯੋ ਨਿਚਿੰਤ ਰਹਜੋ ਤਹਿਂ ਜਾਇ।
ਸੈਨ ਸਕੇਲੀ ਪੁਨ ਸਮੁਦਾਇ।
ਢੱਠੇ ਭੱਖਰ ਤੇ ਰਹਿ ਪਰੇ।
ਕੇਤਿਕ ਮਾਸ ਬਿਤਾਵਨਿ ਕਰੇ ॥੫੫॥
ਅਪਨੇ ਰਾਜ ਸੀਮ[1] ਜਹਿਂ ਅਹੀ।
ਤਹਿਂ ਨੌਰੰਗ ਕੀ ਸੈਨਾ ਰਹੀ[†]।
ਅੰਤਰ ਕਿਤਿਕ ਪਾਇ ਤਿਸ ਥਾਨ।
ਬਸਤਿ ਭਏ ਨਿਜ ਦੇਸ਼ ਮਹਾਨ ॥੫੬॥
ਪੁਨ ਚਢਿ ਗਮਨਜੋ ਦਾਰਸ਼ਕੋਹ।
ਤਿਤ ਕੋ ਦੱਖਣ ਕੀ ਦਿਸ਼ਿ ਹੋਹੁ।
ਪਹੁੰਚਜੋ ਜਹਾਂ ਦੇਸ਼ ਗੁਜਰਾਤ।
ਲੂਟਿ ਕੂਟਿ ਲੀਨਸਿ ਤਹਿਂ ਜਾਤਿ ॥੫੭॥
ਲਸ਼ਕਰ ਸਮੁਖ ਜਾਇ ਪੁਨ ਹੋਵਾ।
ਦੁਹੁ ਦਿਸ਼ਿ ਤੇ ਰਿਸ ਕੀਨਸਿ ਢੋਵਾ।
ਦਾਰੁਣ ਸੰਘਰ ਰਚਜੋ ਮਹਾਨਾ।
ਛੁਟੇ ਸ਼ਸਤ੍ਰ ਹਤਿ ਤੇ ਭਟ ਪ੍ਰਾਨਾ ॥੫੮॥

[†] ਕਵਿ ਜੀ ਦੀ ਇਹ ਵਾਕਫੀ ਬੀ ਬਿਲਕੁਲ ਠੀਕ ਹੈ।

[1] ਹੱਦ।

[†] ਔਰੰਗਜ਼ੇਬ ਦੇ ਮੁਲਤਾਨ ਅੱਪੜਨ ਤੋਂ ਪਹਿਲਾਂ ਦਾਰਾ ਕੂਚ ਕਰ ਚੁੱਕਾ ਸੀ, ਉਧਰੋਂ ਖਬਰ ਆਈ ਕਿ ਸਜ਼ਾ ਨੇ ਬੰਗਾਲ ਤੋਂ ਹਮਲਾ ਕਰ ਦਿੱਤਾ ਹੈ, ਇਸ ਕਰਕੇ ਇਥੋਂ ਔਰੰਗਜ਼ੇਬ ਮੁੜ ਗਿਆ ਦਿੱਲੀ ਨੂੰ, ਪਰ ਇਕ ਦਸਤਾ ਦਾਰਾ ਦੇ ਮਗਰ ਰਿਹਾ।

ਭਈ ਲਥੇਰ ਪਥੇਰ ਘਨੇਰੀ।
ਗਰਜੀ ਤੋਪੈਂ ਤੁਪਕ ਬਡੇਰੀ।
ਮਾਰੇ ਸੁਭਟ ਗਹੇ ਹੱਥਜਾਰਨਿ।
ਬਿਜੈ ਕਰਨਿ ਨਿਜ ਸ੍ਵਾਮੀ ਕਾਰਨ
॥ ੫੯ ॥
ਬਾਜੀ ਚਢੇ ਬੀਰ ਬਲਵਾਨ।
ਛਿੱਪ੍ਰ ਛੁਟਤਿ ਹੈਂ ਤੁਪਕ ਮਹਾਨ।
ਹਨਹਿਂ ਫੇਰ ਕਰਿ ਤੋਮਰ ਤੀਛਨ।
ਹਲਾਹਲੀ ਰਣ ਮਾਚਜੋ ਭੀਖਨ ॥ ੬੦ ॥
ਛੁਟਿ ਛੁਟਿ ਪ੍ਰਾਨ ਬੀਰ ਗਨ ਗਿਰੇ।
ਕੇਤਿਕ ਤਰਫਤਿ ਘਾਇਲ ਪਰੇ।
ਧੌਂਸੇ ਧੁੰਕਾਰਤਿ ਚਹੁੰ ਓਰੇ।
ਚਲਹਿਂ ਬੇਗ ਤੇ ਗੋਰੀ ਗੋਰੇ ॥ ੬੧ ॥
ਲੋਥੈਂ ਜੂਥ ਪੋਥਨਾ ਭਈ[1]।
ਵਾਹਨ ਪਗਨਿ ਧੂਲ ਤੇ ਛਈ[1]।
ਸ੍ਰੋਣਿਤ ਗਿਰਹਿਂ ਰਕਤ, ਰਣ ਠੌਰ।
ਬਧਹਿਂ[1] ਬੀਰ, ਰਣ ਮਾਚਜੋ ਰੌਰ[†]
॥ ੬੨ ॥
ਜਬਿ ਜਾਨਜੋ ਨੌਰੰਗ ਦਲ ਘਨੇ।
ਜੁੱਧ ਕਰਨਿ ਇਨ ਸੋਂ ਨਹਿਂ ਬਨੇ-।
ਦਾਰਸ਼ਕੋਹ ਬਿਲੋਕਿ ਬਿਚਾਰਾ।
ਲੇ ਦਲ ਅਪਨੋ ਕੀਨਿ ਕਿਨਾਰਾ[†] ॥ ੬੩ ॥

[1]ਸਮੂਹ ਲੋਥਾਂ ਦਾ ਢੇਰ ਹੋ ਗਿਆ।
[1]ਘੋੜਿਆਂ ਦੇ ਪੈਰਾਂ ਦੀ ਧੂੜ (ਲੋਥਾਂ) ਤੇ ਛਾ ਗਈ।
[1]ਮਾਰਦੇ ਹਨ। [†]ਪਾ:-ਠੌਰ।

[†]ਗੁਜਰਾਤ ਦੇ ਹਾਕਮ ਸ਼ਾਹ ਨਿਵਾਜ਼ ਨਾਲ ਮਿਲ ਕੇ ਦਾਰਾ ਨੇ ੨੦ ਹਜ਼ਾਰ ਫੌਜ ਜੋੜ ਲਈ, ਉਧਰ ਦੱਖਣ ਦੇ ਪਾਤਸ਼ਾਹਾਂ ਨਾਲ ਗੰਢ ਤ੍ਰੁਪ ਸ਼ੁਰੂ ਕੀਤੀ। ਇਧਰ ਜਸਵੰਤ ਸਿੰਘ ਰਾਜੇ ਨੂੰ ਗੰਢਣ ਲਈ ਦਾਰਾ ਜੋਧ ਪੁਰ ਤੋਂ ੫੦ ਕੁ ਮੀਲ ਉਰੇ ਪੁੱਜਾ ਤਾਂ ਰਾਜੇ ਵਲੋਂ ਸੁਨੇਹਾ ਮਿਲਿਆ ਕਿ ਮੈਂ ਔਰੰਗਜ਼ੇਬ ਨਾਲ ਲੜਨ ਨੂੰ ਤਯਾਰ ਨਹੀਂ। ਕਾਰਨ ਇਹ ਸੀ ਕਿ ਔਰੰਗਜ਼ੇਬ ਨੇ ਜਸਵੰਤ ਸਿੰਘ ਨੂੰ ਇਸ ਤੋਂ ਪਹਿਲੋਂ ਅਪਣੇ ਨਾਲ ਗੰਢ ਲਿਆ ਸੀ। ਸੋ ਦਾਰਾ ਨੇ ਅਜਮੇਰ ਦੇ ਇਲਾਕੇ ਅੱਪੜ ਕੇ ਅਜਮੇਰ ਦੀਆਂ ਪਹਾੜੀਆਂ ਤੇ ਮੋਰਚਾ ਬੰਨ੍ਹ ਲਿਆ। ਔਰੰਗਜ਼ੇਬ ਆਪ ਏਥੇ ਫੌਜ ਲੈਕੇ ਅੱਪੜ ਗਿਆ। ਜੋ ਜੰਗ ਕਵਿ ਜੀ ਨੇ ਇੱਥੇ ਦੱਸਿਆ ਹੈ ਸੋ ਇਸ ਮੌਕੇ ਦਾ ਜੁੱਧ ਹੈ। ਤਿੰਨ ਦਿਨ ਦੇ ਜੰਗ ਬਾਦ ਬਾਦਸ਼ਾਹ ਨਿਵਾਜ਼ ਮਾਰਿਆ ਗਿਆ ਤੇ ਦਾਰਾ ਦਿਲ ਤੋੜ ਕੇ ਅਹਿਮਦਾਬਾਦ ਨੂੰ ਭੱਜ ਗਿਆ। ਉਥੋਂ ਦੇ ਲੋਕਾਂ ਨੇ ਸ਼ਹਿਰ ਦੇ ਬੂਹੇ ਬੰਦ ਕਰ ਲਏ। ਦਾਰਾ ਅਤਿ ਦੁਖੀ ਤੇ ਬੇਹਾਲ ਕੱਛ ਚਲਾ ਗਿਆ, ਪਰ ਕੱਛ ਦਾ ਹਾਕਮ ਬੀ ਚੰਗੀ ਤਰ੍ਹਾਂ ਨਾ ਮਿਲਿਆ ਤਾਂ ਦਾਰਾ ਜੂਨ ਪੁਜਾ, ਇਥੋਂ ਦਾ ਅਫ਼ਗਾਨ ਹਾਕਮ ਉਸਦੇ ਕਿਸੇ ਗੱਲੇ ਬੜੇ ਹਿਸਾਨ ਹੇਠ ਸੀ। ਦਾਰਾ ਦੀ ਉਸਨੇ ਆਗਤ ਭਾਗਤ ਚੰਗੀ ਕੀਤੀ। ਇੱਥੇ ਦਾਰਾ ਦੀ ਇਸਤ੍ਰੀ ਗੁਜ਼ਰ ਗਈ। ਇੱਥੋਂ ਜਦ ਦਾਰਾ ਨੇ ਕੂਚ ਕੀਤੀ ਤੇ ਜੂਨ ਦੇ ਪਠਾਣ ਹਾਕਮ ਨੇ ਉਪਰੋਂ ਤਾਂ ਵਦੈਗੀ ਲਈ, ਪਰ ਮਗਰੋਂ ਅਪਣੇ ਭਰਾ ਨੂੰ ਘੱਲਕੇ ਦਾਰਾ ਨੂੰ ਕੈਦ ਕਰਕੇ ਦਿੱਲੀ ਘੱਲ ਦਿੱਤਾ। ਜਿੱਥੇ ਬੇਤਰਸ ਔਰੰਗਜ਼ੇਬ ਨੇ ਉਸ ਦੀ ਅਤਿ ਬੇ ਸਤਿਕਾਰੀ ਕਰਕੇ ਮੁਲਾਣਿਆਂ ਦਾ ਫਤਵਾ ਦਿਵਾਕੇ ਕਿ ਇਹ ਮੁਸਲਮਾਨ ਦੀਨ ਤੋਂ ਮੁਨਕਰ ਹੈ, ਦਾਰਾ ਨੂੰ ਮਰਵਾ ਦਿੱਤਾ। ਕਵਿ ਜੀ ਦਾ ਦਿੱਤਾ ਹਾਲ ਸਾਰਾ ਹੋਰ ਇਤਿਹਾਸਕਾਂ ਨਾਲ ਠੀਕ ਢੁਕਦਾ ਹੈ, ਕੇਵਲ ਦਾਰਾ ਦੇ

ਫੜੇ ਜਾਣ ਦਾ ਹਾਲ ਜ਼ਰਾਕੁ ਹੋਰਵੇਂ ਹੈ। ਹੋ ਸਕਦਾ ਹੈ ਕਿ ਜੂਨ ਦੇ ਹਾਕਮ ਨੇ ਫੜਨ ਵਾਸਤੇ ਕੋਈ ਐਸੀ ਰਚਨਾ ਰਚੀ ਹੋਵੇ ਯਾ ਰਵਾਯਤਨ ਚਲੇ ਆਏ ਹਾਲ ਨੂੰ ਕਵਿ ਜੀ ਨੇ ਅੰਕਿਤ ਕੀਤਾ ਹੈ, ਕਿਉਂਕਿ ਸੂਫੀ ਫਕੀਰਾਂ ਵਿਚ ਦਾਰਾ ਬਾਬਤ ਐਸੇ ਹਾਲਾਤ ਤੇ ਪਤੇ ਜ਼ਬਾਨੀ ਜ਼ਬਾਨੀ ਚਲਦੇ ਹਨ।

ਟਲਿ ਕਰਿ ਗਯੋ ਨ ਸਨਮੁਖ ਭਯੋ।
ਫਰਕ ਸਾਥ ਨਿਜ ਡੇਰਾ ਕਿਯੋ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ।
ਨੌਰੰਗ ਲੀਨਸਿ ਰਾਜ ਉਦਾਰ ॥੬੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਦਾਰਸ਼ਕੋਹ' ਪ੍ਰਸੰਗ ਬਰਨਨੰ ਨਾਮੁ ਅਸ਼ਟ ਦਸਮੋ ਅੰਸੂ ॥੧੮॥

## ੧੯. [ਦਾਰਾਸ਼ਕੋਹ ਤਕੀਏ ਵਿਚ ਕੈਦ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਇਮ ਲਰਿ ਦਾਰਸ਼ਕੋਹ ਬਹੁ, ਚਿਤ ਮਹੁਂ ਕਰਯੋ ਵਿਚਾਰ।
-ਕੂਰ ਪਦਾਰਥ ਹੇਤੁ ਮੈਂ, ਕਜਾ ਕਜਾ ਕਿਯ ਉਪਚਾਰ ॥੧॥

ਚੌਪਈ:

ਨੀਕੇ ਹੈ ਇਨ ਕੋ ਹਿਤ ਤਜਾਗਨਿ।
ਬੁਰੋ ਬਹੁਤ ਜੁਤਿ ਜਤਨ ਅਰਾਧਨਿ†।
ਕਰੇ ਉਪਾਵ ਹਾਥ ਨਹਿਂ ਆਵਹਿ।
ਪਰਾਲਬਧ ਪਰ ਮਨ ਸੁ ਟਿਕਾਵਹਿ ॥੨॥
ਸਤਜ ਆਤਮਾ ਕਰੋਂ ਬਿਚਾਰਨਿ।
ਜੋ ਸਭਿ ਬੰਧੁ ਬਿਨਾਸ਼ਨਿ ਕਾਰਨ।
ਸਲਤਨ[1] ਹਿਤ ਬਹੁ ਕਰੇ ਉਪਾਇ।
ਪਰਾਲਬਧ ਬਿਨ ਕਿਮ ਕਰਿ ਆਇ ॥੩॥
ਅਬਿ ਨਿਰਵੈਰ ਹੋਇ ਮੈਂ ਫਿਰੌਂ।
ਕੈ ਗਿਰ ਮੈਂ ਬਸਿ ਤਪ ਕੋ ਕਰੌਂ-।
ਇਮ ਨਿਸ਼ਚੈ ਕਰਿ ਸਭਿ ਕਿਛੁ ਤਜਾਗਾ।
ਲਸ਼ਕਰ ਜਿਤਿਕ ਹੁਤੋ ਸੰਗ ਲਾਗਾ ॥੪॥
ਸਭਿਹਿਨਿ ਕੋ ਦੈ ਮੁਕਤਾ ਹੀਰ।
ਕਰੇ ਬਿਸਰਜਨ ਬਲੀ ਸੁ ਬੀਰ।
ਜਥਾ ਜੋਗ ਸਭਿ ਕੋ ਦੇ ਮੋਦ।
ਦਿਏ ਖਿੰਡਾਇ ਚਾਰਹੁੰ ਕੋਦ ॥੫॥
ਏਕ ਨਫਰ ਕੋ ਰਾਖਯੋ ਸੰਗ।
ਤਜਾਗਯੋ ਸ਼ਾਹ ਬੇਸ ਜੋ ਅੰਗ।
ਚਾਹਯੋ -ਪਰਬਤ ਬਾਸੀ ਹੋਇ।
ਭੋਗਹਿਂ ਪਰਾਲਬਧ ਤਨ ਜੋਇ- ॥੬॥
ਚਲਿ ਬਹੁ ਦੇਸ਼ ਉਲੰਘਨਿ ਕਰਯੋ।
ਆਨ ਪੁਆਧ[1] ਬਿਖੈ ਪੁਨ ਬਰਯੋ।

†ਪਾ:-ਬਿਸ਼ਾਗਨਿ।

[1]ਪਾਤਸ਼ਾਹੀ।

[1]ਪਹਾੜ ਦੀ ਤ੍ਰਾਈ ਦਾ ਦੇਸ਼। (ਅ) ਖਰੜ ਸਰਹੰਦ ਆਦਿ ਦਾ ਇਲਾਕਾ।

ਹੁਤੋ ਦਾਇਰਾ[1] ਪਿਖਿ ਇਕ ਗ੍ਰਾਮ। [1]ਤਕੀਆ।
ਉਤਰਯੋ ਤਹਾਂ ਕਰਨਿ ਬਿਸ੍ਰਾਮ ॥੭॥
ਹਯ ਲਗਾਇ ਹਿਤ ਭੋਜਨ ਤਯਾਰੀ।
ਕਰਤਿ ਭਏ ਆਨਯੋ ਢਿਗ ਬਾਰੀ[1]। [1]ਪਾਣੀ।
ਪਾਵਕ ਦਈ ਜਾਰਿਬੇ ਕਾਰਨ।
ਨਫਰ ਸੁ ਈਂਧਨ ਲਗਯੋ ਨਿਹਾਰਨ ॥੮॥
ਦਾਰਸ਼ਕੋਹ ਫੂਕ ਜਬਿ ਮਾਰੀ।
ਪਰੀ ਰਾਖ ਊਪਰ ਮੁਖ ਦਾਰੀ[1]। [1]ਦਾੜ੍ਹੀ।
ਜਾਰੀ ਗਈ, ਨ ਜਾਨਤਿ ਜਾਰਨਿ[1]। [1]ਅਗ) ਜਲਾਵਣਾ ਨਹੀਂ ਸੀ ਜਾਣਦਾ।
ਤਹਿਂ ਫਕੀਰ ਨੇ ਕਰਯੋ ਨਿਹਾਰਨ ॥੯॥
-ਅਤਿਸ਼ੈ ਭਾਗਵਾਨ ਨਰ ਕੋਈ।
ਦੀਰਘ ਮਸਤਕ ਦੀਪਤਿ ਜੋਈ।
ਦੇਖਤਿ ਜਾਨਯੋ ਜਾਇ ਸੁਸ਼ੀਲਾ।
ਰੂਪ ਛਬੀਲਾ, ਰਿਦਾ ਗਹੀਲਾ- ॥੧੦॥
ਇਤਨੇ ਬਿਖੇ ਨਫਰ ਸੋ ਆਵਾ।
ਭਸਮ ਸ਼ਮਸ ਪਰ ਪਿਖਿ ਮੁਰਝਾਵਾ।
ਦੁਖਯੋ ਅਧਿਕ ਹੀ ਗਿਨਤਿ ਦੁਹੇਲਾ[1]। [1]ਦੁਖਦਾਈ (ਸਮੇਂ ਨੂੰ) ਵਿਚਾਰ ਕੇ।
ਅਖਿਲ ਬੈਸ ਜੋ ਰਹਯੋ ਸੁਹੇਲਾ ॥੧੧॥
-ਸਕਲ ਮੁਲਖ ਕੀ ਸਲਤਨ ਵਾਰੋ।
ਗਨ ਅਵਨੀਪਤਿ ਕਰਤਿ ਜੁਹਾਰੋ[1]। [1]ਨਮਸਕਾਰਾਂ ਕਰਦੇ।
ਜਹਿਂ ਕਹਿਂ ਹੁਕਮ ਜਾਂਹਿ ਕੋ ਮਾਨੈਂ।
ਕਹੈਂ ਕਹਾਂ ਲਗਿ ਮਹਦ ਮਹਾਨੈ ॥੧੨॥
ਸੋ ਏਕਾਕੀ ਪਾਵਕ ਜਾਰਤਿ।
ਬਦਨ ਸਮੀਪ ਫੂਕ ਕੋ ਮਾਰਤਿ।
ਦੀਰਘ ਸ਼ਮਸ ਭਸਮ ਪਰ ਰਹੀ।
ਚਿਤ ਮਹਿਂ ਕਿਛੁ ਦੁਖ ਪਾਵਤਿ ਨਹੀਂ ॥੧੩॥
ਕਰਤਿ ਫਕੀਰਨਿ ਕੀ ਨਿਤ ਸੰਗਤਿ।
ਸੁਨਤਿ ਬਚਨ ਬਹੁ ਬੈਠਹਿ ਪੰਗਤਿ।
ਬਰਜਿ ਰਹੇ ਕਹਿ ਕਹਿ ਨਰ ਸਯਾਨੇ।
ਹਾਨ ਲਾਭ ਲਖਿ ਕਹਯੋ ਨ ਮਾਨੇ ॥੧੪॥

ਅਪਨੋ ਕਰਮ ਜਾਨਿ ਕਰਿ ਐਸੇ।
ਅਬਿ ਨ ਬਿਸੂਰਤਿ ਦੁਖ ਕਰਿ ਕੈਸੇ।
ਇਸ ਤੇ ਛੋਭ ਹੋਤਿ ਚਿਤ ਮੇਰੇ-।
ਨਫਰ ਚਿਤਵ ਇਮ ਕਹਿ ਤਿਸ ਬੇਰੇ ॥੧੫॥
'ਸ਼ਮਸ ਹਾਲ ਕਰੋਂ ਦੇਖਤਿ ਨਾਂਹੀ?
ਪਰੀ ਭਸਮ ਉਡ ਕਰਿ ਜਿਸ ਮਾਂਹੀ।
ਸੰਗਤਿ ਕਰਤਿ ਜੁ ਰਹਯੋ ਫਕੀਰਨਿ।
ਪੂਜਤਿ ਵਸਤੁ ਦੇਤਿ ਸਮ ਪੀਰਨਿ ॥੧੬॥
ਸਲਤਨ ਕਾਜ[1] ਨ ਚਿਤ ਕਰਿ ਕਰੈ।
ਛਲ ਬਲ ਕੋ ਉਰ ਫਿਕਰ ਨ ਧਰੈ।
ਅਪਨੇ ਸਮ ਸਾਧਨ ਸਿਖਰਾਯੋ।
ਤਿਸ ਕ੍ਰਿਤ ਕੋ ਅਬਿ ਅਸ ਫਲ ਪਾਯੋ ॥੧੭॥
ਸੀਖ ਦੇਤਿ ਸਗਰੇ ਹਿਤਕਾਰੀ।
ਮੈਂ ਤਬਿ ਕਹਤਿ ਰਹਯੋ ਬਹੁ ਬਾਰੀ।
ਸੁਨਿ ਕੈ ਨਹੀਂ ਏਕ ਕੀ ਮਾਨੀ।
ਸਹਹੁ ਕਸ਼ਟ ਆਪਦਾ ਮਹਾਨੀ' ॥੧੮॥
ਸੁਨਿ ਕੈ ਦਾਰਸ਼ਕੋਹ ਸੁਜਾਨਾ।
ਹੇਰਿ ਨਫਰ ਕੋ ਝਿਰਕਨਿ ਠਾਨਾ।
'ਸੁਨਿ ਮੂਰਖ! ਤੈਂ ਕਛ ਨ ਜਾਨੀ।
ਮਹਿਮਾ ਜੋ ਸਤਿਸੰਗ ਮਹਾਨੀ ॥੧੯॥
ਦੇਖਹੁ ਗੁਨ ਮੁਝ ਕੋ ਜਿਮ ਭਯੋ।
ਇਤੋ ਸਮਾਜ ਸ ਸਲਤਨ[1] ਗਯੋ।
ਦੇਸ਼, ਕੋਸ਼ ਕੁਛ ਗਿਨਤੀ ਨਾਂਹੀ।
ਸਭਿ ਜਗ ਕੀ ਪ੍ਰਿਯਤਾ[1] ਜਿਸ ਮਾਂਹੀ ॥੨੦॥
ਤਿਸ ਤੇ ਮੁਝ ਕੌ ਸ਼ੋਕ ਨ ਬਜਾਪਾ।
ਨਹਿਂ ਕਿਹ ਸਮੈਂ ਰਿਦੈ ਸੰਤਾਪਾ।
ਇਕ ਬਿਰਾਟਕਾ ਜਾਇ ਗਵਾਈ।
ਤਿਹ ਸਮਸਰ ਭੀ ਨਹਿਂ ਦੁਖਦਾਈ

[1]ਸਲਤਨਤ ਦਾ ਕੰਮ।

[1]ਸਮੇਤ ਪਾਤਸ਼ਾਹੀ ਦੇ।

[1]ਪਿਆਰ।

॥੨੧॥
ਲਾਭ ਹਾਨ ਜਗ ਰਾਜ ਮਹਾਨਾ[1]।
ਰਹੀ ਮੋਹਿ ਚਿਤ ਬ੍ਰਿਤੀ ਸਮਾਨਾ।
ਇਹ ਸੰਤਨ ਕੋ ਅਧਿਕ ਪ੍ਰਤਾਪੂ।
ਹਰਖ ਨ ਸ਼ੋਕ ਮੋਹਿ ਚਿਤ ਬਜਾਪੂ'
॥੨੨॥
ਸੁਨਿ ਕਰਿ ਨਫਰ ਨ ਮਹਿਮਾ ਜਾਨੇ।
ਤਊ ਤਰਕਬੋ ਤਿਸ ਕੋ ਠਾਨੇ।
ਗਜ ਮੁਕਤਾ ਕੀ ਜਥਾ ਬਡਾਈ।
ਚਿਰਮਰ[†] ਗਾਹਕ[1] ਲਖਿ ਨ ਸਕਾਈ
॥੨੩॥
ਹੁਤੋ ਦਾਇਰੇ ਮਹਿਂ[1] ਦਰਵੇਸ਼।
ਜਿਸ ਕੋ ਨਿਸ਼ਚੇ ਗਜਾਨ ਵਿਸ਼ੇਸ਼।
ਬੋਲਨਿ ਸੁਨਿ ਬਿਲੋਕਬੋ ਕੀਨਿ।
ਦਾਰਸ਼ਕੋਹ ਚੀਨਿ ਤਿਨ ਲੀਨਿ ॥੨੪॥
-ਜਿਸ ਖੋਜਨ ਹਿਤ ਚਮੂੰ ਵਿਸ਼ੇਸ਼।
ਫੈਲੀ ਦੇਸ਼ ਬਿਦੇਸ਼ ਅਸ਼ੇਸ਼।
ਗਹਜੋ ਚਹੈ ਨੌਰੰਗ ਮਤਿ ਮੰਦ।
ਸੋ ਇਹ ਜਾਨਜੋ ਪਰੈ ਬਿਲੰਦ ॥੨੫॥
ਸਤਿਸੰਗੀ ਬਡ ਸੁਨਜੋ ਅਗਾਰੇ।
ਭਲੇ ਜਾਨਿ ਚਿਤ ਚਹਤਿ ਨਿਹਾਰੇ-।
ਆਇ ਫਕੀਰ ਸੁ ਬੈਠਜੋ ਪਾਸ।
ਸਾਦਰ ਮ੍ਰਿਦੁਲ ਸੁ ਬਾਕ ਪ੍ਰਕਾਸ਼ ॥੨੬॥
'ਧੰਨ ਤੋਹਿ! ਜਨਨੀ ਬਡ ਧੰਨ!
ਸੰਤ ਸਮੂਹ ਕਰੇ ਸੁ ਪ੍ਰਸੰਨ।
ਕੂਰ ਪਦਾਰਥ ਬਿਨਸਨ ਹਾਰੇ।
ਕਹਾਂ ਸ਼ੋਕ, ਤੁਮ ਕੋ ਇਹ ਧਾਰੇ ॥੨੭॥
ਅਬਿ ਜਹਾਨ ਤੇ ਫਾਰਕ ਹੋਹੁ।
ਤਜਾਗਹੁ ਜਿਤਿਕ ਬਾਸ਼ਨਾ ਮੋਹੁ।
ਬਨਹੁ ਨਿਸ਼ੰਗ ਤ੍ਰਾਸ ਕੋ ਡਾਰਿ[1]।
ਜਿਤ ਕਿਤ ਅਪਨੋ ਰੂਪ ਨਿਹਾਰਿ
॥੨੮॥

[1]ਜਗ ਦੇ ਮਹਾਨ ਰਾਜ ਦੇ ਲਾਭ ਅਤੇ ਹਾਨ ਵਿਚ।

[1]ਲਾਲਗੀ ਦਾ ਗਾਹਕ। [ਦੇਸ਼: ਚਿਰ ਮਿਟੀ = ਰੇਤਿਕਾ, ਲਾਲੜੀਆਂ। [†]ਪਾ:-ਚਿਰਮਨਿ।

[1]ਤਕੀਬੇ ਵਿਚ।

[1]ਦੂਰ ਕਰਕੇ।

ਤਨੁ ਕੀ ਪਰਾਲਬਧ ਕਰਿ ਜੋਇ।
ਸੰਕਟ ਪਰਹਿ ਕਿ ਸੁਖ ਕਿਤ ਹੋਇ।
ਭੋਗਹੁ ਆਵੱਸ਼ਕ ਸੋ ਜਾਨਿ।
ਮਿਟੈ ਨ ਕਯੋਂ ਹੂੰ ਛੂਟਯੋ ਬਾਨ ॥੨੯॥
ਰੂਪ ਅਭੁਗਤਾ ਸਦਾ ਅਕਰਤਾ।
ਤਾਂਹਿ ਸੰਭਾਰਹੁ ਰਿਦੇ ਬਿਰਤਤਾ[1†]।

[1]ਵਿਸ਼ੇਸ਼ ਕਰਕੇ ਰੱਤੇ ਹੋਏ ਹੋਕੇ। [†]ਹੋ ਸਕਦਾ ਹੈ ਕਿ ਅਸਲ ਪਾਠ-ਥਿਰੱਤਤਾ-ਹੋਵੇ, ਭਾਵ ਦਿਲ ਟਿਕਾ ਕੇ।

ਊਚ ਅਵਸਥਾ ਮਹਿਂ ਬ੍ਰਿਤਿ ਤੇਰੀ।
ਠਹਿਰੀ ਸੰਤਨਿ ਕ੍ਰਿਪਾ ਬਡੇਰੀ ॥੩੦॥
ਸਦਾ ਅਸੰਗ ਆਪ ਕੋ ਜਾਨਿ।
ਤਨ ਕੇ ਹਾਨ ਨਹੀਂ ਤੁਵ ਹਾਨ।
ਤਵ ਤਨ ਦੁਖ ਤੇ ਦੁਖ ਭੀ ਨਾਂਹਿ।
ਕਹਾਂ ਪਦਾਰਥ ਤੇ ਸੁਖ ਪਾਹਿ ॥੩੧॥
ਪ੍ਰਾਪਤਿ ਭਾ ਸੁਖ ਬਡ ਅਬਿਨਾਸੀ।
ਅਹੰਬ੍ਰਹਮਾਸਮਿ ਮਹਿਂ ਬ੍ਰਿਤਿ ਬਾਸੀ।
ਤਜਹੁ ਉਪਾਧਿ ਬਿਚਾਰਹੁ ਰੂਪ।
ਮਿਲਯੋ ਅਨੰਦ ਸਮੁੰਦ੍ਰ ਅਨੂਪ ॥੩੨॥
ਜਿਸ ਪਦ ਯੋਗੀ ਸਾਧ ਅਰਾਧਹਿਂ।
ਕੋਟਿ ਜਤਨ ਕਰਿ ਕਯੋ ਹੂੰ ਲਾਧਹਿਂ।
ਸੋ ਤੇਰੇ ਹਸਤਾਮਲ[1] ਹੋਯੋ।
ਸਤਿਸੰਗਤਿ ਕਰੁਨਾ ਤੇ ਜੋਯੋ' ॥੩੩॥

[1]ਪ੍ਰਤੱਖ।

ਇੱਤਯਾਦਿਕ ਕਰਿ ਬਾਕ ਬਿਲਾਸਾ।
ਜਿਨ ਕੇ ਤਨ ਅਭਿਮਾਨ ਬਿਨਾਸ਼ਾ।
ਦਾਰਸ਼ਕੋਹ ਮਸਤ ਸੁਨਿ ਹੋਯੋ।
ਅੰਨ[1] ਮਨੋਰਥ ਉਰ ਤੇ ਖੋਯੋ ॥੩੪॥

[1]ਹੋਰ।

ਜੈਬੋ ਆਨ ਥਾਨ ਕੋ ਤਯਾਗਯੋ।
ਅੰਤਰ ਬ੍ਰਿਤਿ ਕੇ ਰਸ ਮਹਿਂ ਪਾਗਯੋ।
-ਦੁਸ਼ਮਨ ਗਹੋ ਆਜ ਹੀ ਆਇ।
ਕਰਯੋ ਜਿ ਚਹੈ ਦੇਹਿ ਮਰਵਾਇ ॥੩੫॥
ਅੰਤ ਵੰਤ ਤਨ ਕਹਾਂ ਸਨੇਹੁ।
ਨਿਸ਼ਚੈ ਬਿਨਸਨ ਗਤਿ ਕਬਿ ਲੇਹੁ[1]-।
ਦ੍ਰਿੜ੍ਹ ਸੰਕਲਪ ਜਬਹਿ ਇਮ ਕੀਨਿ।

[1]ਨਿਸ਼ਚੈ ਕਦੇ ਨ ਕਦੇ ਨਾਸ਼ ਦੀ ਦਸ਼ਾ ਲਵੇਗਾ।

ਸਕਲ ਸਮਾਜ ਨਫਰ ਕੋ ਦੀਨ ॥੩੬॥
ਜ਼ੇਵਰ ਜਰੇ ਜਵਾਹਰ ਸਾਰੇ।
ਸ਼ਸਤ੍ਰ ਬਸਤ੍ਰ ਹਯ ਸਹਿਤ ਉਦਾਰੇ।
ਦੇ ਸਰਬੰਸ ਕਹ੍ਯੋ 'ਅਬਿ ਜਾਹੁ।
ਬੈਠਿ ਸਦਨ ਮਹਿਂ ਸਭਿ ਸੋ ਖਾਹੁ' ॥੩੭॥
ਦੇਖਿ ਕੁਚਾਲ ਨਫਰ ਦੁਖ ਪਾਇ।
ਰੁਦਤਿ ਆਪਨੇ ਧਾਮ ਸਿਧਾਇ।
ਨ੍ਰਿਭੈ ਹੋਇ ਕਰਿ ਦਾਰਸ਼ਕੋਹੁ।
ਬੈਠ੍ਯੋ ਬਿਨਸੇ ਮਾਨ ਰੁ ਮੋਹੁ ॥੩੮॥
ਹਿਤ ਹੇਰਨਿ ਨਰ ਮਿਲੇ ਘਨੇਰੇ।
ਸਭਿ ਮਹਿਂ ਬੋਲਿ ਉਠ੍ਯੋ ਤਿਸ ਬੇਰੇ।
'ਇਹੁ ਤਨ ਦਾਰਸ਼ਕੋਹੁ ਨਿਹਾਰੋ।
ਆਇ ਗਹਰੁ ਰਿਪੁ! ਚਹੈ ਕਿ ਮਾਰੋ' ॥੩੯॥
ਸੁਨਿ ਸੁਨਿ ਲੋਕ ਸਕਲ ਬਿਸਮਾਏ।
-ਕ੍ਯੋਂ ਨਹਿਂ ਦੁਰੈ ਤ੍ਰਾਸ ਕੋ ਪਾਏ-।
ਕੇਤਿਕ ਗਏ ਸੁਨਾਵਨਿ ਕਾਰਨ।
ਜੋ ਜਹਿਂ ਕਹਿਂ ਫਿਰ ਕਰਹਿਂ ਨਿਹਾਰਨ ॥੪੦॥
ਨੌਰੰਗ ਕੇ ਉਮਰਾਵ ਬਡੇਰੇ।
ਖੋਜਤਿ ਲਸ਼ਕਰ ਫਿਰਤਿ ਘਨੇਰੇ।
ਤਿਨ ਸੋਂ ਕਹ੍ਯੋ ਜਾਇ ਤਤਕਾਲਾ।
ਸੁਨਿ ਕਰਿ ਦੌਰੇ ਕੀਨਿ ਉਤਾਲਾ ॥੪੧॥
ਸਮਸਰ ਪਰਮਹੰਸ ਜਹਿਂ ਬੈਸਾ।
ਨ੍ਰਿਭੈ ਤ੍ਰਿਲੋਕੀ ਪਤਿ ਹੈ ਜੈਸਾ॥
ਆਨਿ ਬਿਲੋਕ੍ਯੋ ਦੁਸ਼ਟਨਿ ਧਾਇ।
ਗਹਿ ਕਰਿ ਲੀਨਿ ਮਤੰਗ ਚਢਾਇ† ॥੪੨॥
ਲੇਕਰਿ ਦਿੱਲੀ ਪੁਰਿ ਕੋ ਗਏ।
ਦੁਸ਼ਮਨ ਦੁਸ਼ਟ ਹਰਖ ਜੁਤਿ ਭਏ।
ਪਾਪ ਆਤਮਾ ਨੌਰੰਗ ਮਹਾਂ।

†ਇਹ ਬੀ ਦਰੁਸਤ ਹੈ, ਜ਼ੰਜੀਰਾਂ ਨਾਲ ਬੱਧਾ ਦਾਰਾ ਹੌਦੇ ਬਿਨਾਂ ਹਾਥੀ ਤੇ ਬਿਠਾ ਕੇ ਦਿੱਲੀ ਆਂਦਾ ਤੇ ਬਜ਼ਾਰਾਂ ਵਿਚ ਫੇਰਿਆ ਗਿਆ ਸੀ।

ਕਰਿ ਕੈ ਕੈਦ ਬਿਠਾਯਹੁ ਤਹਾਂ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਦਾਰਾ ਸ਼ਕੋਹ' ਪ੍ਰਸੰਗ ਬਰਨਨੰ ਨਾਮ ਏਕਉਨਿਬਿੰਸਤੀ ਅੰਸੂ ॥੧੯॥

## ੨੦. [ਦਾਰਾਸ਼ਕੋਹ ਕਤਲ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਹਰਖਜੋ ਨੌਰੰਗ ਦੁਰਮਤੀ, ਸ਼ਰ੍ਹਾ ਫਾਸ ਗਰਿ
ਜਾਂਹਿ।
ਚਾਹਤਿ ਹਤਿ ਬਡ ਭ੍ਰਾਤ ਕੋ, ਲੇ ਮਸਲਤ
ਸਭਿ ਪਾਹਿ ॥੧॥

ਚੌਪਈ:

ਜਹਿਂ ਦਰਵੇਸ਼, ਕਿ ਨਿਪੁਨ ਮੁਲਾਨੇ।
ਚਲਹਿਂ ਸ਼ਰ੍ਹਾ ਮਹਿਂ, ਜੋ ਬਹ ਮਾਨੇ[1]।

[1]ਜੋ ਸ਼ਰ੍ਹਾ ਵਿਚ ਚੱਲਣ ਵਾਲੇ ਚਤੁਰ ਮੁੱਲਾਂ ਤੇ ਬਹੁਤੀ ਮੰਨਤਾ ਵਾਲੇ ਦਰਵੇਸ਼ ਸਨ।

ਸਭਿ ਕੇ ਨਿਕਟਿ ਪਠਾਵਨਿ ਕਰਜੋ।
ਲੇ ਕਾਗਦ ਭ੍ਰਾਤਾ ਜਿਮ ਧਰਜੋ[1] ॥੨॥

[1]ਭਰਾ ਜਿਵੇਂ ਪਕੜਿਆ ਸੀ, ਕਾਗਜ਼ ਲੈ ਕੇ ਲਿਖ ਭੇਜਿਆ।

'ਸ਼ਰਾ ਵਹਿਰ ਐਸੇ ਇਹ ਚਲਜੋ।
ਅਬਿ ਲੌ ਸੰਕਟ ਨਹਿਂ ਕੋ ਮਿਲਜੋ।
ਮਾਰਨਿ ਉਚਿਤ ਲਖਹੁ ਬੁਧਿ ਸਾਥ[†]।

[†]ਦਾਰਸ਼ਕੋਹ ਵਲੋਂ ਔਰੰਗਜ਼ੇਬ ਦੇ ਨਾਮ ਇਕ ਰੁੱਕਾ ਅੱਜ ਤੱਕ ਕਿਤਾਬਾਂ ਵਿਚ ਮਿਲਦਾ ਹੈ:- 'ਬਰਾਦਰੇ ਮਨ ! ਪਾਦਸ਼ਾਹੇ ਮਨ ! ਖਿਆਲੇ ਸਲਤਨਤ ਅਸਲਨ ਦਰ ਦਿਲ ਨ ਮਾਂਦਹ, ਸ਼ੁਮਾ ਓ ਫਰਜ਼ੰਦਾਂਨਿ ਸੁਮਾ ਰਾ ਮੁਬਾਰਿਕਬਾਦ। ਯਕ ਖ੍ਵਾਸ ਖਸੂਸੋ ਯਕ ਮਕਾਨ ਮੁਖ਼ਤਸਰ 'ਰਾਏ ਸਕੂਨਤ ਅਤਾ ਫੁਰਮਾ, ਤਾਕਿ ਬਗੋਸ਼ਾਇ ਆਫੀਯਤ ਨਿਸ਼ਸਤਹ ਬਚਆਏ ਦੌਲਤ ਮੌਜ਼ੁਫ ਬਾਸ਼ਮ।' ਜਿਸ ਦਾ ਮਤਲਬ ਇਹ ਹੈ- 'ਮੇਰੇ ਭਰਾਤਾ ਜੀ ! ਮੇਰੇ ਪਾਤਸ਼ਾਹ ! ਬਾਦਸ਼ਾਹੀ ਦਾ ਖਿਆਲ ਮੇਰੇ ਦਿਲ ਵਿਚ ਉੱਕਾ ਹੀ ਨਹੀਂ ਰਿਹਾ, ਤੁਹਾਨੂੰ ਤੇ ਤੁਹਾਡੇ ਪੁਤਰਾਂ ਨੂੰ ਮੁਬਾਰਕ ਹੋਵੇ, ਇਕ ਖਾਸ ਇੱਛਾ ਹੈ ਕਿ ਇਕ ਨਿੱਕਾ ਜਿਹਾ ਮਕਾਨ ਰਹਿਣ ਲਈ ਬਖਸ਼ੋ ਤਾਂ ਜੋ ਆਰਾਮ ਨਾਲ ਬੈਠਾ ਤੁਹਾਡੇ ਲਈ ਦੁਆ ਕਰਦਾ ਰਹਾਂ।' ਜਿਸ ਦੇ ਜਵਾਬ ਵਿਚ ਔਰੰਗਜ਼ੇਬ ਨੇ ਲਿਖਿਆ ਕਿ "ਕਤਲੇ ਦੁਨੀਂ ਮੁਲਹਿਦ ਕਿ ਦਰ ਰਸਾਇਲ ਨਵਿਸ਼ਤਾਇ ਖੁਦ ਕਫਰੋ ਇਸਲਾਮ ਰਾ ਬਰਾਦਰਿ ਸ੍ਵਾਮ ਖਾਂਦਹ ਵਾਜਿਬੋ ਅਨਸਬ।" ਅਰਥਾਤ- 'ਐਹੋ ਜਹੇ ਬੇਦੀਨ-ਜਿਸ ਨੇ ਆਪਣੇ ਲਿਖੇ ਰਿਸਾਲਿਆਂ (ਪੁਸਤਕਾਂ) ਵਿਚ ਕੁਫਰ ਤੇ ਇਸਲਾਮ ਨੂੰ ਜਉੜੇ ਭਰਾ ਲਿਖਜਾ ਹੈ-ਕਤਲ ਕਰਨਾ ਵਾਜਬ ਤੇ ਉਚਿਤ ਹੈ।' [ਉ:ਨਾਨਕ ਪ੍ਰਕਾਸ਼ ਸੰ: ਗ: ਸ: ਗੁਰਮੁਖ ਸਿੰਘ ਜੀ] ਇਸ ਤਰ੍ਹਾਂ ਦੇ ਲੇਖਾਂ ਤੋਂ ਪਤਾ ਲਗਦਾ ਹੈ ਕਿ ਕਵਿ ਜੀ ਦੇ ਲਿਖੇ ਹਾਲਾਤ ਉਨ੍ਹਾਂ ਨੂੰ ਸੂਫੀ ਫਕੀਰਾਂ ਦੇ ਲੇਖਾਂ ਯਾ ਰਵਾਯਤਾਂ ਤੋਂ ਮਿਲਦੇ ਹਨ।

ਲਿਖਹੁ ਨਿਸ਼ਾਨੀ ਨਿਜ ਨਿਜ ਹਾਥ' ॥੩॥
ਸੁਨਿ ਨੌਰੰਗ ਕੋ ਸ੍ਵਾਲ ਮਲਾਨੇ।
ਮੂਢ ਜਿ ਨਹਿਂ ਖ਼ੁਦਾਇ ਕੋ ਜਾਨੇ।
'ਮਾਰਨਿ ਉਚਿਤੈ' ਲਿਖਿ ਲਿਖਿ ਦੀਨਿ।
ਨੌਰੰਗ ਕੋ ਡਰ ਉਰ ਬਹੁ ਕੀਨਿ ॥੪॥
ਜੇ ਲੋਭੀ ਲੰਪਟ ਕੁੜਿਆਰੇ।
ਲਿਖਜੋ ਸਭਿਨਿ 'ਦੀਜਹਿ ਇਸ ਮਾਰੇ।'
ਦੇਸ਼ ਬਿਦੇਸ਼ਨਿ ਜਹਿਂ ਕਹਿਂ ਸਾਰੇ।

ਲਿਖਿ ਲਿਖਿ ਪਠਿ ਦੀਨੇ ਹਲਕਾਰੇ ॥੫॥
'ਅਹੰਬ੍ਰਹਮ ਬੋਲਨਿ ਇਨ ਕੀਨਿ।
ਬਨਯੋ ਖੁਦਾਇ ਆਪ ਕੋ ਚੀਨ।
ਇਸ ਕੀ ਅਪਰ ਸਜ਼ਾਇ ਨ ਕੋਇ।
ਹਤਿ ਸ਼ਮਸ਼ੇਰ ਪ੍ਰਾਨ ਦਿਹੁ ਖੋਇ' ॥੬॥
ਅਰਥੀ[1] ਗਨ ਦਰਵੇਸ਼ ਮੁਲਾਨੇ।
ਲਿਖਿ ਲਿਖਿ ਦੀਨਿ ਤ੍ਰਾਸ ਕੋ ਮਾਨੇ।
ਜੇ ਨਿਸ਼ੰਗ, ਮਗ ਲਖਯੋ ਖੁਦਾਇ।
ਨਹੀਂ ਤ੍ਰਾਸ ਨੌਰੰਗ ਤੇ ਪਾਇ ॥੭॥
ਤਿਨਹੁੰ ਸਾਚ ਲਿਖਿ ਕਾਗਦ ਪਠੇ[1]।
ਚਿਤ ਮਹਿਂ ਦੁਖੀ ਭਯੋ ਜਿਨ ਪਠੇ।
'ਸਭਿ ਬਿਧਿ ਦਾਰਸ਼ਕੋਹੁ ਸੁਜਾਨਾ।
ਪ੍ਰਾਨ ਹਾਨਿ ਕੇ ਉਚਿਤ ਨ ਜਾਨਾ ॥੮॥
ਜੋ ਜਿਸ ਕੋ ਹੋਵਹਿ ਦੁਖਦਾਈ।
ਸ਼ਰ੍ਹਾ ਬੀਚ ਸੋ ਉਚਿਤ ਸਜ਼ਾਈ।'
ਇਮ ਲਿਖਿ ਵਿਰਲੇ ਸੰਤਨਿ ਭੇਜਾ।
ਜਿਸ ਪਢਿ ਦੁਖ ਜਨੁ ਫਟਤਿ ਕਰੇਜਾ ॥੯॥
ਲਿਖਤਿ ਤੀਨ ਸੈ ਅਪਰ ਬਹੱਤਰ।
ਜਹਿਂ ਕਹਿਂ ਤੇ ਭੇਜੇ ਕਹਿ ਉੱਤਰ।
ਬੇ ਮੁਹਤਾਜੇ ਸੰਤ ਜਿ ਪੂਰੇ।
ਤਿਨਹੁ ਨ ਲਿਖਯੋ ਕਹਯੋ ਤਿਸ[1] ਕੂਰੇ ॥੧੦॥
ਮਹਾਂ ਦੁਸ਼ਟ ਹੋਯਹੁ ਚਹਿ ਸਾਚਾ।
ਲਿਖਯੋ ਸ਼ਰੀਅਨਿ ਕੋ ਸਭਿ ਬਾਚਾ।
ਜਿਨਹੁਂ ਜਥਾਰਥ ਬਾਕ ਬਖਾਨੇ।
ਪੱਖੀ ਦਾਰਸ਼ਕੋਹੁ ਸੁਜਾਨੇ ॥੧੧॥
ਤਿਨ ਕੇ ਸਾਥ ਬਿਰੋਧ ਬਧਾਯੋ।
ਕੇਤਿਕ ਕੋ ਗਹਿ ਗਹਿ ਮਰਿਵਾਯੋ।
ਸਰਮਦ ਨਾਮ ਏਕ ਦਰਵੇਸ਼।
ਰਹਹਿ ਪੁਰੀ ਮਹਿਂ ਮਸਤਿ ਵਿਸ਼ੇਸ਼

[1]ਮਤਲਬੀ।

[1]ਜਿਨ੍ਹਾਂ ਨੇ ਖ਼ੁਦਾ ਦਾ ਰਾਹ (ਸੱਚ ਮੁਚ) ਪਛਾਣਿਆਂ ਸੀ, ਓਹ ਨੌਰੰਗੇ ਤੋਂ ਨਹੀਂ ਡਰਦੇ ਸਨ! ਉਨ੍ਹਾਂ ਨੇ ਸਚ ਕਾਗਤ ਤੇ ਲਿਖ ਕੇ ਘਲ ਦਿੱਤੇ।

[1]ਭਾਵ ਨੁਰੰਗੇ ਨੂੰ।

॥ ੧੨ ॥
ਪ੍ਰਭੁ ਕੇ ਰੰਗ ਰਚ੍ਯੋ ਨਿਤ ਰਹੈ।
ਕਬਿ ਕਬਿ ਮੌਜ ਆਪਨੀ ਕਹੈ।
'ਦਾਰਸ਼ਕੋਹ ਸ਼ਾਹ ਹਮ ਕੀਨਿ।
ਸਲਤਨ ਅਬਿਨਾਸ਼ੀ ਤਿਸ ਦੀਨਿ'
॥ ੧੩ ॥
ਸੁਨਿ ਸੁਨਿ, ਅਵਰੰਗ ਕੋ ਨਰ ਕਹੈਂ।
ਰਿਸ ਤੇ ਜਰੈ ਅਧਿਕ ਦੁਖ ਸਹੈ।
ਜਿਤ ਕਿਤ ਪੂਰਨ ਸੰਤ ਮਹਾਨੇ।
ਤਿਨ ਤੇ ਸੁਨਹਿ ਭ੍ਰਾਤ ਜਸੁ ਕਾਨੇ ॥ ੧੪ ॥
ਪਾਇ ਕਸ਼ਟ ਕੋ ਚਿਤ ਰਿਸ ਭੀਨਾ।
ਤਬਿ ਦੁਰਮਤੀ ਹੁਕਮ ਕਰਿ ਦੀਨਾ।
'ਰਾਸ਼ਭ[1] ਪਰ ਚਢਾਇ ਲੇ ਜਾਵਹੁ। [1]ਗਧੇ।
ਚਹੁੰ ਦਿਸ਼ਿ ਪੁਰਿ ਕੇ ਬਿਦਤ ਫਿਰਾਵਹੁ'
॥ ੧੫ ॥
ਸਭਿ ਉਮਰਾਵ ਆਦਿ ਜੇ ਲੋਕ।
ਸੁਨਿ ਕਰਿ ਬਿਸਮੇ ਧਰਿ ਉਰ ਸ਼ੋਕ।
ਕਹਿ ਨਹਿਂ ਸਕਹਿਂ ਅਧਿਕ ਡਰ ਧਾਰੈਂ।
ਮਹਾਂ ਕੂਰ ਦੁਰਮਤੀ ਬਿਚਾਰੈਂ ॥ ੧੬ ॥
ਤਊ ਕਿਨਹੁੰ ਸਾਹਸ[1] ਕਰਿ ਭਾਰੀ। [1]ਹੌਂਸਲਾ।
ਹਾਥ ਜੋਰ ਕਰਿ ਅਰਜ਼ ਉਚਾਰੀ।
'ਸ਼ਾਹੁਨਿ ਕੇ ਸੁਤ ਜੋਗ ਨ ਐਸੇ।
ਹੁਕਮ ਦਿਯੋ ਰਾਸ਼ਭ[3] ਕੋ ਜੈਸੈ ॥ ੧੭ ॥
ਨਹਿਂ ਕਬਹੂੰ ਇਹ ਭਈ ਅਗਾਰੀ।
ਬੇ ਮਿਰਜਾਦਾ ਲੇਹੁ ਬਿਚਾਰੀ।'
ਸੁਨ ਸਜਾਨਨਿ ਤੇ ਬਹੁਰ ਬਖਾਨਾ।
'ਜਾਇ ਚਢਾਵਹੁ ਕਰੀ[1] ਮਹਾਨ ॥ ੧੮ ॥ [1]ਹਾਥੀ।
ਪੁਰਿ ਕੇ ਜੇ ਦ੍ਵਾਦਸ਼ ਦਰਵਾਜ਼ੇ।
ਸਭਿ ਪਰ ਫੇਰ ਕਰਹੁ ਬਿਨ ਲਾਜੇ।
ਪੁਨ ਸਰਮਦ ਬਾਸਹਿ ਜਿਸ ਥਾਨ।
ਤਹਿਂ ਲੇ ਜਾਵਹੁ ਕਰਹੁ ਬਖਾਨ ॥ ੧੯ ॥
-ਦੋ ਸਲਤਨ ਜੋ ਕਹਤਿ ਸਦੀਵ।

ਆਜ ਕਰਹਿਂ ਬਿਨ ਯਾਂ ਕੋ ਜੀਵ[1]-।'
ਸੁਨਤਿ ਹੁਕਮ ਕੋ ਚਾਕਰ ਗਏ।
ਦਾਰਸ਼ਕੋਹੁ ਬਿਲੋਕਤਿ ਭਏ ॥੨੦॥
ਹਰਖ ਨ, ਸ਼ੋਕ ਨ, ਮਨ ਮਹਿਂ ਕੋਈ।
ਦੁਖ ਸੁਖ ਬਿਖੈ ਬ੍ਰਿਤੀ ਸਮ ਹੋਈ।
ਤੋਰੀ ਤਨ ਹੰਤਾ ਦ੍ਰਿੜ੍ਹ ਫਾਸ।
ਜਿਸ ਕੈ ਮਰਿਬੇ ਕੋ ਨਹਿਂ ਤ੍ਰਾਸ ॥੨੧॥
ਹੌਦੇ ਸਹਿਤ ਤਬੈ ਗਜ ਆਯੋ।
ਕਹਿ ਕੇ ਤਿਸ ਊਪਰਿ ਚਢਵਾਯੋ।
ਸਿਰ ਪਰ ਬੰਧਿ ਸੇਹਰਾ ਦੀਨ।
ਮਾਰਨਿ ਹੁਕਮ ਸੁਨਾਵਨਿ ਕੀਨਿ ॥੨੨॥
ਪੁਰਿ ਸਗਰੇ ਮਹਿਂ ਹਾਹਾਕਾਰ।
ਅਧਿਕ ਸ਼ੋਕ ਤੇ ਕਰਹਿਂ ਉਚਾਰ।
ਡਰਤਿ ਨ ਊਚੇ ਕਹੂੰ ਸੁਨਾਵੈਂ।
ਅਵਰੰਗ ਮਹਾਂ ਕ੍ਰੂਰ ਲਖਿ ਪਾਵੈਂ ॥੨੩॥
ਸੰਤਨਿ ਕਰੁਨਾ ਦਾਰਸ਼ਕੋਹ।
ਧੀਰਜ ਸਹਿਤ ਨ੍ਰਿਭੈ ਉਰ ਹੋਹੁ।
ਗਜ ਫੇਰਯੋ ਦ੍ਵਾਦਸ਼ ਦਰਵਾਜੇ।
ਲੇ ਗਮਨੇ ਜਹਿਂ ਸਰਮਦ ਰਾਜੇ ॥੨੪॥
ਅਵਰੰਗ ਕੋ ਤਬਿ ਹੁਕਮ ਸੁਨਾਯੋ।
'ਦਾਰਸ਼ਕੋਹੁ ਨਿਕਟ ਤੁਮ ਆਯੋ।
ਬਖਸ਼ਤਿ ਸਲਤਨ ਜਿਸਹਿ ਹਮੇਸ਼।
ਸਭਿ ਮਹਿਂ ਬਡ ਕਹਾਇ ਦਰਵੇਸ਼ ॥੨੫॥
ਬੋਲਤਿ ਕੂਰ ਲਾਜ ਨਹਿਂ ਆਵਤਿ।
ਸਲਤਨ ਕਿਤਹੁਂ, ਪ੍ਰਾਨ ਅਬਿ ਜਾਵਤਿ।'
ਸੁਨਿ ਸਰਮਦ ਸਤਿਸੰਗੀ ਜਾਨਿ।
ਹੁਇ ਆਯਹੁ ਮਨ ਪ੍ਰੇਮ ਮਹਾਂਨ ॥੨੬॥
ਪਿਖਤਿ ਬਿਲੋਚਨ ਜਲ ਭਰਿ ਆਏ।
ਨਹਿਂ ਸਨੇਹ ਤੇ ਬੋਲਯੋ ਜਾਏ।
ਦਾਰਸ਼ਕੋਹੁ ਜਾਨਿ ਕਰਿ ਪ੍ਰੇਮ।
ਟਾਰਿ ਸੇਹਰਾ ਬੋਲਯੋ ਏਮ ॥੨੭॥

[1]ਜੀਵ ਤੋਂ ਬਿਨਾਂ ਭਾਵ ਨਾਸ਼ ਕਰਾਂਗਾ।

'ਪਠਨਿ ਸੁਨਨਿ ਅਰੁ ਭਾਖਨਿ ਕਰਨੋ।
ਅਹੰ ਬ੍ਰਹਮ ਉਰ ਨਿਸ਼ਚੈ ਧਰਨ।
ਇਸੀ ਸਮੇਂ ਕੇ ਕਾਰਜ ਹੇਤੁ।
ਲਖਹੁ ਸੰਤ ਜੀ ! ਬਨਹੁ ਸੁਚੇਤ ॥੨੮॥
ਕਯੋ ਡੋਲਹੁ ਤਨ ਹੰਤਾ ਮਾਂਹਿ।
ਕ੍ਰਿਪਾ ਆਪ ਕੀ ਤੇ ਮਿਟ ਜਾਹਿਂ[1]।
ਬਿਨਸਹਾਰ ਆਜ ਕੈ ਕਾਲੀ।
ਤਿਸ ਕੀ ਚਿੰਤਾ ਕਹਾਂ ਬਿਸਾਲੀ' ॥੨੮॥
ਕਯੋਂ ਡੋਲਹੁ ਤਨ ਹੰਤਾ ਮਾਂਹਿ।
ਕ੍ਰਿਪਾ ਆਪ ਕੀ ਤੇ ਮਿਟ ਜਾਹਿਂ।
ਬਿਨਸਨਹਾਰ ਆਜ ਕੈ ਕਾਲੀ।
ਤਿਸ ਕੀ ਚਿੰਤਾ ਕਹਾਂ ਬਿਸਾਲੀ' ॥੨੯॥
ਸੁਨਿ ਧੀਰਜ ਧਰਿ ਸਰਮਦ ਬੋਲਾ।
'ਹਮ ਨੇ ਸਲਤਨ ਦੀਨਿ ਅਡੋਲਾ।
ਜੋ ਕਿਸਹੂੰ ਤੇ ਜਾਇ ਨ ਛਾਨੀ।
ਅਖੈ ਸਦੀਵ ਥੀਵ ਦੁਖ ਹੀਨੀ ॥੩੦॥
ਸਲਤਨ ਕੂਰ ਪਾਇ ਗਰਬਾਇ।
ਸੋ ਕੇਚਿਤ ਦਿਨ ਮਹਿਂ ਖਪ ਜਾਇ।
ਅਲਪ ਕਾਲ ਮਹਿਂ ਹਮ ਤਨ ਤਜਾਗ।
ਆਵਹਿਂ ਚਲੇ ਤੋਹਿ ਸੰਗ ਲਾਗਿ' ॥੩੧॥
ਇਮ ਕਹਿ ਕਰਯੋ ਪਰਸਪਰ ਹੇਰਨਿ।
ਚਲਯੋ ਮਹਾਵਤ ਕਰਿ ਗਜ ਪ੍ਰੇਰਨਿ।
ਜਾਇ ਉਤਾਰਯੋ ਦਾਰਸ਼ਕੋਹੁ।
ਸੰਤ ਸਰੂਪ, ਨ ਜਿਸ ਕੋ ਮੋਹੁ ॥੩੨॥
ਨਿਰਦਯਾਲੂ ਜਿਹ ਨਰਕ ਸਥਾਨ[1]।
ਬਹੁ ਤੀਖਨ ਲੇ ਹਾਥ ਕ੍ਰਿਪਾਨ।
ਮਾਰਿ ਉਤਾਰਯੋ ਸਿਰ ਧਰ ਹੂੰ ਤੇ[1]†।
ਨਿਕਸਯੋ ਸ਼ਬਦ ਤਬਹਿ ਉਰ ਹੂੰ ਤੇ ॥੩੩॥
'ਅਹੰ ਬ੍ਰਹਮ' ਹੀ ਲੇਕਨਿ ਸੁਨਯੋ।

[1]ਮਿਟ ਜਾਂਦੀ ਹੈ (ਹੰਤਾ ਮਮਤਾ)।

[1]ਦਇਆਹੀਨ (ਜਲਾਦ ਨੇ), ਜਿਸ ਦਾ ਟਿਕਾਣਾ ਨਰਕ (ਵਿਚ ਹੋਵੇਗਾ)।

[1]ਧੜ ਤੋਂ। †ਕਈ ਲੇਖਕਾਂ ਨੇ ਦਾਰਾ ਦਾ ਮਾਰਨ ਆਇਆਂ ਨਾਲ ਬੀਰਤਾ ਨਾਲ ਮੁਕਾਬਲਾ ਕਰਦਿਆਂ ਮਰਨਾਂ ਲਿਖਿਆ ਹੈ।

ਨਿਸ਼ਚੈ ਪਾਕੋ ਸਭਿ ਨੇ ਗੁਨਜੋ।
ਬਡੋ ਭ੍ਰਾਤ ਇਮ ਗਹਿ ਕੈ ਮਾਰਜੋ।
ਕਰੇ ਪਾਪ ਪਰਲੋਕ ਬਿਗਾਰਜੋ ॥੩੪॥
ਅਪਰ ਭ੍ਰਾਤ ਦੁਇ ਛਲ ਕਰਿ ਮਾਰੇ।
ਰਾਜ ਹੇਤੁ ਕੀਨਸਿ ਅਘ ਭਾਰੇ।
ਜਹਿਂ ਕਹਿ ਕਰੀ ਕੁਮਤਿ ਬਡ ਪਾਪੀ।
ਦਰਵੇਸ਼ਨਿ ਅਰੁ ਸੰਤ ਸਰਾਪੀ† ॥੩੫॥

†ਪਾ:-ਸੰਤਾਪੀ।

ਕਥਾ ਸੁਨਤਿ ਸ਼੍ਰੋਤਾ ਸਵਧਾਨ।
ਸਰਮਦ ਕਥਾ ਸੁਨੀ ਜਬਿ ਕਾਨ।
ਬੂਝਨਿ ਕਰਜੋ 'ਕੌਨ ਇਹ ਭਯੋ?
ਕਿਮ ਖ਼ੁਦਾਇ ਕੋ ਮਾਰਗ ਲਯੋ?' ॥੩੬॥
ਸੁਨਿ ਸ਼੍ਰੋਤਨਿ ਤੇ ਪ੍ਰਸ਼ਨ ਬਿਸਾਲਾ।
ਸਰਮਦ ਕੀ ਜਿਮ ਕਥਾ ਰਸਾਲਾ।
ਕਰੀ ਸੁਨਾਵਨਿ ਜਿਸ ਬਿਧਿ ਭਯੋ।
ਜਿਮ ਅਵਰੰਗ ਮਰਿਵਾਵਨਿ ਕਿਯੋ ॥੩੭॥
ਸੰਤਪਨੋ ਸੰਤਨਿ ਕੋ ਜਿਸ ਮਹਿਂ।
ਪਾਪਨਿ ਕੋ ਬਡ ਪਾਪ ਅਹੈਂ ਜਹਿਂ[1]।

[1]ਜਿਸ (ਦੇ ਮਾਰੇ ਜਾਣ) ਵਿਚ ਸੰਤਾਂ ਨੂੰ ਸੰਤਾਪ ਹੋਇਆ, ਅਤੇ ਜਿਸ ਵਿਚ ਪਾਪਾਂ ਦਾ (ਅਤਿ) ਵੱਡਾ ਪਾਪ ਹੋਇਆ ਹੈ। (ਅ) ਸੰਤਪਨਾ ਸਰਮਦ ਵਿਚ ਤੇ ਅਤਿ ਪਾਪ ਨੁਰੰਗੇ ਵਿਚ।

ਸੁਨਿ ਕਰਿ ਸਿੱਖ ਭਲੋ ਉਰ ਧਾਰੈਂ।
ਨਹਿਂ ਸਾਧਨ ਕੋ ਕਬਿ ਤ੍ਰਿਸਕਾਰੈਂ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਦਾਰਸ਼ਕੋਹ' ਪਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਸਰਮਦ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਸਰਮਦ ਕੀ ਸੁੰਦਰ ਕਥਾ, ਸ੍ਰੋਤਾ ਸੁਨਹੁ ਰਸਾਲ।
ਆਤਮ ਕੋ ਬੱਖਜਾਤ† ਭਾ, ਗਜਾਨੀ ਸੰਤ ਬਿਸਾਲ ॥੧॥

†ਪਾ:-ਆਤਮ ਜਾਂ ਕੋ ਖਜਾਤ।

ਚੌਪਈ:

ਮਾਤਾ ਪਿਤਾ ਧਨਾਢ ਬਡੇਰ।
ਇਕ ਪੁੱਤ੍ਰ ਜਨਮਜੋ ਤਿਨ ਕੇਰੇ।
ਬਹੁ ਦੁਲਾਰਿ ਤਿਨ ਪਾਰਨ ਕੀਨਾ।
ਖਾਨ ਪਾਨ ਮਨ ਭਾਵਤਿ ਦੀਨਾ ॥੨॥
ਤਨ ਮਹਿਂ ਆਨਿ ਭਈ ਤਰੁਨਾਈ[1]।
ਬੀਸਕ ਬਰਸਨਿ ਬੈਸ ਬਿਤਾਈ।
ਭਾ ਪਰਲੋਕ ਮਾਤ ਪਿਤ ਕੇਰਾ।
ਰਹਜੋ ਇਕਾਕੀ ਦਰਬ ਘਨੇਰਾ ॥੩॥

[1]ਜਵਾਨੀ।

ਪੂਰਬ ਜਨਮ ਭਾਗ ਬਡ ਜਾਗੇ।
ਸਤਿਸੰਗਤਿ ਕਹੁ ਕਰਿਬੇ ਲਾਗੇ।
ਸੰਤ ਬਿਦੇਸ਼ੀ ਉਤਰਨਿ ਹੇਤੁ।
ਦਰਬ ਲਗਾਯਹੁ ਰਚੇ ਨਿਕੇਤ ॥੪॥
ਕਿਤਹੂੰ ਤੇ ਕੋ ਚਲਿ ਕਰਿ ਆਵੈ।
ਚਾਂਪ ਪਾਵ ਨਿਸ ਬਿਖੈ ਟਿਕਾਵੈ।
ਖਾਨ ਪਾਨ ਕੀ ਸੁਧਿ ਲੈ ਆਛੇ।
ਦੇਤਿ ਪ੍ਰਯੰਕ ਸੁਪਤਿ ਚਿਤ ਬਾਛੇ[1] ॥੫॥

[1]ਸੌਣ ਲਈ। ਪਲੰਘ ਦੇਂਦਾ ਹੈ ਜੇ ਚਿਤ ਦੀ ਚਾਹਨਾਂ (ਨਾਲ ਸੌਣ)।

ਸਰਬ ਭਾਂਤਿ ਕੀ ਸੇਵਾ ਕਰੈ।
ਚਾਂਪਹਿ ਚਰਨ ਪ੍ਰੇਮ ਕੋ ਧਰੈ।
ਸ੍ਵੇਦ ਭਏ[1] ਪੰਖਾ ਕਰਿ ਬਾਯੂ।
ਸੀਤ ਲਗੇ ਪਾਵਕ ਦਿਪਤਾਯੂ ॥੬॥

[1]ਮੁੜ੍ਹਕਾ ਆਇਆਂ ਨੂੰ।

ਇੱਤਜਾਦਿਕ ਕੇ ਆਨੰਦ ਦੇਤਿ।
ਟਹਿਲ ਕਰਨਿ ਪਰ ਰਹੈ ਸੁਚੇਤ।
ਪ੍ਰਾਤਿ ਹੋਤਿ ਜਬਿ ਸੰਤ ਪਧਾਰੈ।
ਹੇਤ ਬਿਸਰਜਨ[1] ਸੰਗ ਸਿਧਾਰੈ ॥੭॥

[1]ਟੋਰਨ ਹਿਤ।

ਕਿਤਿਕ ਦੂਰ ਲਗਿ ਤਿਸ ਪਹੁੰਚਾਇ।
ਹਟਨਿ ਲਗਹਿ ਨਿਜ ਸੀਸ ਨਿਵਾਇ।
ਹਾਥ ਜੋਰਿ ਕਰਿ ਬਿਨੈ ਬਖਾਨੈ।
'ਜੇ ਤੁਮ ਮਗ ਖੁਦਾਇ ਕੋ ਜਾਨੈ? ॥੮॥
ਕ੍ਰਿਪਾ ਕਰਹੁ ਮੁਝ ਦੇਹੁ ਬਤਾਇ।
ਦਾਸ ਜਾਨਿ ਲਿਹੁ ਮੋਹਿ ਮਿਲਾਇ।
ਦੀਨ ਦੇਖਿ ਕਰਿ ਦਯਾ ਕਰੀਜੈ।
ਦੀਨਦਯਾਲ ਕੀ ਸੁਧਿ ਮੁਝ ਦੀਜੈ' ॥੯॥
ਸੁਨਿ ਕਰਿ ਸੰਤ ਸਾਧੁ ਉਪਦੇਸ਼ੈਂ।
'ਨਾਮ ਅਲਾਹ ਸੁ ਪਾਕ ਵਿਸ਼ੇਸ਼ੈ।
ਸਿਮਰਨ ਕਰਿ ਸਤਿਸੰਗ ਮਿਲੀਜੈ।
ਸੇਵਹੁ ਨਿਰਹੰਕਾਰ ਬਨੀਜੈ' ॥੧੦॥
ਪ੍ਰਭੁ ਕੋ ਪ੍ਰੇਮੀ ਮਿਲਤਿ ਨ ਭਯੋ।
ਇਮ ਹੀ ਕਰਤਿ ਬਹੁਤ ਦਿਨ† ਗਯੋ। †ਪਾ:-ਮਿਲ।
ਨਗਨ ਸਾਧ ਕੇ ਬਸਨ ਬਨਾਵੈ।
ਪਨਹੀ ਆਦਿ ਦੇਖਿ ਪਹਿਨਾਵੈ ॥੧੧॥
ਸਭਿ ਕੋ ਬੂਝੈ ਪੰਥ ਖ਼ੁਦਾਇ।
ਸੇਵਾ ਕਰਤਿ ਰਾਤ ਦਿਨ ਜਾਇ।
ਤਹੀਂ ਸੰਤ ਨਿਤ ਹੀ ਚਲਿ ਆਵੈਂ।
ਕਰਿ ਖਿਜ਼ਮਤ ਸਭਿਹੂੰਨ ਰਿਝਾਵੈ
॥੧੨॥
ਬਿਦਾ ਕਰਤਿ ਜਬਿ ਜਾਇ ਅਗੇਰੇ।
ਬੂਝੈ ਮਗ ਖ਼ੁਦਾਇ ਤਿਸ ਬੇਰੇ।
ਸ਼ਾਹੁ ਹੁਸੈਨ ਕਿਧੋਂ ਕੋ ਔਰ[1]। [1]ਯਾ ਕੋਈ ਹੋਰ।
ਪੂਰਨ ਸੰਤ ਆਇ ਤਿਸ ਠੌਰ ॥੧੩॥
ਤਿਮ ਹੀ ਸੇਵਾ ਤਿਸ ਕੀ ਕਰੀ।
ਖਾਨ ਪਾਨ ਪਦ ਚਾਂਪੀ ਭਰੀ।
ਕਰਜੋ ਪ੍ਰਸੰਨ ਅਧਿਕ ਹੀ ਤਾਂਹਿ।
ਤਯਾਰ ਭਯੋ ਉਠਿ ਪ੍ਰਾਤੀ ਮਾਂਹਿ ॥੧੪॥
ਗਯੋ ਬਿਸਰਜਨ ਕਰਨਿ[1] ਅਗਾਰੀ। [1]ਵਿਦਿਆ ਕਰਨ।
ਜਾਇ ਦੂਰ ਅਭਿਲਾਖ ਉਚਾਰੀ।
'ਕਹਹੁ ਸੰਤ ਜੀ! ਪੰਥ ਖ਼ੁਦਾਇ।

ਜੇ ਤੁਮ ਜਾਨਹੁ, ਦੇਹੁ ਬਤਾਇ ॥੧੫॥
ਕਰਹੁ ਦੀਨ ਪਰ ਦਯਾ ਉਦਾਰਾ।
ਹੁਇ ਦਰਵੇਸ਼ ਦਯਾਲ ਦਤਾਰਾ।'
ਜਾਨਿ ਘਾਲ ਤਬਿ ਸਰਮਦ ਕੇਰੀ।
ਸੰਤਨਿ ਸੇਵਾ ਕੀਨਿ ਘਨੇਰੀ ॥੧੬॥
ਹਿਤ ਪਰਖਨਿ ਕੇ ਸੰਤ ਅਲਾਇ।
'ਪੰਚ ਰਜਤਪਣ ਖਰਚਹੁ ਜਾਇ।
ਮਮ ਹਿਤ ਸੁੰਦਰ ਪਨਹੀ ਲਜਾਵਹੁ।
ਅਬਿ ਹੀ ਗਮਨਹੁ ਗਹੁਰ[1] ਨ ਲਾਵਹੁ' ॥੧੭॥
ਸੁਨਿ ਸਰਮਦ ਕਰ ਜੋਰਿ ਬਖਾਨਜੋ।
'ਠਹਿਰਹੁ ਲਖਹੁ ਸ਼ੀਘ੍ਰ ਹੀ ਆਨਜੋ[1]।'
ਇਮ ਕਹਿ ਤੁਰਤ ਬਜ਼ਾਰ ਸਿਧਾਯਹੁ।
ਜਿਸ ਚਾਹਜੋ ਤਸ ਤਤਛਿਨ ਲਜਾਯਹੁ ॥੧੮॥
ਨਿਜ ਕਰ ਤੇ ਪਹਿਰਾਵਨਿ ਕੀਨਿ।
ਤਬਿ ਦਰਵੇਸ਼ ਕਹਜੋ ਸ਼ੁਭ ਚੀਨ।
'ਜੋ ਖ਼ੁਦਾਇ ਕੀ ਖਾਹਿਸ਼ ਤੋਹਿ।
ਇਹਾਂ ਥਿਰਹੁ ਆਵਨ ਲਗਿ ਮੋਹਿ' ॥੧੯॥
ਇਮ ਕਹਿ ਚਲਜੋ ਗਯੋ ਕਿਤ ਸੰਤ।
ਸਰਮਦ ਠਾਂਢੋ ਰਹਜੋ ਇਕੰਤ।
ਕਰਤਿ ਪ੍ਰਤੀਖਨਿ ਕੋ ਥਿਰ ਭਯੋ।
ਲਯੋ ਕਸ਼ਟ ਪਰ ਕਿਤਹੁੰ ਨ ਗਯੋ ॥੨੦॥
ਇਕ ਦੁਇ ਦਿਵਸ ਥਿਤੇ ਤਬਿ ਆਯੋ।
ਦੇਖਜੋ ਸ਼ਰਧਾ ਸਹਿਤ ਥਿਰਾਯੋ।
ਅਪਰ ਕਸੌਟੀ ਕੋ ਇਕ ਦੀਨ[1]।
ਸਕਲ ਰੀਤਿ ਤੇ ਪਰਖਨਿ ਕੀਨਿ ॥੨੧॥
ਪੁਨ ਕ੍ਰਿਪਾਲੁ ਹ੍ਵੈ ਗਰੇ ਲਗਾਯੋ।
ਮਗ ਖ਼ੁਦਾਇ ਕੋ ਤੁਰਤ ਬਤਾਯੋ।
ਪ੍ਰਭੁ ਕੋ ਪ੍ਰੇਮ ਭਯੋ ਮਨ ਪੀਨ।
ਤਿਸ ਹੀ ਰਸ ਮੈਂ ਹ੍ਵੈ ਗਯੋ ਲੀਨ ॥੨੨॥

[1]ਦੇਰੀ।

[1]ਛੇਤੀ ਹੀ ਲਿਆਇਆ ਜਾਣ੍ਹੇ।

[1]ਕੋਈ ਇਕ (ਹੋਰ) ਕਸੌਟੀ ਬੀ ਦਿੱਤੀ।

ਨਿਸ ਦਿਨ ਰਹੈ ਅਲਹਿ ਸੋਂ ਮਾਤਾ।
ਚਢਯੋ ਨਵੀਨ ਰੰਗ ਮਨ ਰਾਤਾ।
ਜਿਤਿਕ ਹੁਤੋ ਧਨ ਸਰਬ ਲਗਾਯੋ।
ਦਰਵੇਸ਼ਨਿ ਕੋ ਖਾਨਾ ਖ੍ਵਾਯੋ ॥੨੩॥
ਬੇਚਯੋ ਘਰ ਜੇਤਿਕ ਧਨ ਲੀਨਿ।
ਹਿਤ ਸੰਤਨਿ ਸਭਿ ਖਰਚਨਿ ਕੀਨਿ।
ਅਪਰ ਜਿ ਵਸਤੁ ਹੁਤੀ ਅਸ਼ੇਸ਼।
ਅਰਪਨ ਕਰੀ ਹੇਰਿ ਦਰਵੇਸ਼ ॥੨੪॥
ਭਯੋ ਮਸਤ ਸੁਧਿ ਤਨ ਕੀ ਥੋਰੀ।
ਨਿਸ ਦਿਨ ਰਹੈ ਪ੍ਰੇਮ ਮਤਿ ਬੋਰੀ।
ਦਿੱਲੀ ਕੇ ਬਜ਼ਾਰ ਮਹਿਂ ਪਰੈ।
ਭਯੋ ਸੁਛੰਦ ਤਿਸੀ ਪੁਰਿ ਫਿਰੈ[1] ॥੨੫॥
ਦਿਨ ਦਿਨ ਪ੍ਰਤਿ ਬ੍ਰਿਤਿ ਚਢਹਿ ਸਵਾਈ।
ਨਿਧਿ ਸਿਧਿ ਆਨਿ ਥਿਰੀ ਅਗੁਵਾਈ।
ਤਿਨ ਕੋ ਆਦਰ ਨਹੀਂ ਕਰੰਤਾ।
ਪਰਮੇਸ਼ੁਰ ਕੋ ਪ੍ਰੇਮ ਧਰੰਤਾ ॥੨੬॥
ਹੁਇ ਬੇਤਮਾ[1] ਜਗਤ ਕੀ ਦਿਸ਼ਿ ਤੇ।
ਪ੍ਰਭੁ ਰਸ ਤੇ ਬਨ ਕਰਿ ਮਨ ਮਸਤੇ[1]।
ਸ਼ਾਹਿ ਰੰਕ ਏਕ ਕਰਿ ਜਾਨਾ।
ਰਿਦੇ ਅਨੰਦਤਿ ਮਨ ਮਸਤਾਨਾ ॥੨੭॥
ਇਕ ਦਿਨ ਠਾਢੋ ਬੀਚ ਬਜ਼ਾਰ।
ਹੁਤੋ ਨਗਨ, ਕੋ ਬਸਤ੍ਰ ਨ ਧਾਰਿ।
ਨੌਰੰਗ ਨਿਕਸਯੋ ਚਢਿ ਕਰਿ ਹਾਥੀ।
ਚਾਕਰ ਭਏ ਹਜ਼ਾਰਹੁਂ ਸਾਥੀ ॥੨੮॥
ਲੋਕ ਹਟਾਵਨ ਹਾਰ ਨਿਹਾਰੇ।
ਦੂਰ ਦੂਰ ਸਭਿ ਕਰਤਿ ਉਚਾਰੇ।
ਸਰਮਦ ਸੋਂ ਤਿਨ ਆਨਿ ਉਚਾਰੀ।
'ਨਗਨ ਥਿਰਹੁ ਨਹਿਂ, ਸ਼ਾਹੁ ਅਗਾਰੀ' ॥੨੯॥
ਸੁਨਿ ਨੌਰੰਗ ਤਿਸ ਦਿਸ਼ਾ ਨਿਹਰਿਤੇ।
ਬਸਤ੍ਰ ਦੀਨਿ ਦ੍ਵੈ ਗਜ ਨਿਜ ਕਰ ਤੇ।
ਕਹਯੋ ਸੁ 'ਨਗਨ ਛਾਦਿਬੋ ਕੀਜੈ।

[1]ਸੁਤੰਤਰ ਹੋਕੇ ਉਸੇ (ਦਿੱਲੀ ਵਿਚ) ਹੀ ਪਿਆ ਫਿਰੇ।

[1]ਤ੍ਰਿਸ਼ਨਾ ਰਹਿਤ।

[1]ਮਸਤ ਮਨ ਬਣ ਕਰਕੇ।

ਬਿਨ ਛਾਦੇ ਨਹਿਂ ਵਹਿਰ ਥਿਰੀਜੈ'
॥੩੦॥
ਇਮ ਕਹਿ ਗਮਨਜੋ ਸ਼ਾਹੁ ਅਗੇਰੇ।
ਮਨ ਬਾਂਛਤਿ ਫਿਰ ਕਰਿ ਪੁਰਿ, ਫੇਰੇ[1]।
ਕਿਤਿਕ ਸਮੇਂ ਮਹਿਂ ਮੁਰ ਕਰਿ ਆਯੋ।
ਤਹਿਂ ਠਾਂਵੋ ਸਰਮਦ ਦਰਸਾਯੋ ॥੩੧॥
ਬਾਂਧਜੋ ਸਿਰ ਪਰ ਦਿਯੋ ਸੁ ਚੀਰ।
ਖਰੋ ਪ੍ਰਥਮ ਸਮ ਨਗਨ ਸ਼ਰੀਰ।
ਨੌਰੰਗ ਨੇਰੇ ਕੀਨਸਿ ਹਾਥੀ।
ਕੁਛ ਰਿਸ ਕਰਿ ਬੂਝਜੋ ਤਿਹ ਸਾਥੀ
॥੩੨॥
'ਕਹਾਂ ਮਕਰ ਕੋ ਧਾਰਨਿ ਕੀਨਿ?
ਲਾਜ ਜਹਾਨ ਤਜਾਗ ਕਰਿ ਦੀਨਿ।
ਬੁਰਜੋ ਬਸਤ੍ਰ ਤੇ ਲਖਿ ਹਮ ਦਯੋ।
ਕਜੋਂ ਨਹਿਂ ਨਗਨ ਛਾਦ ਕਰਿ ਲਿਯੋ[1]
॥੩੩॥
ਡਰ ਕੋ ਪਰਿਹਰਿ ਕਰਿ ਉਰ ਭਾਯੋ।
ਕਜੋਂ ਕੁਚਾਲ ਕਰਿਬੇ ਚਿਤ ਲਾਯੋ।'
ਸੁਨਿ ਸਰਮਦ ਤਬਿ ਉੱਤਰ ਦੀਨਿ।
'ਤੋ ਕਹੁ ਪਿਖਜੋ ਬੁੱਧਿ ਤੇ ਹੀਨ ॥੩੪॥
ਇਸੀ ਅਕਲ ਤੇ ਕਰਿ ਪਤਿਸ਼ਾਹਿਤ।
ਲੋਕਨਿ ਮੈਂ ਬਡ ਜਸੁ ਕੋ ਚਾਹਤਿ।
ਤੈਂ ਬਨਿ ਸ਼ਾਹਿ ਕਰੀ ਬਖ਼ਸ਼ੀਸ਼।
ਸਾਥ ਅਦਾਬ ਧਰੀ ਹਮ ਸੀਸ ॥੩੫॥
ਰਿਦੇ ਨ ਜਾਨੀ ਇਹ ਬਡਿਆਈ।
ਉਲਟੀ ਹਮ ਸੋਂ ਸ਼ਿਦਤ[1] ਉਠਾਈ।
ਜੇ ਲੇ ਕਰਿ ਬਖ਼ਸ਼ੀਸ਼ ਤਿਹਾਰੀ।
ਧਰਤਿ ਲਿੰਗ ਪਰ ਕਰਤਿ ਖੁਆਰੀ
॥੩੬॥
ਤੌ ਪ੍ਰਸੰਨ ਹੋਵਤਿ ਲਖਿ ਆਛੀ।
ਇਮ ਬਿੱਪ੍ਰੀਤ ਬੁੱਧਿ ਤੇ ਬਾਛੀ।
ਇਸੀ ਅਕਲ ਪਰ ਸਲਤਨ ਕਰਤਾ?

[1]ਪੁਰੀ ਵਿਚ ਫਿਰਕੇ, ਫੇਰਾ।

[1]ਨੰਗੇਜ ਕਿਉਂ ਨਹੀਂ ਢਕਿਆ।

[1]ਸਖਤੀ।

ਤੁਰਕ ਹਿੰਦ ਕੋ ਨਜਾਉਂ ਨਿਬਰਿਤਾ† ?'
॥੩੭॥

†ਜੋ ਸ਼ੇਅਰ ਸਰਮੱਦ ਨੇ ਉਸ ਵਕਤ ਕਹੇ, ਇਹ ਹਨ:-ਆਂ ਸ਼ਾਹ ਕਿ ਤੁਰਾ ਤਾਜੇ ਜਹਾਂਬਾਨੀ ਦਾਦ। ਮਾਰਾ ਹਮਾਂ ਅਸਬਾਬੇ ਪਰੇਸ਼ਾਨੀ ਦਾਦ। ਪੋਸ਼ਾਨਦ ਲਿਬਾਸ ਹਰ ਕਿਹਾ ਐਬੈ ਦੀਦ। ਬੇ ਐਬਾਂ ਰਾ ਲਿਬਾਸੇ ਉਰਿਯਾਨੀ ਦਾਦ। ਅਰਥਾਤ- 'ਜਿਸ ਰੱਬ ਨੇ ਤੈਨੂੰ ਜਹਾਨ ਤੇ ਰਾਜ ਕਰਨ ਦਾ ਤਾਜ ਦਿੱਤਾ ਹੈ, ਸਾਨੂੰ ਸਾਰਾ ਸਾਮਾਨ ਪਰੇਸ਼ਾਨੀ ਦਾ ਦਿੱਤਾ ਹੈ, ਉਹ ਜਿਨ੍ਹਾਂ ਵਿਚ ਐਬ ਤੱਕਦਾ ਹੈ ਉਨ੍ਹਾਂ ਨੂੰ ਕਪੜੇ ਪੁਆਉਂਦਾ ਹੈ, ਤੇ ਬੇ ਐਬਾਂ ਨੂੰ 'ਨੰਗੇਪਨ ਦੀ ਪੁਸ਼ਾਕ' ਦੇਂਦਾ ਹੈ।

ਸੁਨਿ ਨੁਰੰਗ ਜਰਿ ਬਰਿ ਉਰ ਗਯੋ।
ਉੱਤਰ ਨਹੀਂ ਆਵਤੋ ਭਯੋ।
ਲੱਜਿਤਿ ਹੋਇ ਕਸ਼ਟ ਕੋ ਪਾਵਾ।
ਰਿਸਤਿ ਆਪਨੇ ਸਦਨ ਸਿਧਾਵਾ
॥੩੮॥

ਰਿਦੇ ਈਰਖਾ ਅਧਿਕ ਉਠਾਈ।
ਮਹਿਮਾਂ ਦਰਵੇਸ਼ ਨ ਲਖਿ ਪਾਈ[1]।
-ਸਮਝੌਂ ਫੇਰ[1]-, ਕੁਤਰਕ ਉਠਾਈ।
-ਕਿਸੀ ਖੁਨਾਮਹਿਂ[1] ਜਬਿ ਇਹੁ ਆਈ-
॥੩੯॥

[1]ਨਾ ਲਖੀ (ਔਰੰਗੇ ਨੇ)।

[1]ਫੇਰ ਸਮਝਾਂਗੇ (ਇਸ ਨਾਲ)।

[1]ਕੋਈ ਕੰਮ ਜਿਸ ਤੋਂ ਬਦਨਾਮੀ ਹੋਵੇ (ਖਟ+ਨਾਮੀ)।

ਸਰਮਦ ਖਰੋ ਰਹ੍ਯੋ ਤਿਸ ਥਾਨ।
ਰਹ੍ਯੋ ਨਗਨ ਹੀ ਪ੍ਰਥਮ ਸਮਾਨ।
ਇਕ ਰਸ ਬ੍ਰਿਤੀ ਅਨੰਦ ਮੈਂ ਝੂਲਤਿ।
ਲਿਵ ਲਾਗੀ ਸੋ ਕਬਹੁਂ ਨ ਭੂਲਤਿ
॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਸਰਮਦ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

## ੨੨. [ਸਰਮੱਦ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:
ਇਮ ਸਰਮਦ ਮਨ ਮਸਤ ਹ੍ਵੈ, ਥਿਰਹਿ ਬਜ਼ਾਰ ਮਝਾਰ।
ਇਕ ਖ਼ੁਦਾਇ ਸੰਗ ਲਿਵ ਲਗੀ, ਦੂਸਰ ਸੋਂ ਨ ਚਿਨਾਰ[1] ॥੧॥

[1]ਪਛਾਣ।

ਚੌਪਈ:
ਕਬਿ ਕਬਿ ਬਿਜੀਆ[1] ਪਾਨ ਕਰੰਤਾ।
ਇਕ ਚਿਤ ਬ੍ਰਿਤੀ ਕਰਤਿ ਮਤਿਵੰਤਾ।
ਆਨਿ ਦੇਹਿ ਜੋ ਭੋਜਨ ਕੋਈ।
ਤ੍ਰਿਪਤ ਰਹੈ ਖੈ ਹੈ ਮੁਖ ਸੋਈ ॥੨॥

[1]ਭੰਗ।

ਏ -ਖ਼ਾਹਸ਼ ਬਨ ਸਮਾਂ ਬਿਤਾਵੈ।
ਬੈਠ ਇਕਾਕੀ ਅਨੰਦ ਉਪਾਵੈ।
ਇਕ ਦਿਨ ਕਰਤਿ ਭੰਗ ਕੋ ਪਾਨਾ।
ਢਿਗ ਮਹਿਜਿਦ[1] ਕੋ ਪਿਖਤਿ ਮੁਲਾਨਾ ॥੩॥

[1]ਮਸੀਤ।

'ਸ਼ਰ੍ਹਾ ਵਹਿਰ ਇਹ ਬਿਜੀਆ ਪਾਨਿ।
ਤੂੰ ਕਜੋਂ ਕਰਤਿ, ਨ ਡਰ ਕੋ ਮਾਨਿ[1]।'
ਸਰਮਦ ਕਹ੍ਯੋ 'ਤੋਰ ਹਮ ਡਾਰੀ[1]।
ਇਹ ਫਾਸੀ ਹੈ ਗ੍ਰੀਵ ਤੁਮਾਰੀ' ॥੪॥

[1]ਡਰ ਨੂੰ ਨਹੀਂ ਮੰਨਦਾ।
[1]ਅਸਾਂ (ਸ਼ਰਾ) ਤੋੜ ਸੁਟੀ ਹੈਂ।

ਮਨ ਕੋ ਖੋਟਾ ਸੁਨਤਿ ਮੁਲਾਨਾ।
ਜਾਇ ਸੰਗ ਨੌਰੰਗ ਬਖਾਨਾ।
'ਪੁਰਿ ਮਹਿਂ ਭੀ ਨ ਸ਼ਰ੍ਹਾ ਪਰ ਪਾਕੀ[1]।
ਬਹੁਰ ਬਾਰਤਾ ਕਹੀਅਹਿ ਕਾਂ ਕੀ ॥੫॥

[1]ਸ਼ਰ੍ਹਾ ਪੱਕੀ ਹੋ ਕੇ ਨਾਂ ਟਰੀ।

ਹੁਇ ਤੋਰੇ ਤੇ[1] ਸ਼ਰਾ ਉਦਾਰਾ।
ਨਾਂਹਿ ਤ ਪਰਿ ਹੈ ਦੀਨ ਬਿਗਾਰਾ।
ਸਰਮਦ ਮਸਤ ਹੋਇ ਕਰਿ ਤੋਰੀ[1]।
ਤੋਰਾ ਸ਼ਰ੍ਹਾ ਨ ਜਾਨਹਿ ਤੋਰੀ[1] ॥੬॥

[1]ਤੋਰਾ=ਹੁਕਮ ਨਾਲ ਚਲਾਉਣਾ।
[1]ਤੋੜੀ।
[1]ਸ਼ਰ੍ਹਾ ਦਾ ਤੋਰਾ ਨਹੀਂ ਜਾਣਦਾ, ਤਾਂ ਤੇ ਤੋੜੀ ਸੁ। [ਪੰ: ਤੇਗ = ਚੱਲਣ, ਕਿਸੇ ਹੁਕਮ ਦਾ ਮਨਵਾਇਆ ਜਾਣਾ] (ਅ) ਤੂੰ ਜਿਸ (ਕਰੜਾਈ ਨਾਲ) ਸ਼ਰ੍ਹਾ ਤੋਰੀ ਹੈ ਉਸ ਦਾ ਤੋਰਾ (ਚੱਲਣ) ਦੀ ਉਸ ਨੇ ਨਹੀਂ ਪ੍ਰਵਾਹ ਕੀਤੀ।

ਸਭਿ ਮਹਿਂ ਬਿਦਤਿ ਭੰਗ ਕੋ ਪੀਵੈ।

ਕਹੈ ਕਿ ਸ਼ਰ੍ਹਾ ਫਾਸ ਤੁਮ ਥੀਵੈ।'
ਸੁਨਤਿ ਸ਼ਾਹੁ ਰਿਸ ਪ੍ਰਥਮ ਸੰਭਾਰੀ।
ਨੌਕਰਾਨਿ ਸੋਂ ਗਿਰਾ ਉਚਾਰੀ ॥੭॥
'ਗਹਿ ਲੀਜੈ ਪਗ ਪਾਵਹੁ ਬੇਰੀ।
ਦੇਹੁ ਕੈਦਖਾਨੇ ਮਹਿਂ ਗੇਰੀ।
ਜਬਹਿ ਸ਼ਰ੍ਹਾ ਸਮੁਝੈ ਅਰੁ ਮਾਨੈ।
ਤਬਹਿ ਖਲਾਸੀ ਕਰਹੁ' ਬਖਾਨੈ ॥੮॥
ਤਾਤਕਾਲ ਤਿਨ ਪਕਰਯੋ ਜਾਇ।
ਦਈ ਚਰਨ ਮਹਿਂ ਬੇਰੀ ਪਾਇ।
ਰਹਯੋ ਕੈਦ ਮਹਿਂ ਰਿਦੈ ਅਨੰਦ।
ਸਿਮਰਤਿ ਪ੍ਰਭੁ ਕੋ ਪ੍ਰੇਮ ਬਿਲੰਦ ॥੯॥
ਮਨ ਮੈਂ ਗਨੀ ਨ ਕਛੂ ਕਠਨਾਈ।
ਦੇਖਯੋ ਲੋਕਨਿ ਜਾਇ ਬਤਾਈ।
ਨੌਰੰਗ ਸੰਗ ਬਖਾਨਯੋ ਜਾਇ।
'ਤਹਾਂ ਮਸਤ ਚਿਤ ਗ਼ਮੀ ਨ ਕਾਇ ॥੧੦॥
ਗਹਿਬੇ ਤੇ ਕੁਛ ਦੁਖ ਨਹਿਂ ਮਾਨਾ।
ਬੋਲਹਿ ਬੈਠਹਿ ਪ੍ਰਥਮ ਸਮਾਨਾ।'
ਕਹਯੋ ਸ਼ਾਹਿ 'ਅਬਿ ਕਰਹੁ ਖਲਾਸ।
ਆਗੇ ਕੋ ਉਪਜਾਵਹੁ ਤ੍ਰਾਸ ॥੧੧॥
ਚਲਹਿ ਸ਼ਰ੍ਹਾ ਮੈਂ ਤਉ ਸੁਖ ਪਾਵੈ।
ਨਾਂਹਿ ਤ ਬਹੁਰ ਕੈਦ ਮਹਿਂ ਆਵੈ।'
ਸੁਨਿ ਕੈ ਆਗਜਾ ਆਨਿ ਛੁਡਾਯੋ।
ਕਹਯੋ ਸ਼ਾਹੁ ਕੋ ਸਕਲ ਸੁਨਾਯੋ ॥੧੨॥
ਤਬਿ ਸਰਮਦ ਸਭਿ ਬਿਖੈ ਬਖਾਨਾ।
'ਜੋ ਬੰਧਯੋ ਤਿਸ ਬੰਧ ਮਹਾਨ[1]।

[1]ਜੋ ਬੰਨ੍ਹਿਆ ਹੈ ਤਿਸ ਨੂੰ ਹੀ ਭਾਰੀ ਬੰਧਨ ਹਨ ਭਾਵ ਸ਼ਰ੍ਹਾ ਵਿਚ ਬੱਧੇ ਹੀ ਅੱਗੇ ਬੱਝਣਗੇ ਕਿਉਂਕਿ ਸ਼ਰ੍ਹਾ ਹਿਸਾਬ ਹੈ ਤੇ ਹਿਸਾਬ ਸਿਰ ਕੋਈ ਨਿਸ਼ਪਾਪ ਨਹੀਂ ਹੋ ਸਕਦਾ, ਅੱਗੇ ਦੱਸਦੇ ਹਨ ਛੁਟਕਾਰਾ ਮਿਹਰ ਨਾਲ ਹੈ।

ਬਿਰਲਾਪਹਿ ਦੁਖ ਪਾਵਹਿ ਸੋਈ।
ਪ੍ਰਭੁ ਕਰੁਨਾ ਬਿਨ ਛੁਟਹਿ ਨ ਕੋਈ ॥੧੩॥
ਹੱਕ ਮਿਹਰ ਤੇ[1] ਜੋ ਛੁਟਿ ਗਏ।

[1]ਪ੍ਰਭੂ ਦੀ ਕ੍ਰਿਪਾ ਨਾਲ।

ਬਹੁਰ ਨ ਬੰਧਨ ਮੈਂ ਸੇ ਪਏ।
ਜਾਨੇ ਪਰੇ ਅਲਹ ਦਰਗਾਹ।
ਕੋ ਬੰਧਯੋ ਕੋ ਛੁਟਯੋ ਜਾਹਿ' ॥੧੪॥
ਗਯੋ ਬਜ਼ਾਰ ਜਾਇ ਕਰਿ ਰਹਯੋ।
ਜਿਸ ਨ ਮਗ ਖ਼ੁਦਾਇ ਕੋ ਲਹਯੌ।
ਕਰਹਿ ਨ ਕਾਨ[1] ਕਾਹੁ ਕੀ ਕੈਸੇ। [1]ਕਣੌਡ।
ਰਹੈ ਮਸਤ ਮਨ ਅਮਲੀ ਜੈਸੇ ॥੧੫॥
ਦਾਰਸ਼ਕੋਹ ਗਹਯੋ ਜਬਿ ਆਯੋ।
ਬਾਤਿ ਕਰਤਿ ਤਿਨ ਤਾਂਹਿ ਸੁਨਾਯੋ।
ਸੁਨਿ ਸਰਮਦ ਤਬਿ ਉਚ ਪੁਕਾਰੈ।
'ਹਮ ਤਿਸ ਕੋ ਨਿਜ ਤਖਤ ਬਿਠਾਰੈਂ ॥੧੬॥
ਸਭਿ ਸਲਤਨ ਦੇਂ ਦਾਰਸ਼ਕੋਹੁ।
ਨਿਸ਼ਚੈ ਬਾਦਸ਼ਾਹ ਬਡ ਹੋਹੁ।'
ਬਾਰ ਬਾਰ ਦਿਨ ਬਿਖੈ ਉਚਾਰੈ।
ਬਹੁ ਲੋਕਨਿ ਕੇ ਕਾਨਨਿ ਡਾਰੈ ॥੧੭॥
ਸੁਨਿ ਸੁਨਿ ਨੌਰੰਗ ਨਿਕਟਿ ਬਤਾਵੈਂ।
ਬਸ ਨ ਬਸਾਇ ਅਧਿਕ ਜਰ ਜਾਵੈ।
-ਕਰੈ ਕਹਾਂ ਬਕਬਾਦ ਅਜਾਨਾ।
ਇਸ ਕੇ ਪ੍ਰਾਨ ਕਰੋਂ ਮੈਂ ਹਾਨਾ ॥੧੮॥
ਇਹ ਸਲਤਨ ਪਰ ਕਹਾਂ ਬਿਠਾਵੈ।
ਖੋਜਯੋ ਖੋਜ ਨਹੀਂ ਕਿਤ ਪਾਵੈ।
ਬਡੋ ਕਹਾਵਤਿ ਹੈ ਦਰਵੇਸ਼।
ਬੋਲਹਿ ਕੂਰੇ ਬਾਕ ਅਸ਼ੇਸ਼ ॥੧੯॥
ਬ੍ਰਿੰਦ ਸਾਧ ਪਾਖੰਡ ਕੋ ਧਾਰੇ।
ਦਾਰਸ਼ਕੋਹ ਸਹਾਇਕ ਸਾਰੇ।
ਸਭਿ ਕੋ ਦੇਉਂ ਤਿਦਾਰਕ[1] ਫੇਰ। [1]ਸਜ਼ਾ।
ਸਨੇ ਸਨੇ ਗਹਿ ਕੈ ਬਹੁ ਬੇਰ- ॥੨੦॥
ਇਮ ਨੌਰੰਗ ਬਡ ਦੁਸ਼ਟ ਬਿਚਾਰੈ।
ਬਿਨਾਂ ਸ਼ਰ੍ਹਾ ਨਹਿ ਭਲਾ ਉਚਾਰੈ[1]। [1]ਸ਼ਰ੍ਹਾ (ਮੰਨੇ) ਬਿਨਾਂ (ਕਿਸੇ ਨੂੰ) ਭਲਾ ਨਾ ਕਹੇ।
ਅਪਨੋ ਤੋਰਾ[1] ਕਰਹਿ ਬਿਸਾਲ। [1]ਚਾਲਾ (ਹੁਕਮ)।
ਸਭਿਨਿ ਚਲਾਵੈ ਸ਼ਰ੍ਹਾ ਕੁਚਾਲ ॥੨੧॥

ਹਿੰਦੂ ਤੁਰਕ ਸੰਤ ਗਨ ਜੇਈ।
ਦਾਰਸ਼ਕੋਹ ਸਰਾਹਹਿਂ ਤੇਈ।
ਸੁਨਿ ਸੁਨਿ ਏਹ ਸਹਹਿ ਨਹਿਂ ਕੈਸੇ।
ਸੁੰਦਰ ਚੰਦ ਚਕਵਾ† ਚਿਤ ਜੈਸੇ[1] ॥੨੨॥

[1]ਸੁੰਦਰ ਚੰਦ ਨੂੰ ਦੇਖਕੇ ਚਕਵਾ ਜਿਵੇਂ ਚਿਤ ਵਿਚ (ਦੁਖੀ ਹੁੰਦਾ ਹੈ)। †ਪਾ:-ਚਕੋਰ।

ਕਈ ਬਾਰ ਸਰਮਦ ਕੋ ਗਹ੍ਯੋ।
ਬਹੁਬਿਧਿ ਤੇ ਸਮੁਝਾਵਨਿ ਚਹ੍ਯੋ।
ਨਹੀਂ ਸ਼ਰਾ ਕੀ ਮਾਨਹਿ ਕਾਨ।
ਮਨ ਮਸਤਾਨਾ ਮਹਿਦ ਮਹਾਨਾ ॥੨੩॥
ਬੈਠਿ ਬਹੁਤ ਮਹਿਂ ਊਚ ਪੁਕਾਰੈ।
'ਦਾਰਸ਼ਕੋਹੈ ਤਖਤ ਬਿਠਾਰੈਂ।
ਦੈ ਹੈਂ ਸਲਤਨ ਅਚਰ ਬਿਸਾਲਾ।
ਕੀਨਸਿ ਮਿਹਰ ਖ਼ੁਦਾਇ ਕ੍ਰਿਪਾਲਾ' ॥੨੪॥
ਸੁਨਿ ਕੈ ਲੋਕ ਨੁਰੰਗ ਸੋਂ ਕਹੈਂ।
ਇਰਖਾ ਤੇ ਦੀਰਘ ਦਿਲ ਦਹੈਂ।
ਅਪਰ ਕਹਾਂ ਲਗਿ ਕਹੌਂ ਕਹਾਨੀ।
ਕਈ ਬਾਰ ਗਹਿ ਭਾ ਦੁਖਦਾਨੀ ॥੨੫॥
ਏਕ ਦਿਵਸ ਆਯੋ ਚਲਿ ਸ਼ਾਹੂ।
ਮਹਿਜਿਦ ਜੁਮਾ ਕਹਤਿ ਹੈਂ ਜਾਹੂ[1]।

[1]ਜਿਸ ਨੂੰ ਜਾਮਿਆਂ ਮਸਜਦ (ਵੱਡੀ ਮਸੀਤ) ਕਹਿੰਦੇ ਹਨ। (ਅ) ਜਿਸ ਮਸੀਤ (ਵਿਚ) ਜੁਮੇਂ (ਦੀ ਨਿਮਾਜ਼) ਕਹਿੰਦੇ (ਪੜ੍ਹਦੇ) ਹਨ।

ਅੰਤਰ ਪ੍ਰਵਿਸ਼੍ਯੋ ਕਰਨਿ ਨਿਮਾਜ਼।
ਬਹੁ ਲੋਕਨਿ ਕੋ ਸੰਗ ਸਮਾਜ ॥੨੬॥
ਖਰੇ ਭਏ ਤੂਸ਼ਨਿ ਹੁਇ ਸਾਰੇ।
ਕਾਜ਼ੀ ਠਾਢੋ ਸਭਿਨਿ ਅਗਾਰੇ।
ਤਬਿ ਲੌ ਸਰਮਦ ਭੀ ਚਲਿ ਆਯੋ।
ਕਿਸ ਕੋ ਜਿਸ ਕੇ ਤ੍ਰਾਸ ਨ ਪਾਯੋ ॥੨੭॥
ਖਰੋ ਭਯੋ ਮਹਜਿਦ ਕੇ ਆਗੇ।
ਬੀਚ ਨਿਵਾਜ ਕਰਨਿ ਸੋ ਲਾਗੇ।
ਤਬਿ ਕਾਜ਼ੀ ਨੇ ਬਾਂਗ ਪੁਕਾਰੀ।
ਊਚੀ ਕੂਕ ਅਧਿਕ ਮੁਖ ਮਾਰੀ ॥੨੮॥
ਸਰਮਦ ਵਹਿਰ ਪੁਕਾਰ ਉਚੇਰੇ।

ਸਭਿਨਿ ਸੁਨਾਵਤਿ ਭਾ ਤਿਸ ਬੇਰੇ।
'ਭੋ ਕਾਜ਼ੀ ! ਅੰਧੇ ਮਤਿਮੰਦ।
ਕਿਸਹਿ ਸੁਨਾਵਤਿ ਕੂਕ ਬਿਲੰਦ ॥੨੯॥
ਜੋ ਖ਼ੁਦਾਇ ਤੇਰੋ ਅਤਿ ਪਜਾਰੋ।
ਸੋ ਮਮ ਪਾਇਨ ਤਰੇ ਨਿਹਾਰੋ।
ਕੂਕ ਕੂਕ ਨਿਤ ਛੂਛੋ ਰਹੈਂ।
ਬਿਨਾ ਬਤਾਏ ਹਾਥ ਨ ਲਹੈਂ[1]' ॥੩੦॥

[1]ਮੁਰਸ਼ਿਦ ਦੇ ਰਾਹ) ਦਸੇ ਬਿਨਾਂ (ਤੂੰ ਖ਼ੁਦਾ ਨੂੰ) ਨਹੀਂ ਪਾ ਸਕੇਂਗਾ।

ਕਿਤਿਕ ਖਰੇ ਉਮਰਾਵ ਸੁਨੰਤੇ।
ਅਪਰ ਲੋਕ ਗਨ ਮਿਲਿ ਚਿਤਵੰਤੇ।
'ਕਰਹਿਂ ਕਹਾਂ ਸਰਮਦ ਤੂੰ ਬੌਲਾ[1]।
ਸੁਨਹਿ ਸ਼ਾਹ ਕਰਿ ਦੇ ਬਹੁ ਹੌਲਾ ॥੩੧॥

[1]ਬਾਵਲਾ।

ਸ਼ਰਾ ਵਹਿਰ ਹੇਰਹਿ ਕੈ ਸੁਨੈ।
ਰਿਸ ਕਰਿ ਤਾਤਕਾਲ ਤਿਹਿ ਹਨੈ।
ਭਲੋ ਬੁਰੇ ਲਖਹਿ ਨ ਦਰਵੇਸ਼।
ਅਜ਼ਮਤ ਕੋ ਜਾਨਹਿ ਨ ਵਿਸ਼ੇਸ਼' ॥੩੨॥
ਕਹਿ ਸਰਮਦ 'ਕਛੁ ਨਹੀਂ, ਹਮਾਰਾ।
ਕਹਾਂ ਸ਼ਾਹੁ ਕਰਿ ਸਕਹਿ ਬਿਗਾਰਾ।
ਤਨ ਆਦਿਕ ਕੀ ਮਮਤਾ ਨਾਸੀ।
ਦੰਡ ਉਚਿਤ ਕਛੁ ਰਖਹਿਂ ਨ ਪਾਸੀ ॥੩੩॥
ਤਦ ਨੌਰੰਗ ਨਿਗਸਜੋ ਬਰ ਪੌਰ।
ਕਰਜੋ ਸੁਨਾਵਨਿ ਕੋ ਤਿਸ ਠੌਰ।
'ਪੈਰਨਿ ਤਰੇ ਖ਼ੁਦਾਇ ਬਤਾਵੈ।
ਤੁਮ ਤੇ ਤਨਕ ਤ੍ਰਾਸ ਨਹਿਂ ਪਾਵੈ' ॥੩੪॥
ਹੁਕਮ ਕਠੋਰ ਕੀਨਿ ਮਤਿ ਅੰਧ।
'ਗੇਰਹੁ ਕੈਦ ਪਾਇ ਬਹੁ ਬੰਧ।
ਪਾਇਨ ਅਰੁ ਹਾਥਨਿ ਮਹਿਂ ਪਾਵਹੁ।
ਗ੍ਰੀਵ ਤੌਕ ਕਰਿ ਤਰੈ ਬਿਠਾਵਹੁ ॥੩੫॥
ਇਸ ਜੈਸੇ ਨਰ ਦੰਭਨਿ ਧਾਰੈਂ।
ਬਿਗਰ ਸ਼ਰ੍ਹਾ ਤੇ ਅਪਰ ਬਿਗਾਰੈਂ।
ਜਬਿ ਸਜ਼ਾਇ ਕੋ ਲਹੈ ਬਿਸਾਲਾ।
ਰਹਹਿ ਸ਼ਰ੍ਹਾ ਮਹਿਂ ਬਨੈ ਦੁਖਾਲਾ ॥੩੬॥

ਕੈ ਦੈਹੋਂ ਸਿਰ ਕੋ ਕਟਿਵਾਇ।
ਨਹਿਂ ਬਿਗਰਹਿਂ ਨਰ ਡਰ ਉਰ ਪਾਇ।'
ਗਯੋ ਦੁਰਗ ਮਹਿਂ ਕਹਿ ਇਮ ਸ਼ਾਹੂ।
ਸਰਮਦ ਗਹ੍ਯੋ ਕੈਦ ਕੇ ਮਾਂਹੂ ॥੩੭॥
ਨਹੀਂ ਖੇਦ ਕੋ ਮਨ ਮਹਿਂ ਠਾਨਾ।
ਆਤਮ ਗਯਾਨ ਮਹਿਦ ਸੁਖਵਾਨਾ।
ਜਿਮ ਛੂਟ੍ਯੋ, ਤਿਮ ਬੰਧਨ ਮਾਂਹਿ।
ਕਹੈ ਨਿਸ਼ੰਗ ਤ੍ਰਾਸ ਕਿਸ ਨਾਂਹਿ ॥੩੮॥
ਤੁਰਕ ਕ੍ਰੂਰ ਬਹੁ ਦੇਤਿ ਸਜ਼ਾਇ।
ਨਹਿਂ ਮਨ ਗਨਹਿ ਏਕ ਲਿਵਲਾਇ।
ਅਨਿਕ ਭਾਂਤਿ ਕੇ ਤ੍ਰਾਸ ਬਤਾਵਹਿਂ।
ਬਹੁਰ ਸ਼ਾਹੁ ਕੇ ਨਿਕਟਿ ਜਨਾਵਹਿਂ
॥੩੯॥
'ਮਾਨਤਿ ਨਹੀਂ ਸ਼ਰ੍ਹਾ ਕੀ ਬਾਤ।
ਕਿਧੌਂ ਕਰਹੁ ਤਨੁ ਤਿਸ ਕੋ ਘਾਤ।
ਬੋਲਤਿ ਹੈ ਆਨਨ ਜਿਮ ਆਵੈ।'
ਸੁਨਿ ਨੁਰੰਗ ਉਰ ਕੋਪ ਉਪਾਵੈ ॥੪੦॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸਰਮਦ' ਪ੍ਰਸੰਗ ਬਰਨਨੰ ਨਾਮ ਦ੍ਵੈਬਿੰਸਤੀ ਅੰਸੂ ॥੨੨॥

## ੨੩. [ਸਰਮਦ ਕਤਲ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਤਿਨ ਦਿਵਸਨਿ ਮਹਿਂ ਦੂਤ ਇਕ, ਦਿੱਲੀ
ਪੁਰਿ ਮੈਂ ਆਇ।
ਰੂਮ ਵਲਾਇਤ ਸ਼ਾਹ ਨੇ, ਲਿਖਿ ਕਰਿ
ਦਿਯੋ ਪਠਾਇ ॥੧॥

ਚੌਪਈ:

'ਸ਼ੁਕਰ ਸਬਰ ਦੋ ਨਾਮ ਜੁ ਕਹੈਂ।
ਕਹਾਂ ਮਾਇਨਾ ਇਨ ਕੋ ਅਹੈ?
ਬੂਝਨਿ ਹੇਤੁ[1] ਨੁਰੰਗ ਪਾਸ।
ਹੋਇ ਜਥਾਰਥ ਕਰਹੁ ਪ੍ਰਗਾਸ ॥੨॥
ਨਹੀਂ ਮਾਇਨਾ ਇਨ ਤੇ ਆਵੈ।
ਤੌ ਸਰਮਦ ਇਕ ਸੰਤ ਕਹਾਵੈ।
ਤਿਸ ਤੇ ਬੂਝਹੁ ਭਲੇ ਬਿਚਾਰਿ।
ਲੇਹੁ ਮਾਇਨਾ ਜੋ ਹੁਇ ਸਾਰ' ॥੩॥
ਸੋ ਦਿੱਲੀ ਮਹਿਂ ਆਨਿ ਪ੍ਰਵੇਸ਼ਾ।
ਡੇਰਾ ਕੀਨਸਿ ਪਿਖ੍ਯੋ ਅਸ਼ੇਸ਼ਾ।
ਬਹੁਰ ਸ਼ਾਹਿ ਕੈ ਨਿਕਟਿ ਪਧਾਰਾ।
ਮੁਲਾਕਾਤ ਕਰਿ, ਹੇਤੁ ਉਚਾਰਾ ॥੪॥
'ਹਜ਼ਰਤ ਜਸੁ ਤੁਮਰੋ ਬਹੁ ਭਾਖੇ।
-ਚੌਦਾਂ ਸੈ ਉਲਮਾਵਨਿ ਰਾਖੈ-।
ਇਮ ਸੁਨਿ ਕੈ ਇਤ ਮੋਹਿ ਪਠਾਵਾ।
ਹੇਤੁ ਮਾਯਨੇ ਬੂਝਨਿ ਆਵਾ ॥੫॥
ਸ਼ੁਕਰ ਸਬਰ ਏ ਨਾਮ ਜੁ ਦੋਇ।
ਇਨ ਕੋ ਕਹਾਂ ਮਾਯਨਾ ਹੋਇ।
ਸੋ ਮੋ ਕਹੁ ਦੀਜੈ ਸਮੁਝਾਇ।
ਦਾਨਸ਼ਵਦਨਿ ਤੇ ਕਰਿਵਾਇ' ॥੬॥
ਸੁਨਿ ਨੌਰੰਗ ਉਮਰਾਵ[†] ਬੁਲਾਵੇ।
ਅਨਿਕ ਮੁਲਾਨੇ ਤਬਿ ਚਲਿ ਆਏ।
ਬਹੁ ਭਾਂਤਨਿ ਤੇ ਰਿਦੈ ਬਿਚਾਰਹਿਂ।

[1](ਆਵਣ ਦਾ) ਕਾਰਨ।

[†]ਇਥੇ ਸ਼ੁੱਧ ਪਾਠ-ਉਲਮਾਵ-ਚਾਹੀਦਾ ਹੈ, ਲਿਖਾਰੀ ਦੀ ਭੁੱਲ ਨਾਲ ਉਮਰਾਵ ਹੋ ਗਿਆ ਜਾਪਦਾ ਹੈ। ਉਲਮਾਵ = ਇਸਲਾਮ ਦਾ ਪੰਡਿਤ। ਉਮਰਾਵ = ਅਮੀਰ, ਹੁੱਦੇਦਾਰ।

ਨਿਜ ਨਿਜ ਮਤਿ ਅਨੁਸਾਰਿ ਉਚਾਰਹਿ
॥੭॥
ਖ਼ਾਤਰ ਜਮਾ ਨ ਤਿਸ ਕੀ ਹੋਇ।
ਅਨਿਕ ਦਲੀਲ ਉਠਾਵਤਿ ਸੋਇ।
ਦਿੱਲੀ ਮਹਿਂ ਜੇਤਿਕ ਮਤਿਵਾਨ।
ਸਕਲ ਸਕੇਲੇ ਸ਼ਾਹੁ ਬਖਾਨੇ ॥੮॥
ਬਹੁ ਭਾਂਤਨਿ ਤੇ ਕਰਹਿਂ ਉਚਾਰਿ।
ਨਿਜ ਨਿਜ ਮਤਿ ਅਨੁਸਾਰ ਬਿਚਾਰਿ।
ਤਿਊ ਨ ਨਿਸ਼ਚੈ ਤਿਸ ਕੋ ਹੋਵਾ।
ਕਰਹਿ ਦਲੀਲਾਂ ਸੰਸੇ ਪੋਵਾ[1] ॥੯॥ [1]ਸੰਸੈ (ਨਾਲ) ਭਰਿਆ।
ਕੇਤਿਕ ਦਿਨ ਲੌਂ ਚਰਚਾ ਰਹੀ।
ਖ਼ਾਤਰਜਮਾ[1] ਭਈ ਕਿਮ ਨਹੀਂ। [1]ਤਸੱਲੀ।
ਭਯੋ ਨਿਰਾਸ ਸਭਿਨਿ ਤੇ ਜਬੈ।
ਸਰਮਦ ਕੋ ਸਿਮਰਜੋ ਤਿਨ ਤਬੈ ॥੧੦॥
ਬੂਝਜੋ ਲੋਕਨ ਤੇ 'ਕਿਤ ਰਹੈ?
ਮਹਦ ਵਿਦਤ ਦਰਵੇਸ਼ ਜੁ ਅਹੈ।'
'ਪਰਜੋ ਕੈਦ ਮੈਂ' ਤਿਨਹੁ ਬਤਾਵਾ।
'ਸ਼ਰ੍ਹਾ ਬਹਿਰ ਚਲਿਬੇ ਅਟਕਾਵਾ[1]' [1]ਸ਼ਰ੍ਹਾ ਵਿਰੁੱਧ ਚੱਲਣ ਕਰਕੇ ਕੈਦ ਪਾਇਆ ਹੈ।
॥੧੧॥
ਰੂਮ ਸ਼ਾਹਿ ਕੋ ਦੂਤ ਸੁਨੀ ਜਬਿ।
ਜਾਨਜੋਂ ਨੌਰੰਗ ਕੁਟਿਲ ਬਡੋ ਤਬਿ।
ਗਯੋ ਕੈਦਖਾਨੋ ਮਹਿਂ ਦੇਖਾ।
ਤਨ ਜਿਹ ਬੰਧਨ ਪਰੇ ਵਿਸ਼ੇਖਾ ॥੧੨॥
ਹਾਥ ਜੋਰਿ ਕਰਿ ਸਿਜਦਾ ਕੀਨਿ।
ਬੈਠਜੋ ਚਿਤ ਮਹਿਂ ਜਾਨਿ ਪ੍ਰਬੀਨ।
ਅਪਨੋ ਸਕਲ ਪ੍ਰਸੰਗ ਸੁਨਾਵਾ।
'ਰੂਮ ਵਲਾਇਤ ਤੇ ਚਲਿ ਆਵਾ ॥੧੩॥
ਤਹਾਂ ਨਾਮ ਸ਼ੁਭ ਸੁਨਜੋ ਤੁਮਾਰਾ।
ਬਹੁ ਲੋਕਨਿ ਜਸੁ ਬਡੋ ਉਚਾਰਾ।
ਇਹਾਂ ਆਇ ਅਸ ਗਤਿ ਜੁਤਿ ਹੇਰਾ।
ਤਉ ਮਾਇਨਾ ਕਹਹੁ ਭਲੇਰਾ ॥੧੪॥
ਸ਼ੁਕਰ ਸਬਰ ਜੇ ਆਖਹਿਂ ਦੋਇ।

ਕਿਸ ਕੋ ਕਹੈਂ? ਬਖਾਨੋ ਸੋਇ।'
ਸੁਨਿ ਸਰਮਦ ਤਿਹ ਸੋਂ ਤਬਿ ਕਹ੍ਯੋ।
'ਲੇਨਿ ਮਾਯਨਾ ਜੇ ਚਿਤ ਚਹ੍ਯੋ ॥੧੫॥
ਹੋਤਿ ਪ੍ਰਾਤਿ ਕੇ ਚਲਿ ਕਰਿ ਆਵਹੁ।
ਜਲ ਕੀ ਮਸ਼ਕ ਸੰਗ ਕਰਿ ਲ੍ਯਾਵਹੁ।
ਤਹਮਦ[1] ਨਯੋ ਏਕ ਤਬਿ ਆਨਹੁ।
ਲੇਹੁ ਮਾਇਨਾ ਜਥਾ ਬਖਾਨਹੁਂ' ॥੧੬॥
ਸੁਨਿ ਕੈ ਦੂਤ ਗਯੋ ਨਿਜ ਡੇਰੇ।
ਨਿਸਾ ਬਿਤਾਇ ਤਯਾਰ ਭਾ ਫੇਰੇ।
ਤਹਮਦ ਹਿਤ ਲੈ ਦ੍ਵੈ ਗਜ ਚੀਰ।
ਮਸ਼ਕ ਲੀਨਿ ਭਰਿਵਾਇ ਸੁ ਨੀਰ ॥੧੭॥
ਸਰਮਦ ਨਿਕਟਿ ਜਾਇ ਕਰਿ ਖਰ੍ਯੋ।
ਤਹਮਦ ਜਲ ਕੋ ਅਰਪਨ ਕਰ੍ਯੋ।
ਦੇਖਿਤਿ ਉਠ੍ਯੋ ਕਰ੍ਯੋ ਇਸ਼ਨਾਨ।
ਨਿਜ ਸਰੀਰ ਪਾਵਨਤਾ ਠਾਨਿ ॥੧੮॥
ਤਹਮਦ ਕੀਨੋ ਤੇਰ[1] ਨਵੀਨ।
ਖਰੋ ਰਹ੍ਯੋ ਦਰਵੇਸ਼ ਪ੍ਰਬੀਨ।
ਕਹ੍ਯੋ ਦੂਤ ਸੋਂ ਹੁਇ ਕਰਿ ਖਰੋ।
'ਪਿਖਹੁ ਬਿਲੋਚਨ ਮੁੰਦਨ ਕਰੋ' ॥੧੯॥
ਸੁਨਿ ਕਰਿ ਠਾਂਢੋ ਭਯੋ ਅਗਾਰੀ।
ਦ੍ਰਿਗ ਮੁੰਦ੍ਰਿਤ ਕਰਿ ਕੈ ਤਿਸ ਬਾਰੀ।
ਸਰਮਦ ਹਾਥ ਸੀਸ ਪਰ ਧਰ੍ਯੋ।
ਅਚਰਜ ਬਡੋ ਦਿਖਾਵਨਿ ਕਰ੍ਯੋ ॥੨੦॥
ਭੂਤ ਪ੍ਰੇਤ ਹੈਂ ਲਾਖੋਂ ਖਲੇ।
ਪੁਰਿ ਸਗਰੋ ਨਿਜ ਹਾਥਨਿ ਧਰੇ।
ਸਰਮਦ ਬਦਨ ਦਿਸ਼ਾ ਸਭਿ ਹੇਰੈਂ[1]।
'ਹਮ ਕੋ ਆਗਯਾ ਦੇ ਕਿਸ ਬੇਰੈ ॥੨੧॥
ਜਮਨਾ ਮਹਿਂ ਗੇਰਹਿਂ ਉਥਲਾਇ।
ਸਭ ਦਿੱਲੀ ਪੁਰਿ ਕੋ ਬਿਨਸਾਇਂ।'
ਸਰਮਦ ਨਹੀਂ ਹੁਕਮ ਕੋ ਦੇਤਿ।
ਸਭਿ ਸਜ਼ਾਇ ਸਹਿ ਤਨ ਪਰ ਲੇਤਿ

[1]ਤੇੜ ਬੰਨ੍ਹਣ ਦਾ ਕਪੜਾ (ਤਾਹਮਤ)।
[1]ਤੇੜ।
[1]ਸਰਮਦ ਦੇ ਮੂੰਹ ਵੱਲ ਸਭ ਤੱਕ ਰਹੇ ਹਨ।

॥੨੨॥
ਸਗਰੇ ਘਰ ਹਾਥਨਿ ਪਰ ਧਰੇ।
ਲਾਖਹੁਂ ਸ਼ਕਤਿਵੰਤਿ ਹੈਂ ਖਰੇ।
ਇਹ ਦਿਖਾਇ ਕਰਿ ਹਾਥ ਉਤਾਰਾ।
ਬਹੁਰ ਦੂਤ ਪ੍ਰਤਿਬਾਕ ਉਚਾਰਾ ॥੨੩॥
'ਲਹਜੋ ਮਾਇਨਾ ਕੈਧੌਂ ਨਾਹਿ?
ਖ਼ਾਤਰਜਮਾ ਭਈ ਚਿਤ ਮਾਂਹਿ?'
ਸੁਨਿ ਕਰਿ ਹਾਥ ਜੋਰਿ ਕਰਿ ਕਹਜੋ।
'ਆਂਖ ਮੂੰਦਿ ਜੋ ਅਚਰਜ ਲਹਜੋ ॥੨੪॥
ਨਹੀਂ ਮਾਇਨਾ ਸਮੁਝਜੋ ਕੋਈ।
ਨਿਰਨੈ ਕਰਹੁ ਬਤਾਵਹੁ ਸੋਈ।'
ਤਬਿ ਸਰਮਦ ਕਹਿਕੈ ਸਮੁਝਾਵਾ।
'ਹੇਤੁ ਮਾਇਨੇ ਮਹਿਂ ਦਿਖਰਾਵਾ ॥੨੫॥
ਏਤੀ ਸ਼ਕਤਿ ਮੋਹਿ ਕੋ ਦੀਨਿ।
ਕਰੀ ਮਿਹਰ ਜਾਨਜੋ ਬਹੁ ਦੀਨ।
ਯਾਂ ਤੇ ਸ਼ੁਕਰ ਰੱਬ ਕੇ ਘਰ ਕੋ।
ਕਰਜੋ ਅਲਪ ਤੇ ਏਤਿਕ ਬਰ ਕੋ[1] ॥੨੬॥

[1]ਐਡਾ ਬਲ ਵਾਲਾ, ਸ੍ਰੇਸ਼ਟਤਾ ਵਾਲਾ।

ਬਹੁਰ ਮੋਹਿ ਦਿਸ਼ਿ ਦੇਖਨਿ ਕਰੀਅਹਿ।
ਇਤੀ ਸਮਰਥ ਸਮੇਤ ਬਿਚਰੀਅਹਿ।
ਤਊ ਸਬਰ, ਮੈਂ ਉਰ ਮਹਿਂ ਧਾਰਜੋ।
ਨਹਿਂ ਕੁਬਾਕ ਭੀ ਕਿਸੂ ਉਚਾਰਜੋ ॥੨੭॥
ਸਰਬ ਸਜ਼ਾਇਨਿ ਸਹੌਂ ਸਰੀਰ।
ਦੇਹਿਂ ਕਿਤਿਕ ਹੀ ਮੋ ਕਹੁ ਪੀਰ[1]।

[1]ਪੀੜ।

ਸਿਰ ਜਾਨੇ ਲਗਿ ਸਬਰ ਧਰੌਂ ਮੈਂ।
ਸ਼ਕਤਿ ਦਿਖਾਵਨਿ ਨਹੀਂ ਕਰੌਂ ਮੈਂ' ॥੨੮॥
ਸੁਨਤਿ ਦੂਤ ਪਦ ਬੰਦਨ ਕਰੀ।
ਖਾਤਰਜਮਾਂ ਅਧਿਕ ਪਿਖਿ ਧਰੀ।
ਪਾਇ ਮਾਇਨਾ ਗਮਨਜੋ ਦੇਸ਼।
ਅਵਰੰਗ ਕੀ ਕਰਿ ਨਿੰਦ ਵਿਸ਼ੇਸ਼ ॥੨੯॥
ਪੀਛੇ ਕੈਦ ਰਹਜੋ, ਕੁਛ ਕਾਲ।

ਤ੍ਰਾਸ ਨ ਮਾਨਹਿਂ ਮਸਤ ਬਿਸਾਲ।
ਸ਼ਰ੍ਹਾ ਨ ਮਾਨਹਿਂ, ਰਚ੍ਯੋ ਖੁਦਾਇ[1]।
ਨਰ ਬਪੁਰਾ ਕਜਾ ਅੱਗ੍ਰ[†] ਲਖਾਇ[1] ॥੩੦॥
ਢਿਗ ਔਰੰਗ ਜਾਇ ਕਰਿ ਕਹੈਂ।
'ਸਰਮਦ ਨਹੀਂ ਤ੍ਰਾਸ ਮਨ ਲਹੈ।
ਬਿਨਾ ਤ੍ਰਾਸ ਤੇ ਸ਼ਰ੍ਹਾ ਨ ਚਾਲਹਿ।
ਜਿਮ ਚਿਤ ਚਾਹੈ ਚਲਹਿ ਕੁਚਾਲਹਿ' ॥੩੧॥
ਸੁਨਤਿ ਪਾਪਕਰਮਾ[1] ਰਿਸ ਭਰ੍ਯੋ।
ਕਤਲ ਸੀਸ ਕੋ ਹੁਕਮ ਉਚਰ੍ਯੋ।
ਚਲੀ ਧੌਂਸ ਬਾਜਤਿ ਤਿਸ ਤੀਰ।
ਦੁਇ ਤੋਮਰ ਦੀਰਘ ਧਰਿ ਬੀਰ ॥੩੨॥
ਬਿਦਤ ਹੁਕਮ ਪੁਰਿ ਸਭਿ ਮਹਿਂ ਭਯੋ।
ਸਰਮਦ ਸਿਰ ਕਾਟਨਿ ਕੋ ਕਿਯੋ।
ਹੇਤੁ ਬਿਲੋਕਨਿ ਲੋਕ ਸਿਧਾਏ।
ਪਹੁੰਚੇ ਜਾਇ ਹੁਤੇ ਜਿਸ ਥਾਏਂ ॥੩੩॥
ਸੁਨਿ ਕਰਿ ਬਿਨਾਂ ਤ੍ਰਾਸ ਹੀ ਬੋਲਾ।
ਧਜਾਨ ਪ੍ਰਭੁ ਤੇ ਮਨ ਨਹਿਂ ਡੋਲਾ।
ਢਿਗ ਮਹਿਜਿਦ ਕੇ ਤਿਸੈ ਬਿਠਾਇ।
ਹਨੀ ਤੇਗ਼ ਸਿਰ ਦੀਓ ਗਿਰਾਇ ॥੩੪॥
ਕਿਤਿਕ ਸਮੈ ਲਗਿ ਧਰ ਸੋ ਜੀਵਾ।
ਬੈਠ੍ਯੋ ਰਹ੍ਯੋ ਤਥਾ ਥਿਰ ਥੀਵਾ।
ਨਿਜ ਸ੍ਰੋਣਤ ਸੋਂ ਅੰਗੁਰੀ ਭਰਿ ਭਰਿ।
ਭੀਤ ਮਸੀਤ ਤਿਸੀ ਪਰ ਧਰਿ ਧਰਿ ॥੩੫॥
ਲਿਖੀ ਬੈਂਤ[†] ਆਛੀ ਸੁ ਬਨਾਇ।
ਜਿਸ ਕੋ ਪਠਿ ਬੈਰਾਗ ਉਪਾਇ।

[1]ਰੱਬ ਵਿਚ ਰੱਤਾ।

[1]ਤਿਸਦੇ ਅਗੇ ਕੀਹ ਜਾਣੀਦਾ ਹੈ। [†]ਪਾ:-ਪ੍ਰਾਕ੍ਰਮ ਕਜਾ ਤਿਸ ਅੱਗ੍ਰ।

[1]ਪਾਪੀ (ਔਰੰਗਜ਼ੇਬ)।

[†]ਇਕ ਸ਼ਿਅਰ ਕਤਲ ਸਮੇਂ ਸਰਮਦ ਦਾ ਉਚਾਰਿਆ ਮਿਲਦਾ ਹੈ:- ਸਰ ਦਰੇ ਰਾਹੇ ਦਿਲਦਾਰ ਅਦਾ ਸ਼ੁਦ, ਚਿਹ ਬਾਜ ਸ਼ੁਦ। ਈਂ ਬਾਰੇ ਗਿਰਾਂ ਬੂਦ ਅਦਾ ਸ਼ੁਦ, ਚਿਹ ਬਜਾ ਸ਼ੁਦ। [ਉਰ: ਨਾਨ: ਪ੍ਰ: ਅਰਥਾਤ- 'ਸਿਰ ਪਿਆਰੇ ਦੇ ਰਾਹ ਵਿਚ ਭੇਟ ਹੋ ਗਿਆ, ਬਹੁਤ ਚੰਗਾ ਹੋਯਾ। ਇਹ ਵੱਡਾ ਭਾਰ ਸੀ, ਅਦਾ ਹੋ ਗਿਆ, ਬਹੁਤ ਚੰਗਾ ਹੋਯਾ।

ਇਸ ਪ੍ਰਕਾਰ ਸਰਮਦ ਕੋ ਮਾਰਾ।
ਦ੍ਰੋਹੀ ਸ਼ਾਹੁ ਮਹਾਂ ਕੁਰਿਆਰਾ ॥੩੬॥
ਕਰਤਿ ਘਾਤ ਪਾਤਕ ਨਹਿਂ ਜਾਨਹਿ।
ਰਾਜ ਤੇਜ ਨਿਜ ਸੁਖ ਕੋ ਹਾਨਹਿ।
ਦਾਰਸ਼ਕੋਹ ਭ੍ਰਾਤ ਮਰਵਾਏ।
ਤਿਸ ਤੇ ਪੰਦ੍ਰਾ ਦਿਵਸ ਬਿਤਾਏ ॥੩੭॥
ਸਰਮਦ ਬਡ ਦਰਵੇਸ਼ ਸੰਘਾਰਯੋ।

ਸਰਮਦ ਦੇ ਹਾਲਾਤ ਲਿਖੇ ਹੋਏ ਮੁਫੱਸਲ ਨਹੀਂ ਮਿਲਦੇ, ਖਾਫੀਖਾਂ ਆਦਿਕ ਔਰੰਗਜ਼ੇਬੀ ਸਮੇਂ ਦੀਆਂ ਤਾਰੀਖਾਂ ਵਿਚ ਬੀ ਨਹੀਂ ਮਿਲਦੇ। ਸੂਫੀ ਫਕੀਰਾਂ ਵਿਚ ਰਵਾਇਤਾਂ, ਵੇਦਾਂਤੀਆਂ ਵਿਚ ਕਥਾ ਦੇ ਤੌਰ ਤੇ ਇਸ ਦੇ ਹਾਲਾਤ ਟੁਰੇ ਰਹੇ ਤੇ ਵਧਦੇ ਘਟਦੇ ਗਏ। ਜਦੋਂ ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਵਿਚ ਗੁਰੂ ਕੀਆਂ ਸਾਖੀਆਂ ਦੇ ਵਰਣਨ ਕਰਨ ਦੇ ਨਾਲ ਰਿਵਾਜ ਹੌਲੇ ਹੌਲੇ ਪੈ ਗਿਆ ਕਿ ਵੇਦਾਂਤੀਆਂ, ਸੂਫੀਆਂ ਤੇ ਹਰ ਮਸ਼ਰਬ ਦੇ ਫਕੀਰਾਂ ਦੇ ਹਾਲ ਕਹੇ ਜਾਣ ਤਾਂ ਸੂਫੀ ਫਕੀਰਾਂ ਦੇ ਤਜ਼ਕਰੇ ਬੀ ਟੁਰ ਪਏ, ਉਸ ਤਰ੍ਹਾਂ ਦੇ ਹਾਲਾਤ ਕਵਿ ਜੀ ਨੇ ਦੱਸੇ ਹਨ। ਔਰੰਗਜ਼ੇਬ ਦੇ ਪੱਖੀ ਲੇਖਕ ਦੀ ਲਿਖੀ 'ਮਿਰਾਤੁਲ ਖਯਾਲ' ਤੇ 'ਰਿਆਜ਼ੁਲ ਸ਼ੁਅਰਾ' ਆਦਿ ਕਿਤਾਬਾਂ ਤੋਂ ਸੰਖੇਪ ਜਹੇ ਹਾਲ ਐਉਂ ਦੇ ਮਿਲਦੇ ਹਨ:-ਸਰਮਦ ਯਹੂਦੀ ਯਾ ਅਰਮੀਨੀਆ ਅਸਲ ਦਾ ਈਰਾਨੀ ਸੀ। ਮਜ਼ਹਬ ਯਹੂਦੀ ਯਾ ਈਸਾਈ ਸੀ ਫਿਰ ਮੁਸਲਮਾਨ ਹੋਇਆ; ਕੰਮ ਵਪਾਰ ਦਾ ਕਰਦਾ ਸੀ। ਈਰਾਨ ਤੋਂ ਮਾਲ ਲੱਦ ਕੇ ਹਿੰਦੁਸਤਾਨ ਆਯਾ। ਸਿੰਧ ਦੇ ਠੱਠੇ ਸ਼ਹਿਰ ਵਿਚ ਇਸ਼ਕ ਜਾਗਿਆ। ਪਹਿਲਾਂ ਜ਼ਾਹਰੀ ਫੇਰ ਫਕੀਰੀ ਰੰਗ ਵੱਲ ਪਲਟ ਗਿਆ। ਫਕੀਰੀ ਰੰਗ ਵਿਚ ਫਿਰਦਾ ਦਿੱਲੀ ਆਇਆ; ਦਾਰਾ ਸ਼ਕੋਹ ਦਾ ਇਸ ਨਾਲ ਪ੍ਰੇਮ ਹੋ ਗਿਆ। ਲੋਕਾਂ ਵਿੱਚ ਫਕੀਰ ਪ੍ਰਸਿੱਧ ਹੋ ਗਿਆ। ਜਦ ਦਾਰਾ ਮਾਰਿਆ ਗਿਆ ਔਰੰਗਜ਼ੇਬ ਦਾਰਾ ਦਾ ਪੱਖੀ ਜਾਣ ਕੇ ਇਸ ਨੂੰ ਮਾਰਨਾ ਚਾਹੁੰਦਾ ਸੀ, ਸੋ ਪਹਿਲਾ ਬਹਾਨਾ ਸਰਮਦ ਦਾ ਉਹ ਸ਼ੇਅਰ ਸੀ ਜਿਸ ਵਿਚ ਉਸ ਨੇ ਕਿਹਾ ਹੈ:- 'ਮੁਲਾਂ ਕਹਿੰਦਾ ਹੈ ਕਿ ਮੁਹੰਮਦ ਅਸਮਾਨ ਗਿਆ, ਸਰਮਦ ਕਹਿੰਦਾ ਹੈ ਕਿ ਅਸਮਾਨਾ ਵਾਲਾ ਮੁਹੰਮਦ ਵਿਚ ਆ ਗਿਆ। 'ਮੁਲਾਂ ਗੋਇਦ ਕਿ ਬਾਰ ਫਲਕ ਸ਼ੁਦ ਅਹਮਦ, ਸਰਮਦ ਗੋਯਦ ਕਿ ਫਲਕ ਬਅਹਿਮਦ ਦਰ ਸ਼ਦ।' ਇਸ ਤੋਂ ਮੁਹੰਮਦ ਦਾ ਸ਼ਰੀਰ ਨਾਲ ਅਸਮਾਨਾਂ ਤੇ ਜਾਣਾਂ ਰੱਦ ਹੁੰਦਾ ਹੈ ਸੋ ਕੁਫਰ ਹੈ। ਫਿਰ

ਔਰੰਗਜ਼ੇਬ ਨੇ ਵਡੇ ਕਾਜ਼ੀ ਨੂੰ ਸਰਮਦ ਦੇ ਨੰਗੇ ਰਹਿਣ ਦਾ ਸਬੱਬ ਪੁੱਛਣ ਘੱਲਿਆ ਤਾਂ ਜਵਾਬ ਮਿਲਿਆ:- 'ਉਸ ਉੱਚੇ ਸੁਹਣੇ ਨੇ ਮੈਨੂੰ ਨੀਵਾਂ ਕੀਤਾ, ਉਸ ਦੀਆਂ ਅੱਖਾਂ ਮੇਰੇ ਹਥੋਂ ਪਜ਼ਾਲਾ ਖੋਹ ਲੈ ਗਈਆਂ, ਓਹ ਮੇਰੀ ਬਗਲ ਵਿਚ ਹੈ, ਮੈਂ ਉਸ ਦੀ ਢੂੰਡ ਵਿਚ ਹਾਂ, ਅਜੀਬ ਦੌਰ ਨੇ ਮੈਨੂੰ ਨੰਗਾ ਕਰ ਦਿੱਤਾ ਹੈ':-"ਖੁਸ਼ ਬਾਲਾਏ ਕਰਦਹ ਦੁਨੀ ਪਸਤ ਮਰਾ। ਚਸ਼ਮੇ ਬਦੋ ਜਾਮ ਬੁਰਦਹ ਅਜ਼ ਦਸਤ ਮਰਾ। ਓ ਦਰ ਬਗਲੇ ਮਨ ਅਸਤੋ ਮਨ ਦਰ ਤਲਬਸ਼। ਦੁਜ਼ਦੇ ਅਜਬੇ ਬ੍ਰਹਿਨਹ ਕਰਦਹ ਅਸਤ ਮਰਾ"। ਗੁੱਸੇ ਹੋਕੇ ਕਾਜ਼ੀ ਚਲਾ ਗਿਆ ਹੋਰ ਕਈ ਗੱਲਾਂ ਹੋਈਆਂ ਹੋਸਨ। ਆਖਰ ਮੌਲਵੀਆਂ ਤੇ ਸਮਾਜ ਵਿੱਚ ਸਰਮਦ ਸੱਦਿਆ ਗਿਆ, ਔਰੰਗਜ਼ੇਬ ਵੀ ਮੌਜੂਦ ਸੀ। ਫਿਰ ਨੰਗੇ ਰਹਿਣ ਤੋਂ ਬਹਿਸ ਸ਼ੁਰੂ ਹੋਈ। ਇਕ ਰੁਬਾਈ ਇਥੇ ਇਕ ਪਿਛੇ ਸਰਮਦ ਦੇ ਜਵਾਬ ਦੀ ਦੇ ਆਏ ਹਾਂ। ਇਹ ਗੱਲ ਕੋਈ ਜ਼ੋਰਦਾਰ ਬਹਾਨਾ ਨਹੀਂ ਸੀ ਬਣਦੀ ਤਾਂ ਮੁਲਾਣਿਆਂ ਕਿਹਾ 'ਕਲਮਾਂ ਪੜ੍ਹ' ਸਰਮਦ 'ਲਾ ਇਲਾ' ਤੋਂ ਵੱਧ ਨਹੀਂ ਸੀ ਪੜ੍ਹਦਾ। ਇਸ ਦੇ ਅਰਥ ਹਨ:- 'ਨਹੀਂ ਹੈ ਅਲਾ' ਇਹ ਇਨਕਾਰ ਹੈ। ਅੱਗੋਂ ਕਲਮਾ ਹੈ 'ਇਲ ਲਿੱਲਾ':- 'ਸਿਵਾ ਅੱਲਾ ਦੇ', ਇਕਰਾਰ ਹੈ। ਕਾਜ਼ੀਆਂ ਕਿਹਾ 'ਸਾਰਾ ਕਲਮਾ ਪੜ੍ਹ। ਸਰਮਦ ਨੇ ਕਿਹਾ ਕਿ 'ਮੇਂ ਨਫੀ ਦੇ ਦਰਜੇ ਵਿਚ ਮਗਨ ਹਾਂ ਅਸਥਾਨ ਤੇ ਨਹੀਂ ਅਜੇ ਪੁੱਜਾ। ਝੂਠ ਮੈਂ ਕਹਿਣਾ ਨਹੀਂ।' ਇਸ ਪਰ ਫਤਵਾ ਕਤਲ ਦਾ ਲਾ ਦਿੱਤਾ ਗਿਆ। ਜਦ ਜਲਾਦ ਆਇਆ ਤੇ ਸਰਮਦ ਨੇ ਕਿਹਾ:- 'ਤੈਥੋਂ ਸਦਕੇ! ਆ ਆ ਕਿ ਜਿਸ ਸਰਤੂ ਵਿੱਚ ਤੂੰ ਆਵੈਂ ਮੈਂ ਤੈਨੂੰ ਖੂਬ ਪਛਾਣਦਾ ਹਾਂ' "ਫਿਦਾਏ ਤੋਂ ਸ਼ਵਮ, ਬਿਆ ਬਿਆ ਬਹਰ ਸੂਰਤੇ ਕਿ ਮੇ ਆਈ ਮਨ ਤੇਰਾ ਖੂਬ ਮੇਂ ਸ਼ਨਾਸਮ"। ਫਿਰ ਏਹ ਸ਼ੇਅਰ ਪੜ੍ਹਦਿਆਂ ਸਿਰ ਝੁਕਾ ਕੇ ਤਲਵਾਰ ਦਾ ਵਾਰ ਹਸਦਿਆਂ ਸਹਕੇ ਜਾਨ ਦੇ ਦਿੱਤੀ:- 'ਰੌਲਾ ਪਿਆ ਤਾਂ ਅਸਾਂ ਅਣਹੋਂਦ ਦੀ ਨੀਂਦ ਤੋਂ ਅੱਖ ਖੁਹਲੀ, ਪਰ ਡਿੱਠਾ ਕਿ ਫਿਤਨੇ ਦੀ ਰਾਤ ਅਜੇ ਬਾਕੀ ਹੈ ਸੋ ਫੇਰ ਸੌਂ ਗਏ।' "ਸ਼ੋਰੋ ਸੁਦੇ ਅਜ਼ ਖ੍ਵਾਬੇ ਅਦਮ ਚਸ਼ਮ ਕਸ਼ਦੇਮ। ਦੀਦਮ ਕਿ ਬਾਕੀਸਤ ਸ਼ਬੇ ਫਿਤਨਾ ਗਨੂਦੇਮ। " ਸਰਮਦ ਦੇ ਕਤਲ ਦਾ ਸੰਨ "ਮਿਰਾਤੁਲ ਖਜ਼ਾਲ" ਨੇ ੧੦੭੨ ਹਿ: ਔਰੰਗਜ਼ੇਬ ਦੇ ਗੱਦੀ ਨਸ਼ੀਨ ਹੋਣ ਤੋਂ ਤੀਸਰਾ ਸਾਲ ਦਿੱਤਾ ਹੈ। ਸਰਮਦ ਦੇ ਕਤਲ ਵੇਲੇ ਸਾਰੀ ਦਿੱਲੀ ਕਤਲਗਾਹ ਵਿੱਚ ਦੇਖਣ ਗਈ ਤੇ ਸ਼ੋਕ ਕਰਦੀ ਸੀ।

ਨਰਕ ਪਰਨ ਕੋ ਤ੍ਰਾਸ ਨ ਧਰਜੋ।
ਅਪਰ ਤੁਰਕ ਕੈ ਹਿੰਦੂ ਕੋਇ।
ਗਹੈ ਸ਼ਰ੍ਹਾ ਹਿਤ ਮੂਰਖ ਸੋਇ ॥੩੮॥
ਕੇਤਿਕ ਕੋ ਗਹਿ ਕਰਿ ਮਰਿਵਾਵੈ।
ਨਤੁਰ ਸ਼ਰ੍ਹਾ ਕੇ ਮੱਧ ਚਲਾਵੈ।
ਹੁਤੋ ਕੈਦ ਮਹਿਂ ਪਿਦਰ ਵਿਚਾਰਾ।
ਤੇਜ ਸੁ ਰਾਜ ਅਧਿਕ ਜਿਹ ਧਾਰਾ ॥੩੯॥
ਅਲਪ ਅਹਾਰ ਨੀਰ ਕੋ ਦੇਤਿ।
ਬਹੁ ਦੁਖ ਪਾਇ ਛੁਧਿਤ ਤ੍ਰਿਖ ਹੇਤੁ।
ਗਹਜੋ ਇਕਾਕੀ ਰਾਖਿ ਬਿਠਾਇ।
ਸੰਕਟ ਦੈ ਦੈ ਬਹੁ ਤਰਸਾਇ ॥੪੦॥

ਸ਼ਾਹਜਹਾਂ ਵਲੋਂ ਇਕ ਰੁੱਕਾ ਔਰੰਗਜ਼ੇਬ ਵੱਲ ਲਿਖਿਆ ਅੱਜ ਤੱਕ ਮਿਲਦਾ ਹੈ:-"ਬਾਬਾਇ ਮਨ! ਬਹਾਦੁਰੇ ਮਨ! ਦੀ ਰੋਜ਼ ਸਾਹਿਬੇ ਲਕ ਸਵਾਰ ਬੂਦਮ; ਇਮਰੋਜ਼ ਮੁਹਤਾਜੇ ਯਕ ਕਾਸਾ ਆਬਮ। ਦਰੀਂ ਦੁਨੀਆਂ ਮਗ਼ਰੂਰ ਨ ਬਾਇਦ ਬੂਦ, ਦਰ ਹਿੰਦੋਸਿਤਾਨ ਚਿਹ ਹਿੰਦੂ ਚਿਹ ਮੁਸਲਮਾਂ, ਹਮਾਂ ਬੇਈਮਾਨ ਬਰਾਏ ਨਾਨੋ ਪਾਰਚਾ ਦੀਨੇ ਖ਼ੁਦਾ ਰਾ ਮੇ ਫ਼ਰੋਸ਼ੰਦ।
ਰੁਬਾਈ:-ਆਫਰੀਂ ਬਾਦ ਹਿੰਦੂਆਂ ਹਰ ਬਾਬ, ਮੁਰਦਹ ਰਾਮੇ ਦਿਹੰਦ ਦਾਇਬ ਆਬ।
ਐ ਪਿਸਰ! ਤੂੰ ਅਜਬ ਮੁਸਲਮਾਨੀਂ, ਜ਼ਿੰਦਾ ਜਾਨਮ ਬ ਆਬ ਨ ਰਸਾਨੀ।"
ਅਰਥਾਤ:- 'ਹੇ ਮੇਰੇ ਪੁੱਤ੍ਰ! ਮੇਰੇ ਬਹਾਦੁਰ! ਕੱਲ ਮੈਂ ਲੱਖ ਸਵਾਰ ਦਾ ਮਾਲਿਕ ਸਾਂ, ਅੱਜ ਇਕ ਪਾਣੀ ਦੇ ਪਿਆਲੇ ਦਾ ਮੁਹਤਾਜ ਹਾਂ, ਏਸ ਦੁਨੀਆਂ ਵਿਚ ਹੰਕਾਰੀ ਨਹੀਂ ਹੋਣਾ ਚਾਹੀਦਾ, ਹਿੰਦੁਸਤਾਨ ਵਿਚ ਕੀ ਹਿੰਦੂ ਕੀ ਮੁਸਲਮਾਨ ਸਾਰੇ ਬੇਈਮਾਨ ਹਨ ਤੇ ਰੋਟੀ ਕੱਪੜੇ ਵਾਸਤੇ ਆਪਣੇ ਦੀਨ ਨੂੰ ਵੇਚਦੇ ਹਨ। (ਰੁਬਾਈ) ਹਰ ਤਰ੍ਹਾਂ ਹਿੰਦੂਆਂ ਨੂੰ ਸ਼ਾਬਾਸ਼ ਹੈ ਜੋ ਪਿਤਰਾਂ ਨੂੰ ਸਦਾ ਪਾਣੀ ਦਿੰਦੇ ਹਨ, ਹੇ ਪੁੱਤ੍ਰ ਤੂੰ ਅਣੋਖਾ ਮੁਸਲਮਾਨ ਹੈਂ ਕਿ ਮੈਂ ਜੀਉਂਦਾ ਹਾਂ ਤੇ ਤੂੰ ਪੀਣ ਜੋਗਾ ਪਾਣੀ ਨਹੀਂ ਦੇਂਦਾ।' ਜਿਸ ਦੇ ਉੱਤਰ ਵਿਚ ਰੁੱਕਾ ਲਿਆਉਣ ਵਾਲੇ ਦੇ ਹੱਥੀਂ ਕਹਿ ਭੇਜਿਆ ਕਿ "ਜਿਸ ਦਵਾਤ ਨਾਲ ਇਹ ਰੁੱਕਾ ਲਿਖਿਆ ਹੈ ਉਸ ਦਾ ਸੂਫ਼ ਚੂਸ ਲਓ।"
[ਉਰਦੂ ਨਾ: ਪ੍ਰਾ: ਕ੍ਰਿਤ ਗੁਰਮੁਖ ਸਿੰਘ ਜੀ।

ਜਿਸ ਤੇ ਉਤਪਤਿ ਮੂਰਖ ਹੋਵਾ।
ਤਿਸੀ ਪਿਦਰ ਕੋ ਸੁਖ ਤੇ ਖੋਵਾ।
ਕੈਦ ਬਿਖੈ ਹੀ ਮਾਰਨਿ ਕਰਜੋ।
ਇੱਤਜਾਦਿਕ ਪਾਪਨਿ ਗਨ ਧਰਜੋ
॥੪੧॥
ਅਪਰ ਕੁਚਾਲੀ ਕੀਨਿ ਅਨੇਕ।
ਅਤਿ ਮਤਿਮੰਦਾ ਹੀਨ ਬਿਬੇਕ।
ਜੋ ਨਿਜ ਪਿਦਰ ਸੰਗ ਇਮ ਖੋਟਾ।
ਡਰੇ ਸਰਬ, ਪੁਨ ਕਿਨਹੁੰ ਨ ਹੋਟਾ
॥੪੨॥
ਅਪਰ ਕਹਾਂ ਲਗਿ ਕਹੌਂ ਖੁਟਾਈ।
ਕਰਤਿ ਭਯੋ ਪਾਤਕ ਸਮੁਦਾਈ।
ਕੁਛਕ ਸੁਨਾਵਨਿ ਕਰੌਂ ਸੁਜਾਨਿ।
ਜਿਸ ਤੇ ਸਲਤਨ ਤੁਰਕਨਿ† ਹਾਨ †ਪਾ:-ਸਭਿਹਿਨਿ।
॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸਰਮਚ ਮਰਨ' ਪ੍ਰਸੰਗ ਬਰਨਨੰ ਨਾਮ ਤ੍ਰੈਬਿੰਸਤੀ ਅੰਸੂ ॥੨੩॥

## ੨੪. [ਔਰੰਗਜ਼ੇਬ ਦਾ ਵੇਸ਼ਵਾ ਤੇ ਸੂਫੀ ਫਕੀਰਾਂ ਨਾਲ ਸਲੂਕ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:
ਇਸ ਪ੍ਰਕਾਰ ਔਰੰਗ ਨੇ, ਹਤੇ ਪਿਤਾ ਅਰੁ ਭ੍ਰਾਤ।
ਦੁਸ਼ਟ, ਪਾਪਕਰਮਾ ਮਹਾਂ, ਬਹੁ ਲੋਕਨਿ ਦੁਖ ਦਾਤ ॥੧॥

ਚੌਪਈ:
-ਸ਼ਰਾ ਬੀਚ ਸਭਿ ਜਗਤ ਚਲਾਵਹੁਂ।
ਜੋ ਨਹਿਂ ਮਾਨੈ ਤਿਸੈ ਮਰਵਾਹੁਂ-।
ਅਸ ਸੰਕਲਪ ਕੀਨਿ ਦ੍ਰਿੜ੍ਹ ਮਨ ਮੈਂ।
ਅਤਿ ਬਾਦੀ ਤੁਰਕਨਿ ਕੇ ਗਨ ਮੈਂ ॥੨॥
ਹਠ ਕਰਤਾ ਜਿਦ ਮੇ ਜੁ ਮਹਾਨੇ।
ਜਿਨਹੁਂ ਮਾਇਨੇ ਅਰਬੀ ਜਾਨੇ।
ਬੀਚ ਪਾਰਸੀ ਨਿਪੁਨ ਸੁਜਾਨੇ।
ਅਸ ਰਾਖੇ ਬਹੁ ਨਿਕਟਿ ਮੁਲਾਨੇ ॥੩॥
ਆਦਰ ਦਰਬ ਦੇਇ ਬਹੁ ਤੇਰਾ।
ਤਿਨ ਕੀ ਸੰਗਤਿ ਕਰਤਿ ਘਨੇਰਾ।
ਪਰਮੇਸ਼੍ਵਰ ਪ੍ਰਾਪਤਿ ਮਗ ਅੰਧੇ[1]।
ਗਾਢੇ ਸ਼ਰ੍ਹਾ ਫਾਸ ਸੰਗ ਬੰਧੇ ॥੪॥
ਅੰਧਨਿ ਸਾਥ ਅੰਧ ਮਿਲਿ ਜੈਸੇ।
ਗਜਾਨ ਰੂਪ ਕੋ ਹੋਹਿ ਨ ਕੈਸੇ[1]।
ਤਥਾ ਸ਼ਰ੍ਹਾ ਸਭਿ ਅੰਧੇ ਕਰੇ।
ਮਗ ਖ਼ੁਦਾਇ ਕਜੋਂ ਦ੍ਰਿਸ਼ਟੀ ਪਰੇ ॥੫॥
ਰਿਦੇ ਨੁਰੰਗੇ ਕੀਨਿ ਬਿਚਾਰ।
-ਬੇਸ਼ਜਾ ਬ੍ਰਿੰਦ ਬਜ਼ਾਰ ਮਝਾਰ।
ਸਭਿ ਹਰਾਮ ਕਰਿ ਬੈਸ ਬਿਤਾਵੈਂ।
ਸ਼ਰ੍ਹਾ ਬੀਚ ਏ ਨਹਿਂ ਦ੍ਰਿਸ਼ਟਾਵੈਂ- ॥੬॥
ਸਗਰੀ ਕਰਿ ਕੈ ਹੁਕਮ ਹਕਾਰੀ।
ਆਈ ਬ੍ਰਿੱਧ, ਤਰੁਨ ਅਰੁ ਬਾਰੀ[1]।
ਕਹਜੋ 'ਕਾਰ ਅਪਨੀ ਦਿਹੁ ਤਜਾਗਿ।
ਇਕ ਇਕ ਖਸਮ ਸੰਗ ਲਿਹੁ ਲਾਗ

[1]ਪਰਮੇਸ਼ੁਰ ਦੀ ਪ੍ਰਾਪਤੀ ਦੇ ਰਾਹ ਤੋਂ ਅੰਨ੍ਹੇ।

[1]ਅੰਨ੍ਹੇ ਨੂੰ ਰੂਪ ਦਾ ਗਿਆਨ ਕਿਸੇ ਤਰ੍ਹਾਂ ਨਹੀਂ ਹੁੰਦਾ।

[1]ਬਾਲਕੀਆਂ।

॥ ੭ ॥
ਨਾਂਹਿ ਤ ਦੋਜ਼ਕ ਮੈਂ ਦੁਖ ਪਾਵਉ।
ਬਹੁ ਸੋਂ ਮਿਲੋ ਹਰਾਮ ਕਮਾਵਉ।'
ਸੁਨਿ ਕਰਿ ਬੇਸ਼ਜਾ ਬਹੁਤ ਪੁਕਾਰੀ।
'ਇਹੀ ਕਦੀਮੀ ਕਾਰ ਹਮਾਰੀ ॥ ੮ ॥
ਬਰਖ ਹਜ਼ਾਰਹੁਂ ਬੀਤ ਗਏ ਹੈਂ।
ਬਡੇ ਬਡੇ ਪਤਿਸ਼ਾਹੁ ਭਏ ਹੈਂ।
ਕਿਨਹੁਂ ਨ ਹਮ ਕੋ ਰੋਕਨਿ ਕੀਨਿ।
ਕਰਤਿ ਰਹੀ ਨਿਜ ਕਾਰ ਧਨੀਨ[1] ॥ ੯ ॥ [1]ਇਸਤ੍ਰੀਆਂ। (ਅ) ਧਨਵਾਨਾਂ ਲਈ।
ਹਮ ਕੈਸੇ ਅਬਿ ਤਜਾਗਨਿ ਕਰੈਂ।
ਜਬਰੀ ਕਰਹੁ ਬੈਠਿ ਦਰ ਮਰੈਂ।'
ਨੌਰੰਗ ਸੁਨਿ ਖੁਨਸਜੋ, ਨਹਿਂ ਭਾਈ[1]। [1]ਚੰਗੀ ਨਾ ਲੱਗੀ।
ਨੌਕਾ ਪਰ ਗਨ ਬੋਲਿ ਚਢਾਈ ॥ ੧੦ ॥
ਜਮਨਾ ਕੇ ਪ੍ਰਵਾਹ ਮੈਂ ਜਾਇ।
ਗਹਿ ਗਹਿ ਸਗਰੀ ਦਈ ਡੁਬਾਇ।
ਹਾਹਾਕਾਰ ਪੁਰੀ ਮਹਿਂ ਹੋਵਾ।
'ਇਹ ਦੁਰਮਤਿ ਕੁਲ ਕੋ ਜਸੁ ਖੋਵਾ'
॥ ੧੧ ॥
ਕਰਮਾਤ ਕੁਛ ਸੋਂ ਇਕ ਪੀਰ।
ਤਿਸ ਢਿਗ ਗਈ ਬੇਸ਼ਿਯਨਿ ਭੀਰ।
ਬ੍ਰਿਥਾ[1] ਆਪਨੀ ਸਕਲ ਸੁਨਾਈ। [1]ਪੀੜਾ।
'ਇਹ ਨੌਰੰਗ ਬਾਦੀ ਦੁਖਦਾਈ ॥ ੧੨ ॥
ਇਸ ਤੇ ਰੱਛਜਾ ਕਰਹੁ ਹਮਾਰੀ।
ਨਾਂਹਿ ਤ ਨਾਸਹਿਂ ਸਭਿ ਇਕ ਬਾਰੀ।'
ਸੁਨਤਿ ਪੀਰ ਕੇ ਕਰੁਨਾ ਆਈ।
ਗਾਵਨ ਮਹਿਂ ਦਿਯ ਖਜਾਲ ਬਨਾਈ
॥ ੧੩ ॥
'ਗਾਵਹੁ ਜਾਇ ਦੁਰਗ ਪਿਛਵਾਰੇ।
ਸੁਨਿ ਨੌਰੰਗ ਤੁਮ ਕੋ ਨਹਿਂ ਮਾਰੇ।'
ਆਗਜਾ ਪਾਇ ਸੀਖ ਕਰਿ ਆਈ।
ਮਿਲਿ ਬੇਸ੍ਵਾ ਹ੍ਵੈ ਕੈ ਸਮੁਦਾਈ ॥ ੧੪ ॥
ਜਹਿਂ ਕੀ[1] ਧੁਨਿ ਸੁਨਿ ਨੌਰੰਗ ਕਾਨ। [1]ਜਿੱਥੋਂ ਦੀ।

ਤਹਾਂ ਜਾਇ ਊਚੇ ਕਰਿ ਗਾਨ।
ਪੀਰ ਬਨਾਵਟ ਮਨ ਮਹਿਂ ਜਾਨਿ।
ਹੁਕਮ ਸ਼ਾਹਿ ਨੇ ਕੀਨਿ ਬਖਾਨ ॥੧੫॥
'ਜੇ ਤਿਸ ਕੀ ਮਰਜ਼ੀ ਹੈ ਅਸੇ।
ਹਮ ਨਹਿਂ ਕਰਹਿਂ, ਕਰਹੁ ਕ੍ਰਿਤ ਤੈਸੇ।
ਪੀਰ ਹੁਕਮ ਕੋ ਕਬਿ ਨ ਹਟਾਵੌਂ।
ਜਿਸ ਆਗੇ ਮੈਂ ਸੀਸ ਨਿਵਾਵੌਂ' ॥੧੬॥
ਇਮ ਸੁਨਿ ਕੈ ਬੇਸ਼ਜਾ ਹਰਖਾਇ।
ਬਚ ਕਰਿ ਰਹੀ ਬਸੀ ਗ੍ਰਿਹ ਆਇ।
ਜਥਾ ਸਰਪ ਘੇਰੇ ਮੈਂ ਹੋਇ।
ਡਸਿਬੇ ਤੇ ਬਚਿ ਹੈ ਬਿਧਿ ਕੋਇ ॥੧੭॥
ਤੁਰਕਨਿ ਮਹਿਂ ਇਕ ਹੋਤਿ[1] ਫਕੀਰ। [1]ਹੁੰਦੇ ਹਨ।
ਸੂਫੀ[1] ਕੇ ਪਹਿਰੈਂ ਸ਼ੁਭ ਚੀਰ। [1]ਮੁਸਲਮਾਨੀ ਮਤ ਦਾ ਇਕ ਫਿਰਕਾ।
ਢੋਲਕ ਬਜਤਿ ਚਢਹਿਂ ਜਿਨ ਹਾਲ।
ਸਿਰ ਭਰਮਾਇ[1], ਬਿਸੁੱਧ ਬਿਹਾਲ ॥੧੮॥ [1]ਸਿਰ ਮਾਰਨਾ, ਹਾਲ ਖੇਡਣਾ।
ਸੋ ਦਿੱਲੀ ਪੁਰਿ ਮਹਿਂ ਸਮੁਦਾਇ।
ਤਿਨ ਕੋ ਨੌਰੰਗ ਲੀਨਿ ਬੁਲਾਇ।
ਸਭਿ ਇਕਠੇ ਕਿਯ ਭਏ, ਘਨੇਰੇ।
ਬੂਝਨਿ ਲਗ੍ਯੋ ਤਿਨਹੁੰ ਕਰਿ ਨੇਰੇ ॥੧੯॥
'ਤੁਮ ਕੈਸੇ ਬੇਸੁਧ ਹੁਇ ਜਾਵਹੁ?
ਆਪਨ ਪਰ ਕਾ ਨਹੀਂ ਲਖਾਵਹੁ।
ਰਿਦੇ ਤੁਮਾਰੇ ਮਹਿਂ ਕਜਾ ਹੋਇ?
ਬੇ ਇਖਤਜਾਰੀ ਕਾਰਨ ਕੋਇ ॥੨੦॥
ਇਹ ਤੋ ਸ਼ਰ੍ਹਾ ਬਿਖੈ ਨਹਿਂ ਬਾਤ।
ਲਖੀਅਤਿ ਜਾਂ ਤੇ ਦੰਭ ਕਮਾਤਿ।'
ਸੁਨਤਿ ਫਕੀਰਨਿ ਉੱਤਰ ਦੀਏ।
'ਏਵ ਸਿਰੜ[1] ਦਰਵੇਸ਼ਨਿ ਕੀਏ ॥੨੧॥ [1]ਹਠ।
ਤੁਮ ਕਜਾ ਕਹਤਿ, ਕਰੈ ਕਿਮ ਕੋਈ[1]। [1]ਕੋਈ ਕਿਵੇਂ ਕਰੇ।
ਜਥਾ ਫਕੀਰਨਿ ਮਰਜ਼ੀ ਹੋਈ।
ਮਗ ਖ਼ੁਦਾਇ ਕੇ ਜੇ ਨਰ ਚਾਲੇ।
ਮਨ ਬੰਧ ਜਾਇ ਪ੍ਰੇਮ ਪ੍ਰਭੁ ਨਾਲੇ ॥੨੨॥

ਨਿਸ ਦਿਨ ਸੁਰਤਿ ਟਿਕੀ ਜਿਨ ਰਹੈ।
ਇਕ ਦਰ ਕੇ ਆਸ਼ਿਕ ਨਿਤ ਅਹੈਂ।
ਢੋਲਕ ਆਦਿ ਬਜਾਵਨਿ ਕਰਿ ਕੇ।
ਗੁਨ ਖ਼ੁਦਾਇ ਗਾਵਨਿ ਸੰਗ ਸੁਰ ਕੇ ॥੨੩॥
ਤਬਿ ਤਿਨ ਰਿਦੈ ਚੋਟ ਸੀ ਲਾਗੇ।
ਬੇਇਖਤਜਾਰ ਹੋਹਿਂ ਅਨੁਰਾਗੇ।
ਬਿਸਰਿ ਜਾਤਿ ਸੁਧਿ ਸਰਬ ਸ਼ਰੀਰ।
ਧੀਰਜ ਕਹਾਂ ਸੰਭਾਰਨਿ ਚੀਰ ॥੨੪॥
ਸੰਗ ਖ਼ੁਦਾਇ ਮਿਲਾਵਹਿਂ ਮਨ ਕੋ।
ਬ੍ਰਿੱਤਿ ਸਮੇਤ ਬਿਸਾਰਹਿਂ ਤਨ ਕੋ।
ਜਥਾ ਚੋਟ ਕੋ[1] ਮੁਰਛਾ ਪਾਇ।
ਐਸੋ ਖਯਾਲ ਤਿਨਹੁਂ ਬਨਿ ਜਾਇ' ॥੨੫॥
ਤਿਨ ਤੇ ਸੁਨਿ ਨੌਰੰਗ ਨੇ ਬਰਨੀ।
'ਜੇ ਕਰਿ ਤੁਮਰੇ ਇਹੁ ਸਚ ਕਰਨੀ।
ਭੋਰ ਹੋਤਿ ਮੈਂ ਪਰਖਨਿ ਕਰਿਹੌਂ।
ਕੂਰੇ ਨਹੀਂ ਬਹੁਰ ਉਰ ਧਰਿਹੌਂ ॥੨੬॥
ਅਬਿ ਤੁਮ ਜਾਹੁ ਹੋਹੁ ਸਮੁਦਾਇ।
ਇਹ ਬਿਧਿ ਮੋਹਿ ਦੇਹੁ ਦਿਖਰਾਇ।
ਹੋਤਿ ਪ੍ਰਭਾਤਿ ਨਿਹਾਰਨਿ ਕਰੌਂ।
ਨਿਜ ਹਜ਼ੂਰ ਪਤਿਆਉ ਨਿਹਰੌਂ ॥੨੭॥
ਪੁਨ ਤੁਮ ਕੋ ਨਹਿਂ ਕਿਤ ਤੇ ਤ੍ਰਾਸ।
ਕਰਿ ਦਿਖਰਾਵਹੁ ਸਚੁ ਮੁਝ ਪਾਸ।'
ਸਭਿ ਫਕੀਰ ਚਲਿ ਬਾਹਰ ਆਏ।
ਇਕਠੇ ਜਹਿਂ ਤਹਿਂ ਭੇ ਸਮੁਦਾਏ ॥੨੮॥
ਰਿਦੇ ਬਿਚਾਰਹਿਂ ਕਰਹਿਂ ਬਖਾਨਿ।
'ਇਹ ਨੌਰੰਗ ਬਾਦੀ ਬਲਵਾਨ।
ਬਿਨ ਪਰਖੇ ਨਹਿਂ ਤਜਾਗਹਿ ਕਾਂਹੂ।
ਸ਼ਕਤਿ ਬਿਲੋਕਿ ਲੇਹੁ ਨਿਜ ਮਾਂਹੂ' ॥੨੯॥
ਚਿੰਤਾ ਬਸਿ ਸੁਪਤੇ ਨਿਸ ਨਾਂਹੀ।

[1]ਚੋਟ ਕਰਕੇ।

ਭਈ ਪ੍ਰਭਾਤਿ ਜਾਗਬੇ ਮਾਂਹੀ[1]।
ਨੌਰੰਗ ਨੇ ਇਕ ਥਾਨ ਬਨਾਇਵ।
ਊਚੇ ਤੇ ਫਿਸਲਨ ਗਤਿ ਪਾਇਵ[1] ॥੩੦॥
ਤਰੇ ਤੰਦੂਰ ਲੋਹ ਕੋ ਧਰਜੋ।
ਅਗਨਿ ਤਪਾਇ ਲਾਲ ਸੋ ਕਰਜੋ।
ਜਿਸ ਕੇ ਦੇਖਤਿ ਉਪਜਤਿ ਤ੍ਰਾਸ।
ਦਾਹਤਿ ਹੈ ਪਹੁੰਚੇ ਤੇ ਪਾਸ ॥੩੧॥
ਊਪਰ ਬੈਠਕ ਭਲੀ ਬਨਾਇ।
ਗਾਇਕ ਦੀਏ ਤਹਾਂ ਬਿਠਾਇ।
ਤਬਿ ਸਭਿ ਸੂਫੀ ਕੇਰ ਫਕੀਰ।
ਕਰੇ ਹਕਾਰਨਿ ਅਪਨੇ ਤੀਰ ॥੩੨॥
ਤਹਿਂ ਬਿਠਾਇ ਢੋਲਕ ਬਜਿਵਾਈ।
ਸੁਰ ਅਲਾਪ ਕੈ ਤਾਨ ਬਸਾਈ।
ਪਿਖਿ ਫਕੀਰ ਕਰਿ ਤ੍ਰਾਸ ਘਨੇਰਾ।
ਕਿਸਹੁੰ ਨ ਚਢਜੋ ਹਾਲ ਤਿਸ ਬੇਰਾ ॥੩੩॥
ਤਿਨ ਮਹਿਂ ਇਕ ਨੇ ਤਬਹਿ ਬਿਚਾਰਾ।
-ਇਕ ਖ਼ੁਦਾਇ ਇਸ ਵਖਤ ਹਮਾਰਾ-।
'ਪਰਵਦਗਾਰ ! ਨਾਮ ਪਰ ਬੇਸ[1]।
ਰਾਖਿ ਲਾਜ ਨਿਜ, ਤਵ ਦਰਵੇਸ਼[1] ॥੩੪॥
ਹਮ ਝੂਠੇ ਭੀ ਤਬਿ ਤੁਮ ਨਾਮ।
ਰਾਖਹੁ ਪਤਿ ਖ਼ੁਦਾਇ ਸੁਖ ਧਾਮ !'
ਸਭਿਨਿ ਅਰਾਧਜੋ ਪੀਰਨ ਪੀਰ।
ਭਨੀ ਬਿਨੈ ਹ੍ਵੈ ਕਰਿ ਭੈ ਭੀਰ ॥੩੫॥
ਤਬਿ ਫਕੀਰ ਇਕ ਹਾਲ ਚਢਜੋ ਹੈ।
ਸਭਿ ਕੇ ਮਨ ਆਨੰਦ ਬਢਜੋ ਹੈ।
ਇਤ ਉਤ ਬਿਚਰਤਿ ਬੇਸੁਧ ਹੋਇ।
ਫਿਸਲਜੋ ਪੈਰ ਨ ਠਹਿਰਜੋ ਸੋਇ ॥੩੬॥
ਲਾਲ ਬਿਸਾਲ ਤਪਤ ਤੰਦੂਰ।
ਗਿਰਜੋ ਤਿਸੀ ਮੈਂ ਸਭਿਨਿ ਹਜ਼ੂਰ।

[1]ਜਾਗਦਿਆਂ ਹੀ ਸਵੇਰ ਹੋ ਗਈ।
[1](ਜਿੱਥੇ) ਉੱਚੀ ਥਾਉਂ ਤਿਲਕ ਕੇ ਹੇਠਾਂ ਜਾ ਪਵੇ।
[1]ਹੇ ਪਰਵਰਦਗਾਰ ! (ਤੇਰੇ) ਨਾਮ ਤੇ (ਸਾਡਾ) ਭੇਖ ਹੈ।
[1]ਤੇਰੇ ਦਰਵੇਸ਼ ਹਾਂ।

ਜਬਿ ਫਕੀਰ ਕੋ ਪਰਸਯੋ ਗਾਤ।
ਸੀਤਲ ਭਯੋ ਸੁ ਅਚਰਜ ਬਾਤ ॥੩੭॥
ਦੇਖਿ ਦੇਖਿ ਕਰਿ ਸਭਿ ਬਿਸਮਾਏ।
ਸਾਚੇ ਰਹੇ ਸ੍ਵਾਂਗ ਨਿਬਹਾਏ।
ਨੌਰੰਗ ਕਹ੍ਯੋ 'ਜਾਹੁ ਨਿਜ ਡੇਰੇ।
ਬਾਂਛਤਿ ਕਰਹੁ, ਨ ਅਬਿ ਕੋ ਫੇਰੇ[1]' [1]ਕੋਈ ਨਾ ਹਟਾਏਗਾ।
॥੩੮॥
ਇਮ ਫਕੀਰ ਸੋ ਛੁਟਿ ਕਰਿ ਆਏ।
ਸਿਮਰ ਖ਼ੁਦਾਇ ਰਿਦੈ ਹਰਖਾਏ।
ਨੌਰੰਗ ਬਾਦੀ ਕੋ ਦੇਂ ਗਾਰੀ।
'ਅਰਹਿ ਮੂਢ ਦਰਵੇਸ਼ ਅਗਾਰੀ' ॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਤੁਰਕੇਸੁਰ' ਪ੍ਰਸੰਗ ਬਰਨਨੰ ਨਾਮ ਚਤਰ ਬਿੰਸਤੀ ਅੰਸੂ ॥੨੪॥

## ੨੫. [ਬੇਨਵਾ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:

ਆਵਤਿ ਜਾਤੇ ਬੇਨਵਾ[1],

[1]ਇਕ ਪ੍ਰਕਾਰ ਦੇ ਫਕੀਰ।

ਸਭਿ ਪਰ ਕਰਹਿਂ ਅਵਾਜ[1]।

[1]ਸਭ ਤੇ ਅਵਾਜ਼ ਕਰਦੇ ਹਨ (ਕਿ ਤੁਸੀਂ ਕਿਉਂ ਸ਼ਰ੍ਹਾ ਵਿਚ ਫਸ ਪਏ ਹੋ)।

ਕਿਤਿਕ ਮੁਲਾਨਨਿ ਸੰਗ ਭੀ,
ਕਰਹਿ ਤਰਕਨਾ ਸਾਜ ॥੧॥

ਚੌਪਈ:

ਸਭਿਨਿ ਮੁਲਾਨੇ ਮਤੋ ਮਤਾਇ।
ਕਹਿ ਨੌਰੰਗ ਸੋ ਲੀਏ ਬੁਲਾਇ।
ਕਰੇ ਸਮੂਹ ਇਕਠੇ ਸੋਇ।
ਚਲਿ ਆਏ ਮਿਲਿ ਕੈ ਸਭਿ ਕੋਇ ॥੨॥
ਨਿਕਟਿ ਹਕਾਰਿ ਬੂਝਨਾ ਕਰੀ।
'ਸ਼ਰ੍ਹਾ ਵਹਿਰ ਤੁਮ ਕਜੋਂ ਮਤਿ ਧਰੀ?
ਸਾਦਰ ਕਿਸਹਿ ਨ ਬਾਕ ਬਖਾਨਹੁ।
ਹਾਸ ਸਮੇਤ ਤਰਕਨਾ ਠਾਨਹੁ ॥੩॥
ਕਜਾ ਤੁਮ ਨੇ ਅਪਨੇ ਮਨ ਜਾਨੀ?
ਮਹਦ ਹੋਹਿ ਕਿਮ ਜਿਸ ਤੇ ਮਾਨੀ[1]।

[1]ਵਡੇ ਕਿਵੇਂ ਹੋਏ ਹੋ? (ਦੱਸੋ) ਜਿਸ ਤੋਂ ਅਸੀਂ ਮੰਨੀਏ। (ਅ) ਵੱਡੇ ਹੰਕਾਰੀ ਕਿਵੇਂ ਹੋਏ ਹੋ।

ਤਜਾਗਹੁ ਸਗਲ ਨ ਮਨਮਤਿ ਕੀਜੈ।
ਚਲਨਿ ਸ਼ਰ੍ਹਾ ਕਹੁ ਮਾਰਗ ਲੀਜੈ ॥੪॥
ਨਾਂਹਿ ਤ ਦੋਜ਼ਕ ਮਹਿਂ ਦੁਖ ਪਾਵਹੁ।
ਤਾਂਹਿ ਬਚਾਵਹਿ ਤਿਸਹਿ ਮਨਾਵਹੁ[1]।'

[1]ਤਿਸ (ਸ਼ਰ੍ਹਾ) ਨੂੰ ਮੰਨੋ ਜੋ ਓਥੇ (ਦੋਜ਼ਖ ਤੋਂ) ਬਚਾਵੇ।

ਸੁਨਤਿ ਬੇਨਵਨਿ ਕਹਜੋ ਨ ਮਾਨਾ।
ਖੋਟਾ ਨੌਰੰਗ ਸੰਗ ਬਖਾਨਾ ॥੫॥
'ਹਮ ਪਰ ਤੇਰੋ ਹੁਕਮ ਨ ਕੋਈ।
ਮਨ ਭਾਵਤਿ ਹਮ ਬੋਲਹਿਂ ਸੋਈ।
ਚੋਰ ਯਾਰ ਕਰਨੀ ਬਟਪਾਰੀ।
ਤਿਸੈ ਸਜ਼ਾਇ ਦੇਹੁ ਹਿਤ ਧਾਰੀ ॥੬॥
ਹਮ ਫਕੀਰ ਦਰਵੇਸ਼ਨਿ ਰੀਤਿ।
ਉਚਿਤ ਸਜ਼ਾਇ ਦੋਸ਼ ਨਹਿਂ ਚੀਤ[1]।

[1]ਸਜ਼ਾ ਤੇ ਦੋਸ਼ ਯੋਗ ਨਾ ਚਿਤਵੈ।

ਹਮ ਦੁਨੀਆਂ ਤੇ ਫਾਰਕ[1] ਅਹੈਂ।

[1]ਭਾਵ ਅਲੱਗ [ਅ਼. ਫਾਰਗ਼:]

ਤੁਝ ਕਹਿਬੇ ਮਹਿਂ ਕਸੌਂ ਕਰਿ ਰਹੈਂ ॥੭॥
ਕਿਨਹੁੰ ਨ ਕਬਿ ਕੈਸੇ ਕਿਤ ਕਹਯੋ।
ਨ੍ਰਿਭੈ ਸਦਾ ਹਮ ਭੈ ਨਹਿਂ ਲਹਯੋ।
ਕਰਤਿ ਰਹੇ ਜਿਮ ਬਡੇ ਹਮਾਰੇ।
ਸਿਰ ਧਰਿ ਚਲਹਿਂ ਤਿਸੀ ਅਨੁਸਾਰੇ' ॥੮॥
ਸੁਨਿ ਨੌਰੰਗ ਕੇ ਰਿਸ ਉਰ ਆਈ।
ਸਭਿ ਨੌਕਾ ਪਰ ਦੀਏ ਚਢਾਈ।
ਕਹਯੋ 'ਨਦੀ ਕੇ ਬਡ ਪਰਵਾਹ।
ਜਾਇ ਡੁਬਾਵਹੁ ਬਾਚਹਿਂ ਨਾਂਹਿ' ॥੯॥
ਬਹੁ ਮਾਨੁਖ ਹ੍ਵੈ ਕਰਿ ਰਖਵਾਰੇ।
ਲੇਕਰਿ ਨੌਕਾ ਤਿਤਹਿ ਸਿਧਾਰੇ।
ਇਤਨੇ ਮਹਿਂ ਇਕ ਬੇਨਵ ਔਰ।
ਆਇ ਪੁਕਾਰਯੋ ਊਚੇ ਠੌਰ ॥੧੦॥
'ਮੈਂ ਦਮਾਦ ਨੌਰੰਗ ਕੋ ਖਰੋ।
ਇਸ ਕੋ ਤਜਾਗਨਿ ਕੈਸੇ ਕਰੇ।
ਇਨ ਸੰਗ ਮੋਹਿ ਚਢਾਇ ਸਿਧਰੀਅਹਿ।
ਇਸ ਕੀ ਦੁਹਿਤਾ ਬਿਧਵਾ ਕਰੀਅਹਿ' ॥੧੧॥
ਸੁਨਿ ਨੌਰੰਗ ਨੇ ਦਿਏ ਛੁਟਾਇ।
'ਇਹ ਤੌਂ ਬਡੇ ਢੀਠ ਸਮੁਦਾਇ।
ਮਰਿਬੇ ਮੈਂ ਬਿਲੰਬ ਅਬਿ ਨਹੀਂ।
ਤਊ ਨਿਧਰਕ ਬਾਤ ਇਨ ਕਹੀ ॥੧੨॥
ਮਰੇ ਨ ਸਮੁਝਹਿਂ ਪਾਛਲ ਰਹੇ[1]।
ਹਠ ਤੇ ਅਰਹਿਂ, ਪੰਥ ਅਸ ਅਹੇ[1]।
ਇਨ ਕੋ ਤਜਾਗਹੁ ਕਛੁ ਨਹਿਂ ਕਹੋ।
ਢੀਠ ਮੂਢਤਾ ਮੈਂ ਬਡ ਲਹੋ ॥੧੩॥
ਦੇਸ਼ ਦੇਸ਼ ਤੇ ਇਹ ਚਲਿ ਆਇ।
ਹੋਹਿਂ ਸਮੂਹ ਫਤੂਰ ਉਠਾਇ।'
ਬਚੇ ਬੇਨਵਾ ਇਮ, ਚਲਿ ਗਏ।
ਮਨਹੁਂ ਕਾਲ ਤੇ ਛੂਟਤਿ ਭਏ ॥੧੪॥
ਇੱਤਜਾਦਿਕ ਤੁਰਕਨਿ ਸੰਗ ਬਾਦਜਾ[1]।

[1]'ਇਨ੍ਹਾਂ ਦੇ) ਮਰਿਆਂ ਪਿੱਛੋਂ ਰਹੇ (ਬਾਕੀ ਦੇ) ਨਹੀਂ ਸਮਝਣਗੇ।

[1]ਪੰਥ (ਮਤ) ਹੀ ਇਹੋ ਜਿਹਾ ਹੈ।

[1]ਝਗੜਾ ਕੀਤਾ।

ਨੌਰੰਗ ਮਹਾਂ ਮੂਢ ਪਰਮਾਦਜਾ[1]।
ਪੁਨ ਹਿੰਦੁਨਿ ਪਰ ਤਰਕ ਬਢਾਈ।
'ਬੁਤ ਪੂਜਤਿ ਇਨ ਸਮੁਝਿ ਨ ਕਾਈ ॥੧੫॥
ਥਾਨ ਥਾਨ ਮੰਦਰ ਬਹੁ ਕਰੇ।
ਘਰ ਘਰ ਪਾਥਰ ਘਰ ਘਰਿ[1] ਧਰੇ।
ਚੰਦਨ ਫੂਲ ਲਾਇ ਘਨਸਾਰਾ।
ਬਾਰਿ[1] ਪਖਾਰਹਿਂ ਬਾਰੰਬਾਰਾ ॥੧੬॥
ਧੋਇ ਬੁਤਨ ਕੋ ਪੀਵਹਿਂ ਪਾਨੀ।
ਝੂਠਹੁ ਅੰਨ ਧਰਹਿਂ ਅਗਵਾਨੀ।
ਪੁਨਹਿ ਉਠਾਇ ਆਪ ਲੇ ਖਾਹਿਂ।
ਇਸ ਤੇ ਕਹੈਂ ਭਿਸਤ ਹਮ ਜਾਹਿਂ' ॥੧੭॥
ਮਿਲ ਕਾਜ਼ੀ ਮੁੱਲਾਂ ਸਮੁਦਾਏ।
ਨੌਰੰਗ ਕੋ ਕਹਿ ਕਹਿ ਸਮੁਝਾਏ।
-ਆਲਮਗੀਰ ਅਹੈਂ ਤੂੰ ਏਕ।
ਤੁਝ ਕਹਿਬੇ ਮਹਿਂ ਖ਼ਲਕ ਅਨੇਕ ॥੧੮॥
ਮਾਰਗ ਭਲੇ ਚਲਾਵਨਿ ਚਹੀਅਹਿ।
ਸਭਿ ਪਰ ਹੁਕਮ ਅਪਨਿ ਨਿਰਬਹੀਅਹਿ।
ਸ਼ਰ੍ਹਾ ਦੀਨ ਬਿਰਧਾਵਨਿ ਕਰੀਅਹਿ।
ਚਿਰੰਕਾਲ ਜਸੁ ਜੁਤਿ ਜਗ ਥਿਰੀਅਹਿ ॥੧੯॥
ਮਹਾਂਦੀਨ[1] ਕੋ ਹ੍ਵੈ ਅਤਿ ਪਯਾਰੋ।
ਜੋ ਸੁਖ ਦੇਇ ਸਭਿਨਿ ਤੇ ਭਾਰੋ।
ਕੌਨ ਦੀਨ ਮਹਿਂ ਤੁਝ ਸਮ ਭਯੋ।
ਹ੍ਵੈ ਹੈ, ਨਹਿਂ ਹੈ, ਕਬਹੁਂ ਨ ਹੁਯੋ ॥੨੦॥
ਜੋ ਕਛੁ ਕਰਯੋ ਚਹੈਂ ਜਗ ਮਾਂਹੀ।
ਸੋ ਹੁਇ ਸਾਚ ਅੰਨਥਾ[1] ਨਾਂਹੀ।
ਨਦੀ ਅਗਾਧ ਨੀਰ ਬਡ ਬਹੇ।
ਹੋਹਿ ਪਗਾਰ ਤੋਹਿ ਕੋ ਲਹੇ[1] ॥੨੧॥
ਜਿਤ ਦਿਸ਼ਿ ਰਿਸ ਕਰਿ ਕਰਹਿਂ ਚਢਾਈ।

[1]ਭੁੱਲਿਆ ਹੋਇਆ।
[1]ਘੜ ਘੜ ਕੇ।
[1]ਜਲ ਨਾਲ।
[1]ਹਜ਼ਰਤ ਮੁਹੰਮਦ।
[1]ਵਿਅਰਥ।
[1]ਭਾਵ ਗਿੱਟੇ ਗਿੱਟੇ ਹੋ ਜਾਵੇਗਾ। ਤੈਨੂੰ ਦੇਖਕੇ। ਪਗਾਰ = ਥੋੜਾ ਪਾਣੀ ਜਿਸ ਵਿਚ ਦੀ ਪੈਦਲ ਲੰਘਿਆ ਜਾ ਸਕੇ।

ਬਹਿਰ ਬਹਿਰ† ਥਿਰ ਰਹਿ ਨ ਸਕਾਈ[1]।

[1]ਬਹਿਰ =) ਸਮੁੰਦਰ ਤੇ (ਬਹਿਰ =) ਧਰਤੀ ਤੇ ਕੋਈ ਅਟਕ ਨਹੀਂ ਸਕਦਾ। †ਪਾ:-ਬਹਿਰ ਬਹਿਰ, ਪੁਨਾ:-ਬਹਿਰ ਬਹਿਰ। ਸ਼ਾਇਦ ਅਸਲ ਪਾਠ ਇਉਂ ਹੈਸੀ:- ਬਰੋ ਬਹਿਰ ਥਿਰ ਰਹਿ ਨ ਸਕਾਈ। ਫਾਰਸੀ ਮੁਹਾਵਰਾ ਹੈ:-ਬਰੋਬਹਰ = ਧਰਤੀ ਤੇ ਸਮੁੰਦਰ।

ਪਾਇਨਿ ਪਰਹਿਂ ਉਪਾਇਨਿ ਆਨਹਿਂ।
ਹੁਕਮ ਆਪ ਕੋ ਸਿਰ ਪਰ ਮਾਨਹਿਂ ॥੨੨॥
ਸ਼ੱਤ੍ਰੂ ਹ੍ਵੈ ਨ ਸਕੈ ਜਗ ਕੋਈ।
ਹੋਇ ਜੁ, ਖੰਡ ਖੰਡ ਤਨ ਸੋਈ।
ਦੁਰਗਮ[1] ਥਾਨ ਦੁਰਗ ਸਭਿ ਮਾਰੇ।
ਤਵ ਪ੍ਰਤਾਪ ਜਸੁ ਫੈਲ੍ਯੋ ਸਾਰੇ ॥੨੩॥

[1]ਕਠਨ, ਆਕੀ।

ਦੇਸ਼, ਦੁਰਗ, ਦਲ, ਦਰਬ ਰੁ ਦਾਨ।
ਪੰਚ ਦਕਾਰੀ[1] ਭੂਪ ਪ੍ਰਧਾਨ।
ਸੋ ਤੁਵ ਸਦਨ ਪਾਯਤੇ ਸਾਰੋ।
ਅਪਰ ਨ ਕੋ ਸਮਤਾ ਕਿਮ ਧਾਰੋ[1] ॥੨੪॥

[1]ਪੰਚ ਦੱਦੇ ਵਾਲਾ।

[1]ਹੋਰ ਕੋਈ ਕਿਵੇਂ ਬਰਾਬਰੀ ਨਹੀਂ ਰੱਖ ਸਕਦਾ।

ਬਖ਼ਸ਼ਿਸ਼ ਕਰੀ ਪਿਕੰਬਰ ਤੋਹਿ।
ਅਤਿ ਪ੍ਰਸੰਨਤਾ ਹਿਰਦੇ ਹੋਹਿ।
ਸੋ ਇਕ[1] ਕਾਰਣ ਤੇ ਮਨ ਜਾਨ।
ਕਰਨਿ ਖ਼ਲਕ ਮਹਿਂ ਦੀਨ ਮਹਾਨ ॥੨੫॥

[1]ਇਕ (ਇਸੇ)।

ਪੈਕੰਬਰ ਕੋ ਕਾਰਜ ਏਹੁ।
ਬਾਂਛਤਿ ਕਰਹੁ ਕਜੋਂ ਨ ਜਸੁ ਲੇਹੁ।
ਚਲਹਿ ਸੁ ਮਾਰਗ ਕਲਮਾ ਗਾਇ।
ਪਠਿ ਕੁਰਾਨ ਕੋ ਲਖਹਿ ਖ਼ੁਦਾਇ ॥੨੬॥
ਹਿੰਦੂ ਚਲਹਿਂ ਕੁਮਗ ਦਖ ਪਾਇ।
ਕਜਾਮਾਤ ਦੋਜ਼ਕ ਲਹੈਂ ਸਜ਼ਾਇ।
ਨਹਿਂ ਪੈਕੰਬਰ ਹਾਮੀ ਭਰਿਹੀ।
ਅਪਰ ਨ ਰਾਖਾ ਤਹਾਂ ਨਿਹਰਿਹੀ ॥੨੭॥
ਇਸ ਲਾਇਕ ਤੁਮ ਕਰੇ ਖ਼ੁਦਾਇ।
ਸਕਲ ਖ਼ਲਕ ਪਰ ਹੁਕਮ ਟਿਕਾਇ।
ਦਾਰਸ਼ਕੋਹੁ ਭ੍ਰਾਤ ਜੋ ਤੇਰੋ।

ਸੰਗ ਕਾਫਰਨਿ ਕਰਤਿ ਬਡੇਰੋ ॥੨੮॥
ਹਜੋ[1] ਭਈ ਸਭਿ ਮੈਂ ਤਿਸ ਕੇਰੀ।
ਪਤਿਸ਼ਾਹਿਤਿ ਤੇ ਖ਼ਾਰਜ ਹੇਰੀ।
ਰਾਹ ਸ਼ਰ੍ਹਾ ਕੇ ਤੁਮ ਮਰਿਵਾਵਾ।
ਯਾਂ ਤੇ ਜਸੁ ਬਿਸਾਲ ਜਗ ਪਾਵਾ ॥੨੯॥
ਤੁਵ ਬਿਨ ਸਰੈ ਨ ਕਿਸ ਤੇ[1] ਕਾਰੀ।
ਤੁਰਕ ਬਨਾਵਨਿ ਖ਼ਿਲਕਤ ਸਾਰੀ।
ਰਾਹ ਸ਼ਰ੍ਹਾ ਕੇ ਸਕਲ ਚਲਾਵਹੁ।
ਹਿੰਦੁਨਿ ਕੋ ਪੂਰਬ ਸਮੁਝਾਵਹੁ ॥੩੦॥
ਪੁਨ ਲਾਲਚ ਦੀਜੈ ਜਿਸ ਚਾਹੂ।
ਮਾਨਹਿਂ ਜਥਾ ਸ਼ਰ੍ਹਾ ਕੋ ਰਾਹੂ।
ਭਗਨੀ ਕੈ ਤਨਿਯਾ ਨਿਜ ਦੈਹੋ।
ਜਜੋਂ ਕਜੋਂ ਤੁਰਕ ਬਨਾਇ ਸੁ ਲੈਹੋ ॥੩੧॥
ਪੈਕੰਬਰ ਪ੍ਰਸੰਨ ਹੁਇ ਜਿਸ ਤੇ।
ਹਿੰਦੂ ਤੁਰਕ ਬਨੈ ਜਬਿ ਕਿਸ ਤੇ।
ਸਰਬ ਭਾਂਤਿ ਮਹਿਂ ਸਮਰਥ ਤੁਮ ਹੋ।
ਬਧਹਿ ਦੀਨ ਠਾਨਹੁ ਬਿਧਿ ਤਿਮ ਹੋ ॥੩੨॥
ਬੁਤ ਪੂਜਨ ਤੇ ਬਰਜਨਿ ਕਰੀਅਹਿ।
ਸਭਿ ਤੇ ਕਲਮਾ ਅਪਨਿ ਉਚਰੀਅਹਿ।
ਅਪਨੇ ਢਿਗ ਇਕ ਮਥੁਰਾ ਪੁਰੀ।
ਤਹਿ ਹਿੰਦੂ ਸਭਿ ਕਰਤੇ ਬੁਰੀ ॥੩੩॥
ਦੋਹਰਾ:
-ਇਹਾਂ ਭਯੋ ਹਮਰੋ ਬਡੋ- ਤਿਸ ਕੀ ਕਥਾ ਬਤਾਇਂ।
-ਸਾਥ ਅਨਿਕ ਇਸਤ੍ਰੀਨਿ ਕੇ, ਕਰੇ ਬਿਲਾਸ ਬਨਾਇ- ॥੩੪॥
ਚੌਪਈ:
ਅਬਿ ਤਿਸ ਕੇ ਸੋ ਚਲਤਿ ਬਨਾਵਹਿਂ।
ਕਰਿ ਸ਼ਿੰਗਾਰ ਨਾਚਹਿਂ ਅਰੁ ਗਾਵਹਿਂ।
ਬਕਹਿਂ ਕੁਫਰ ਕੁਛ ਸੁਨਜੋ ਨ ਜਾਈ।

[1]ਨਿੰਦਿਆ।

[1]ਜਦੋਂ ਕਿਸੇ ਤਰ੍ਹਾਂ ਹਿੰਦੂ, ਤੁਰਕ ਬਣਨ।

ਬਿਗਸਹਿਂ ਖੇਲਹਿਂ ਮੋਦ ਬਢਾਈ ॥੩੫॥
ਕਰਹਿਂ ਪਾਪ ਜਿਸ ਤੇ ਹੁਇ ਸ਼ੋਕ।
ਇਮ ਕਰਿ ਚਾਹਤਿ ਸੁਖ ਪਰਲੋਕ।
ਤਿਸ ਕੋ ਬੁਤ ਬਨਾਇ ਬਹੁ ਭਾਂਤੀ।
ਪੂਜਹਿਂ ਬਿਬਿਧ[1] ਦਿਵਸ ਅਰੁ ਰਾਤੀ ॥੩੬॥
ਬਾਰਹਿਂ ਦੀਪਕ ਪੁਸ਼ਪ ਚਢਾਵਹਿਂ।
ਚੰਦਨ ਚਰਚੈਂ ਬਾਜ ਬਜਾਵਹਿਂ।
ਮਿਲਿ ਕਰਿ ਇਸਤ੍ਰੀ ਪੁਰਖ ਘਨੇਰੇ।
ਖੋਟ ਪਰਸਪਰ ਕਰਹਿਂ ਬਡੇਰੇ ॥੩੭॥
ਕਰੇ ਹਜ਼ਾਰੋਂ ਬੁਤ ਕੇ ਮੰਦਰ।
ਲਾਇ ਦਰਬ ਰਚਿ ਰਾਖੇ ਸੁੰਦਰ।
ਸਭਿ ਹਿੰਦੂ ਇਨ ਮਾਨਤਿ ਅਹੈਂ।
ਧਰਮ ਆਪਨੇ ਕੋ ਨਿਰਬਹੈਂ ॥੩੮॥
ਆਪ ਚਲਹੁ ਬੁਤ ਦੇਹੁ ਫੁਰਾਇ[1]।
ਮੰਦਰ ਦਿਹੁ ਬਿਦਾਰ ਸਮੁਦਾਇ।
ਤ੍ਰਾਸ ਉਪਾਵਹੁ ਸਭਿ ਕੋ ਮਾਂਹੀ।
ਤੁਰਕ ਜਿ ਬਨਹਿ ਦੇਹੁ ਸੁਖ ਤਾਂਹੀ ॥੩੯॥
ਉੱਤਮ ਥਾਨ ਹਿੰਦੂਅਨਿ ਕੇ ਜਹਿਂ।
ਸਭਿਹਿ ਬਿਦਾਰ ਮਸੀਤ ਰਚਹੁ ਤਹਿਂ।
ਹਿੰਦੁ ਤ੍ਰਾਸ ਦਿਹੁ, ਤੁਰਕ ਬਡਾਈ।
ਬਿਨਾਂ ਬਨਾਏ ਸਭਿ ਬਨ ਜਾਈਂ- ॥੪੦॥
ਇੱਤ੍ਯਾਦਿਕ ਕਹਿ ਬਹੁ ਸਮੁਝਾਵਾ।
ਬਾਦੀ ਨੌਰੰਗ ਬਾਦ ਉਠਾਵਾ।
ਦੀਨ ਬਧਾਵਨਿ ਕੀ ਅਭਿਲਾਖਾ।
'ਚਲਹਿਂ ਭੋਰ ਕੋ ਚਢਿ ਕਰਿ' ਭਾਖਾ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

[1] ਕਈ ਤਰ੍ਹਾਂ।

[1] ਤੁੜਾ ਦਿਓ। ਫੋੜਨਾ ਤੋਂ ਫੁੜਵਾਓ।

## ੨੬. [ਮਥੁਰਾ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:
ਭਈ ਭੋਰ ਨੌਰੰਗ ਚਢ੍ਯੋ, ਮਥਰਾ ਕੇ ਸਮਹਾਇ।
ਬਾਦ ਕਰਨਿ ਹਿੰਦੁਵਾਨ ਸੋਂ, ਮਹਾਂ ਮੂਢ ਦੁਖਦਾਇ ॥੧॥
ਚੌਪਈ:
ਚਢਿ ਅਸਵਾਰੀ ਨੌਰੰਗ ਧਾਯੋ।
ਮਥਰਾ ਆਇ ਸਿਵਰ ਨਿਜ ਪਾਯੋ।
ਹੇਰੇ ਮੰਦਰ ਖਰੇ ਹਜ਼ਾਰੋਂ।
ਮੂਰਤਿ ਅੰਦਰ ਬਿਬਿਧ ਪ੍ਰਕਾਰੋ ॥੨॥
ਬਡ ਘੰਟਨਿ ਕੇ ਸ਼ਬਦ ਉਠੰਤੇ।
ਅਨਿਕ ਰੀਤਿ ਉਤਸਾਹ ਕਰੰਤੇ।
ਪਿਖਤਿ ਨੁਰੰਗਾ ਜਰ ਬਰ ਗਯੋ।
ਮੁੱਖਜ ਮਨੁੱਖ ਹਕਾਰਤਿ ਭਯੋ ॥੩॥
ਬਿੱਪ੍ਰ ਬਿਰਾਗੀ ਜਬਿ ਚਲਿ ਆਏ।
ਸਭਿਨਿ ਸਾਥ ਬਚ ਦੁਖਦ ਅਲਾਏ।
'ਕਯਾ ਤੁਮ ਦੰਭ ਕਮਾਵਨਿ ਕੀਨਸਿ?
ਮਗ ਖ਼ੁਦਾਇ ਮਿਲਿਬੋ ਨਹਿਂ ਚੀਨਸਿ? ॥੪॥
ਬੁਤ ਪੂਜਤਿ ਅਪਰਾਧ ਮਹਾਨਾ।
ਸੋ ਤੁਮ ਨਿਸ ਦਿਨ ਕਰਹੁ ਅਜਾਨਾ।
ਪਾਥਰ ਮਹਿਂ ਖ਼ੁਦਾਇ ਕੋ ਮਾਨਿ।
ਲੋਕਨਿ ਠਗਹੁ, ਦੇਹਿਂ ਧਨ ਆਨਿ ॥੫॥
ਬੁਤ ਪੂਜਨਿ ਕੌ ਦੇਹੁ ਹਟਾਇ।
ਨਹਿਂ ਦੋਜ਼ਕ ਮਹਿਂ ਮਿਲਹਿ ਸਜ਼ਾਇ।
ਕਲਮਾ ਪਠਹੁ ਦੀਨ ਮਹਿਂ ਆਵਹੁ।
ਚਲਨਿ ਸ਼ਰ੍ਹਾ ਮਹਿਂ ਰੁਚਿ ਉਪਜਾਵਹੁ ॥੬॥
ਭਿਸਤ ਬਿਖੈ ਪਹੁੰਚਨਿ ਕਹੁ ਰਾਹੂ।
ਅਨਤ ਭ੍ਰਮਤਿ ਦੋਜ਼ਕ ਮਹਿਂ ਜਾਹੂ[1]।'
ਇੱਤਜਾਦਿਕ ਕਹਿ ਬਹੁ ਸਮੁਝਾਏ।

[1]ਹੋਰ ਪਾਸੇ ਭਰਮਣੇ ਕਰਕੇ ਨਰਕ ਵਿਚ ਜਾਓਗੇ।

ਸਭਿਨਿ ਕਹਜੋ 'ਹਮਰੋ ਧ੍ਰਮ ਜਾਏ ॥੭॥
ਜੋ ਆਗੇ ਭੇ ਬਡੇ ਬਡੇਰੇ।
ਤਿਨਹਿ ਬਤਾਯਹੁ ਮਰਾ, ਜਿਨ ਹੇਰੇ[1]।
ਤੁਮਰੋ ਹਮਰੋ ਦੀਰਘ ਅੰਤਰ[1]।
ਨਿਜ ਨਿਜ ਮਤਿ ਮਹਿਂ ਚਲੈਂ ਨਿਰੰਤਰ ॥੮॥
ਕਯੋਂ ਕਰਿ ਧਰਮ ਆਪਨੋ ਛੋਰੈਂ।
ਨਰਕ ਪਰਨਿ ਕਹੁ ਕਯੋਂ ਕਰਿ ਲੋਰੈਂ।
ਧੇਨੁ ਘਾਤ ਲੌਂ ਕਰਹੁ ਅਧਰਮ।
ਯਾਂ ਤੇ ਸੁਖ ਚਹਿ ਭਰਮੇ ਭਰਮ[1] ॥੯॥
ਖਾਨ ਪਾਨ ਮਹਿਂ ਸੌਚ ਬਿਹੀਨੇ।
ਤੁਮਰੇ ਨਹਿਂ ਗਿਲਾਨ ਕਿਮ ਚੀਨੇ।
ਗਮਨ ਭਿਸ਼ਤ ਕੋ ਜਾਨਜੋ ਜੋਇ।
ਗਿਰੈ ਨਰਕ, ਬਿਨ ਸੰਸੈ ਸੋਇ ॥੧੦॥
ਪ੍ਰਭੂ ਅਵਤਾਰਨਿ ਕੀ ਬਹੁ ਪੂਜਾ।
ਜਿਸ ਕੇ ਸਮ ਸਮਰਥ ਨਹਿਂ ਦੂਜਾ।
ਸੋ ਹਮ ਮੂਰਤਿ ਬਿਖੈ ਅਰੋਪਿ।
ਮਾਨਤਿ ਸਕਲ ਸਦਾ ਚਿਤ ਚੌਂਪ ॥੧੧॥
ਕਹਿਂ ਤੁਮਰੋ ਮਤਿ ਗਮਨਿ ਅਧੋਗਤਿ[1]।
ਕਹਿਂ ਹਮਰੋ ਸ਼ੁਭ ਸਾਧ ਸੁਧੋ ਚਿਤ।
ਅਵਿਨੀ ਸਕਲ ਰਾਜ ਤਮ ਭਯੋ।
ਤਿਮਰਲਿੰਗ ਆਦਿਕ ਤੇ ਥਿਯੋ ॥੧੨॥
ਕਿਸਹੁਂ ਨ ਕਬਿ ਇਹ ਗਿਰਾ ਬਖਾਨੀ।
ਕਰਿ ਹੰਕਾਰ ਜੁ ਤੁਮ ਅਬਿ ਠਾਨੀ।
ਆਪ ਆਪਨੇ ਮਤ ਸਭਿ ਰਹੇ।
ਕਰਿ ਸ਼ੁਭ ਕਰਮ ਊਚ ਪਦ ਲਹੈ ॥੧੩॥
ਬਿਨ ਕਰਨੀ ਹਿੰਦੂ ਕਯਾ ਤੁਰਕ।
ਸੁਖ ਨਹਿਂ ਪੱਯਤਿ ਪਰਤੇ ਨਰਕ।'
ਇੱਤਜਾਦਿਕ ਕਰਕਸ ਬਚ[1] ਕਹੇ।
ਸੁਨਤਿ ਨੁਰੰਗੇ ਕੋ ਮਨ ਦਹੇ ॥੧੪॥
ਕਹਤਿ ਭਯੋ ਇਮ ਮੂਢ ਗਵਾਰ।

[1]ਜਿਨ੍ਹਾਂ (ਵੱਡਿਆਂ ਨੇ ਕ੍ਰਿਸ਼ਨ ਜੀ ਨੂੰ) ਦੇਖਿਆ ਸੀ।
[1]ਭੇਦ, ਫਰਕ।
[1]ਇਸ (ਅਧਰਮ) ਤੋਂ ਸੁਖ ਲੋਚਦੇ ਹੋ, ਇਹ ਭਰਮ ਵਿਚ (ਭ੍ਰਮਣ =) ਭਟਕਣਾਂ ਹੈ।
[1]ਕਿਥੇ ਤੁਹਾਡਾ ਮਤ ਨੀਚ ਗਤੀ ਨੂੰ ਲਿਜਾਣ ਵਾਲਾ।
[1]ਖਰ੍ਹਵੇ ਬਚਨ।

'ਤਬਿ ਜਾਨਹਿਂ ਜਬਿ ਸਿਰ ਹੁਇ ਮਾਰ।'
ਹੁਕਮ ਦੀਓ 'ਮੰਦਿਰ ਦਿਹੁ ਗੇਰਿ।
ਮੂਰਤਿ ਭਗਨਹੁ ਅੰਗ ਬਖੇਰਿ ॥੧੫॥
ਹੋਇ ਨਿਕਟਿ ਬੋਲਹਿ ਜੇ ਕੋਈ।
ਕੈਦ ਕਰਹੁ ਗਹਿ ਮਾਰਹੁ ਸੋਈ।
ਦੰਡ ਦੇਹੁ ਕਰਿ ਕੈ ਜਬਰਾਈ।
ਬਾਜਹਿ ਸੰਖ ਨ ਫਿਰਹਿ ਦੁਹਾਈ ॥੧੬॥
ਬਹੁਤ ਮਿਹਨਤੀ ਦੇਰੁ ਲਗਾਇ।
ਮੁਝ ਢਿਗ ਹੋਤੇ ਦੇਹੁ ਢਹਾਇ।
ਜਹਿਂ ਜਹਿਂ ਮੰਦਿਰ ਖਰੇ ਬਡੇਰੇ।
ਤਹਿਂ ਮਸੀਤ ਚਿਨਵਰੁ ਬਿਨ ਦੇਰੇ ॥੧੭॥
ਜਹਿਂ ਜਹਿਂ ਹਿੰਦੁਨਿ ਕੇ ਅਸਥਾਨ।
ਇਨਹਿ ਜੇਜਵਾ[1] ਲਗਹਿ ਮਹਾਨ।
ਸਗਲ ਠੌਰ ਬਹੁ ਦੰਭ ਕਮਾਵਾ।
ਚਲਨਿ ਸ਼ਰ੍ਹਾ ਕੋ ਇਨਹਿ ਨ ਭਾਵਾ ॥੧੮॥
ਦਿਹੁ ਸਜ਼ਾਇ ਸਭਿ ਭਾਂਤਨਿ ਇਨੈ।
ਤਬਹਿ ਪਠਨਿ ਕਲਮਾ ਮਨ ਮਨੈ।
ਜਿਸ ਕੋ ਝਗਰੋ ਦੇਹੁ ਜਿਤਾਇ।
ਤਿਸਹਿ ਸ਼ਰ੍ਹਾ ਮਹਿਂ ਲੇਹੁ ਚਲਾਇ ॥੧੯॥
ਹਿੰਦੂ ਹ੍ਵੈ ਕਰਿ ਰਹੈਂ ਨਿਤਾਣੇ।
ਹੀਨ ਜੀਵਕਾ ਰੁਇ ਤਬਿ ਜਾਣੇ।'
ਜਬਿ ਇਮ ਹੁਕਮ ਦੁਸ਼ਟ ਨੇ ਦੀਨਾ।
ਮਹਾਂ ਮੂਢ ਹੰਕਾਰ ਮਲੀਨਾ ॥੨੦॥
ਧਾਏ ਜਹਿਂ ਕਹਿਂ ਦੁਸ਼ਟ ਘਨੇਰੇ।
ਕਰਤਿ ਬਿਦੀਰਨਿ ਮੰਦਿਰ ਗੇਰੇ।
'ਹਾਇ ਹਾਇ' ਹਿੰਦੁਨਿ ਮਹਿਂ ਹੋਵਾ।
ਕੋ ਕਜੋਂ ਹੂੰ ਨਹਿ ਸਮੁਖ ਖਰੋਵਾ ॥੨੧॥
ਦੁਰੇ ਸਦਨ ਮਹਿਂ ਪੰਡਿਤ ਰੋਏ।
ਬ੍ਰਿਥਾ ਅਟਲ[1†], ਮਹਿ ਰਿਦਾ ਪੁਰੋਏ।

[1]ਜ਼ੇਜ਼ੀਆ, ਕਰ ਜੋ ਮੁਸਲਮਾਨ ਪਾਤਸ਼ਾਹ ਗ਼ੈਰ ਮਜ਼ਹਬ ਵਾਲਿਆਂ ਤੋ ਲਾਉਂਦੇ ਹਨ।

[1]ਅਟਲ ਪੀੜਾ। [†]ਪਾ:-ਅਨਲ।

'ਰਾਮ ਰਾਮ' ਕਹਿ ਭਏ ਲਚਾਰ।
ਨਹਿਂ ਮਨ ਆਵਹਿ ਕੋ ਉਪਚਾਰ ॥੨੨॥
ਜਿਮ ਹਰਨਾਖਸ਼ ਕੀਨਿ ਕੁਚਾਲੀ।
ਛੀਨਿ ਧਰਮ ਤੇ ਕਰੇ ਕੁਢਾਲੀ।
ਜਿਮ ਸਤਿਗੁਰ ਮਹਿਂ ਬੇਨ ਮਹੀਸ਼ਾ[1]।
ਸ਼ੁਭ ਕਰਮਨਿ ਕੌਂ ਕੀਨਸਿ ਖੀਸਾ[1] ॥੨੩॥
ਪੁਨ ਤ੍ਰੇਤੇ ਰਾਵਨ ਬੁਰਿਆਰੀ।
ਸਭਿ ਦੇਵਨਿ ਕੀ ਪੂਜਾ ਟਾਰੀ।
ਅਪਨ ਆਪ ਕੋ ਮਾਨਿ ਮਹਾਨਾ।
ਸਭਿ ਜਗ ਕੋ ਦੀਨਸਿ ਦੁਖ ਦਾਨਾ ॥੨੪॥
ਪੁਨ ਦ੍ਵਾਪੁਰਿ ਮਹਿਂ ਦੁਸ਼ਟ ਬਡੇਰੇ।
ਕੰਸ ਆਦਿ ਦੁਰਮਤਿ ਨੇ ਪ੍ਰੇਰੇ।
ਧਰਮ ਲੋਪ ਕੋ ਚਾਹਤਿ ਮਰੇ[1]।
ਛੀਨ ਓਜ ਹ੍ਵੈ ਛਿਤ ਪਰ ਪਰੇ ॥੨੫॥
ਤਿਮ ਕਲਿਜੁਗ ਮਹਿਂ ਨੌਰੰਗ ਹੋਵਾ।
ਮਹਾਂ ਮਲੇਛ ਚਹਤਿ ਧ੍ਰਮ ਖੋਵਾ।
ਹਿੰਦੁਨਿ ਊਪਰ ਅਨਿਕ ਉਪਾਧਿ।
ਦੇਤਿ ਭਯੋ ਦੁਖ ਸਾਧ ਅਸਾਧਿ[1] ॥੨੬॥
ਤੁਰਕ ਤਰਕਨਾ ਕਰਹਿਂ ਅਨੇਕ।
ਦੀਨ ਬਧਾਵਨਿ ਹੀਨ ਬਿਬੇਕ।
ਮਥੁਰਾ ਮਹਿਂ ਜੇਤਿਕ ਸ਼ੁਭ ਮੰਦਿਰ।
ਬਹੁ ਸੁੰਦਰ ਮੂਰਤਿ ਜੇ ਅੰਦਰ ॥੨੭॥
ਲਗੇ ਮਿਹਨਤੀ ਮਹਤ ਬਿਦਾਰਹਿਂ।
ਤੁਰਕ ਤੇਜ਼ ਕੀ ਜਰਹਿਂ ਉਪਾਰਹਿਂ[1]।
ਕੰਚਨ ਕਲਸ ਚਿਨੇ ਸੰਗ ਚੂਨਾ।
ਫੋਰੇ ਸਗਲ ਕਰਜੋ ਜਨੁ ਚੂਨਾ[1] ॥੨੮॥
ਲੈ ਲੈ ਮੂਰਤਿ ਅੰਗ ਬਿਦਾਰਹਿਂ।
ਹਾਥ ਪਾਵ ਗ੍ਰੀਵਾ ਕਟਿ ਡਾਰਹਿਂ।
ਦੂਰ ਬਗਾਵਹਿਂ ਨਦੀ ਮਝਾਰਾ।

[1]ਬੇਣ ਰਾਜਾ।
[1]ਨਾਸ਼ ਕੀਤੇ [ਸੰਸ. ਕ੍ਸ਼ਿ। ਹਿੰ: ਖੀਸ]
[1]ਧਰਮ ਲੋਪ ਕਰਨਾ ਚਾਹੁੰਦੇ ਮਰ ਗਏ।
[1]ਸਾਧਣੇ ਤੇ ਅਸਾਧ ਦੁੱਖ (ਅ) ਅਸਾਧਾਂ ਨੂੰ (ਅਸਾਧ =) ਕਠਨ ਦੁੱਖ।
[1]ਜੜ੍ਹਾਂ ਪੁੱਟ ਰਹੇ ਹਨ।
[1]ਚੂਰਾ, ਧੂੜਾ ਭਾਵ ਨਾਸ਼।

ਕਰਿ ਬਹੁ ਖੰਡ ਦੇਹਿਂ ਛਿਤ ਡਾਰਾ ॥੨੯॥
ਭਏ ਦੇਵਤਾ ਬਜਾਕੁਲ ਸਾਰੇ।
ਲਖਿ ਤਪ ਤੁਰਕ ਨ ਕੋ ਨਿਰਵਾਰੇ।
ਮੰਦਿਰ ਭ੍ਰਿਸ਼ਟ ਕਰੇ ਜਹਿਂ ਕਹਾਂ।
ਪ੍ਰਤਿਮਾ[1] ਤੋਰਿ ਫੇਰਿ ਕਰਿ ਮਹਾਂ ॥੩੦॥ [1]ਮੂਰਤੀਆਂ।
ਕਿਤ ਕਿਤ ਥਲ ਮਸੀਤ ਚਿਨਵਾਈ।
ਦੇਤਿ ਬਾਂਗ ਊਚੇ ਕਿਲਕਾਈ।
ਰੋਜ਼ਾ ਈਦ ਨਿਵਾਜ਼ ਗੁਜ਼ਾਰਹਿਂ।
ਹਿੰਦੂ ਪਿਖਤਿ ਝਿਰਕਿਬੋ ਧਾਰਹਿਂ ॥੩੧॥
ਜਾਵਤਿ[1] ਮੂਰਤਿ ਮੰਦਿਰ ਸਾਰੇ। [1]ਜਦ ਤੱਕ।
ਤੋਰਿ ਫੋਰਿ ਕਰਿ ਸਕਲ ਬਿਦਾਰੇ।
ਤਾਵਤ[1] ਨੌਰੰਗ ਰਾਖਯੋ ਡੇਰਾ। [1]ਤਦ ਤਕ।
ਦੇਤਿ ਹਿੰਦੂਅਨਿ ਤ੍ਰਾਸ ਘਨੇਰਾ ॥੩੨॥
ਬਨਹਿ ਤੁਰਕ ਝਗਰਾ ਜਿਤ ਜਾਵਹਿ[1]। [1]ਜੋ ਮੁਸਲਮਾਨ ਹੋ ਜਾਵੇ ਝਗੜਾ (ਮੁਕੱਦਮਾ) ਜਿੱਤ ਜਾਵੇ।
ਸਕਲ ਸ਼ਰੀਕਨਿ ਤੇ ਬਿਰਧਾਵਹਿ।
ਕਿਸਹੂੰ ਦਰਬ ਦੇਹਿ ਚਿਤ ਚਾਹੂ।
ਆਨਹਿ ਅਪਨ ਸ਼ਰ੍ਹਾ ਕੇ ਮਾਂਹੂ ॥੩੩॥
ਕਿਸ ਹੂੰ ਕੋ ਤਨਿਯਾ ਦੇ ਆਪਨਿ।
ਜਯੋਂ ਤਯੋਂ ਧਰਮ ਕਰਹਿਂ ਤਿਨ ਖਾਪਨਿ।
ਭਯੋ ਤ੍ਰਾਸ ਹਿੰਦੁਨਿ ਮਹਿਂ ਭਾਰੀ।
ਨਹੀਂ ਪਰਸਪਰ ਕਰਤੇ ਰਾਰੀ ॥੩੪॥
ਜੌ ਕਯੋਂ ਹੂੰ ਲਰਿ ਪਰਿ ਹੈ ਕੋਇ।
'ਬਨਿਹੌਂ ਤੁਰਕ' ਉਠਹਿ ਕਹਿ ਸੋਇ।
ਤਿਸ ਕੋ ਲੇਂ ਤਤਕਾਲ ਮਿਲਾਇ।
ਚਿਤ ਇੱਛਾ ਕੋ ਦੇਤਿ ਪੁਜਾਇ ॥੩੫॥
ਪਿਤਾ ਪੁੱਤ੍ਰ ਕੋ ਤਾੜਹਿ ਨਾਂਹੀ।
ਕ੍ਰੋਧਤਿ ਭ੍ਰਾਤ ਨ ਆਪਸ ਮਾਂਹੀ।
ਅਪਰਨਿ ਕੀ ਗਿਨਤੀ ਕਿਨ ਕਰੀ।
ਅਸ ਹਿੰਦੁਨਿ ਪਰ ਅਪਦਾ ਪਰੀ ॥੩੬॥
ਇਮ ਬਿਗਾਰ ਕਰਿ ਨੌਰੰਗ ਹਰਖਯੋ।

ਮਨਹੁਂ ਕਸ਼ਟ ਕੋ ਬਾਦਰ ਬਰਖ੍ਯੋ।
ਪੂਰਬ ਜਨਮ ਕੀਨਿ ਤਪ ਘੋਰਾ।
ਅਤਿਸ਼ੈ ਤੇਜ ਭਯੋ ਜਿਹ ਜ਼ੋਰਾ ॥੩੭॥
ਬਰਜਨਹਾਰ ਨ ਦੀਖਤ ਕੋਊ।
ਜਿਮ ਇੱਛਾ ਚਿਤ ਕਰਿ ਹੈ ਸੋਊ।[*]

[*]ਔਰੰਗਜ਼ੇਬ ਦੇ ਜ਼ੁਲਮਾਂ ਬਾਬਤ ਹੋਰ ਇਤਿਹਾਸਕਾਰਾਂ ਨੇ ਬੜੇ ਹਾਲ ਦਿੱਤੇ ਹਨ, ਸੰਖੇਪ ਮਾਤ੍ਰ ਕੁਛ ਦੱਸਦੇ ਹਾਂ:-

੧. "ਮ: ਐਲਫਿਨਸਟੋਨ" ਆਪਣੀ ਹਿਸਟਰੀ ਆਫ ਇੰਡੀਆ" ਦੇ ਭਾਗ ਦੋ ਵਿਖੇ ਇਸ ਪ੍ਰਕਾਰ ਲਿਖਦਾ ਹੈ:
Aurangzib's vexatious treatment of the Hindus. He appointed a Mullah, with a party of horse attached to him, to suppress all drinking and gambing houses, and to check all ostentatious display of idol worship. Not long afterwards, he abolished all taxes not expressly authorised by the Mahometan law, and all duties on goods sold at the great Hindu fairs which he considered as polluted by their original connection with idolatry....... The custom and road duties, which were by much the most vexatious of all, were rather increased than diminished,........... Some years later he forbade fairs on Hindu festivals altogether; and about the same time he issued an edict against music dancing and buffoons and discharged all the singers and musicians attached to the palace. He likewise forbade astrology, and dismissed the astrologers previously attached to the court. He also discountenanced poets, who used to be honoured and pensioned, and abolished the office and salary of royal poet........................ (pages 491-92)
The revival of jezia excited the utmost discontent among the Hindus. Those at Delhi and the neighborhood assembled in crowds, and besieged the King's palace with their complaints and clamors. No attention was paid to these remonstrances. On the next Friday, when the king was going in procession to the mosque, he found the streets completely choked by the crowd of suppliants. He waited some time in hopes that a passage might be opened by fair means; but as the mob continued to hold their ground, he ordered his retinue to force their way through; and many persons were trampled under foot by the horses and elephants, (Pages 493-94)
He cordially detests the Hindus, and has very little more good will towards the Shias, but he lays out no money on mosques or endowments, shows no signs of being under the influence of the recognized clergy, and often expressed his contempt for the assumed sanctity of Fakirs and dervishes. (Pages 552-53)

੨. "ਲਾਲਾ ਰੁਖ਼ ਐਂਡ ਆਇਰਿਸ਼ ਮੈਲੋਡੀਜ਼" ਕ੍ਰਿਤ "ਥਾਮਸ ਮੂਰ" ਦੇ ਪੰਨਾ ੨੧੮ ਤੇ "ਹਿਸਟਰੀ ਆਫ ਹਿੰਦੁਸਤਾ" ਰਚਿਤ "ਡੋ" (Dow) ਦਾ ਹਵਾਲਾ ਦੇਕੇ ਲਿਖਿਆ ਹੈ:-
Religion of which Aurangzeb was a munificent protector-
The hypocritical Emperor would have made a worthy associate of certain Holy Leagues-"He held the cloak of religion (says Dow) between his actions and the vulgar; and impiously thanked the Divinity for a success which he owed to his own wickedness. When he was murdering and

prosecuting his brothers and their families, he was building a magnificent. Mosque at Delhi, as an offering to God for his assistance to him in the Civil Wars. He acted as high priest at the consecriation of this temple; and made a practice of attending divine service there; in the humble dress of a Fakeer. But when he lifted on hand to the Divinity, he, with the other, signed warrants for the assassination of the relations. " (History of Hindostan, Vol iii P. 355)

੩. "ਈ. ਮਾਰਸਡਨ ਬੀ. ਏ. " ਆਪਣੀ "ਈਜ਼ੀ ਸਟੋਰੀਜ਼ ਫ੍ਰਾਮ ਇੰਡੀਅਨ ਹਿਸਟਰੀ" ਵਿਚ ਲਿਖਦੇ ਹਨ:-

Aurangzeb put his trust only in Muhammadans. He dismissed from his service many Hindus. He put on them a tax which was allowed by Muhammadan law, but which Akbar had wisely dropped. He pulled down a famous temple in the Hindu holy city of Benares, and on the site he built a lofty mosque. All this made the Hindus very angry. The Rajputs would not help him as they helped Akbar and the next two kings. One by on they left him.

੪. "ਪ੍ਰੋਫੈਸਰ ਮਨਮੋਹਨ ਐਮ. ਏ. ਤੇ ਪ੍ਰੋ: ਅਬਦੁਲ ਹਮੀਦ ਐਮ. ਏ" ਆਪਣੀ "ਤਾਰੀਖੇ ਹਿੰਦ ਉਰਦੂ" ਵਿਚ ਐਉਂ ਲਿਖਦੇ ਹਨ:-

ਔਰੰਗਜ਼ੇਬ ਕੀ ਪਾਲਿਸੀ-ਬਨਾਰਸ ਕੇ ਬ੍ਰਹਮਨੋਂ ਕੋ ਵੇਦੋਂ ਕੀ ਤਾਲੀਮ ਦੇਨੇ ਕੀ ਸਖਤ ਮੁਮਾਨਤ ਕੀ ਗਈ, ਔਰ ਉਸ ਜਗ੍ਹਾ ਕੇ ਮਸ਼ਹੂਰ ਮੰਦਰ ਵਿਸ਼੍ਵਨਾਥ ਕੋ ਗਿਰਾ ਕਰ ਉਸ ਪਰ ਏਕ ਮਸਜਿਦ ਤਿਆਰ ਹੁਈ। ਮੁਲਕ ਕੇ ਕਈ ਹਿੱਸੋਂ ਮੇਂ ਮੰਦਰੋਂ ਕੋ ਤਹਿਓਬਾਲਾ ਕੀਆ ਗਿਆ, ਔਰ ਮੂਰਤੀਆਂ, ਬੁਤ, ਜਿਨ ਕੋ ਹਿੰਦੂ ਦੇਵਤਾ ਮਾਨਤੇ ਹੈਂ ਜ਼ਾਇਆ ਕੀਏ ਗਏ, ਹਰ ਏਕ ਕਿਸਮ ਕੇ ਮੇਲੇ ਬੰਦ ਕਰ ਦੀਏ ਗਏ। ਸ਼ਿਅਰ ਖ੍ਵਾਨੀ ਔਰ ਇਲਮਿ ਮੌਮੀਕੀ ਕੇ ਬਰਖ਼ਿਲਾਫ ਫੁਰਮਾਨ ਜਾਰੀ ਹੁਏ, ਹਕਾਯਤ ਕਰਤੇ ਹੈਂ:-ਕਿ ਜਬ ਗਾਨੇ ਬਜਾਨੇ ਵਾਲੇ ਲੋਗੋਂ ਕੋ ਦਰਬਾਰ ਕੀ ਮੁਲਾਜ਼ਮਤ ਸੇ ਜੁਵਾਬ ਮਿਲਾ ਔਰ ਹਰ ਜਗ੍ਹਾ ਰਾਗੋ ਰੰਗ ਬੰਦ ਹੋ ਗਿਆ ਤੋ ਉਨ ਸਭ ਲੋਗੋਂ ਨੇ ਏਕ ਬੜਾ ਜਨਾਜ਼ਾ ਤਿਆਰ ਕੀਆ ਔਰ ਪਾਤਸ਼ਾਹੀ ਮਹੱਲਾਤ ਕੇ ਸਾਹਮਨੇ ਸੇ ਰੋਤੇ ਪੀਟਤੇ ਗੁਜ਼ਰੇ, ਔਰੰਗਜ਼ੇਬ ਨੇ ਪੂਛਾ ਕਿ "ਯਿਹ ਕਿਸ ਕਾ ਜਨਾਜ਼ਾ ਹੈ? " ਜਵਾਬ ਮਿਲਾ ਕਿ "ਇਲਮੇ ਮੌਸੀਕੀ ਕਾ। " ਕਹਾ ਕਿ "ਖ਼ੂਬ, ਇਸੇ ਐਸੀ ਗਹਿਰੀ ਕਬਰ ਮੇਂ ਦਫਨ ਕਰਨਾ ਕਿ ਫਿਰ ਨ ਉਠ ਸਕੇ। " ਤਾਰੀਖ ਦਾਨੋ ਕੋ ਭੀ ਹੁਕਮ ਮਿਲਾ ਕਿ ਕੋਈ ਤਾਰੀਖ ਨਾ ਲਿਖੇ.......... ਖਫ਼ੀ ਖਾਂ ਨੇ ਜੋ ਕੁਛ ਹਾਲ ਇਸ ਅਹਦ ਕਾ ਲਿਖਾ ਹੈ ਡਰਤੇ ਡਰਤੇ ਔਰ ਖੁਫੀਆ ਤੌਰ ਪਰ ਲਿਖਾ ਹੈ। [ਪੰਨਾ-੩੧੨]

੫. ਸ੍ਵਾਨਹਿ ਉਮਰੀ ਔਰੰਗਜ਼ੇਬ (ਉਰਦੂ) ਉਲਥਾ 'ਸਟੇਨਲੀ ਲੇਨ ਪੋਲ ਸਾਹਿਬ ਬੀ. ਏ.' ਦਾ ਅਨੁਵਾਦਿਕ ਮੌਲਵੀ ਮੁਹੰਮਦ ਲਤੀਫ ਸਾਹਿਬ ਬੀ. ਏ. ਵਿਖੇ ਦਰਜ ਹੈ:-

ਕਹਾ ਜਾਤਾ ਹੈ ਕਿ "ਉਸ ਹਾਦੀਏ ਇਸਲਾਮ ਨੇ ਸਭ ਸੂਬਜਾਤ ਕੇ ਹਾਕਮੋਂ ਕੇ ਨਾਮ ਫਰਮਾਨ ਜਾਰੀ ਕਰ ਦੀਏ ਕਿ ਪੂਰੇ ਤੌਰ ਸੇ ਮੁਸਤਅਦ ਹੋ ਕਰ ਕਾਫਰੋਂ ਕੇ ਸਭ ਮਦਰਸੇ ਔਰ ਮੰਦਰ ਮਿਸਮਾਰ ਕਰ ਡਾਲੇ, ਔਰ ਸਖਤ ਤਾਕੀਦ ਹੁਈ ਕਿ ਬੁਤਪ੍ਰਸਤੀ ਕੇ ਤ੍ਰੀਕਾ ਕੀ ਤਾਲੀਮੇ ਤਲਕੀਨ ਬਿਲਕੁਲ ਬੰਦ ਕਰਦੀ ਜਾਏ"..... ਇਸੀ ਗ਼ਰਜ਼ ਸੇ ਵਿਸ਼ਨੂੰ ਜੀਕਾ ਮੰਦਰ ਮਿਸਮਾਰ ਕੀਆ ਗਿਆ, ਮਥੁਰਾ ਕਾ ਏਕ ਨਫੀਸ ਮੰਦਰ ਜ਼ਮੀਨ ਕੇ ਬਰਾਬਰ ਕਰ ਦਿਆ ਗਿਆ ਔਰ ਉਸ ਕੀ ਜਗ੍ਹਾ ਏਕ ਆਲੀਸ਼ਾਨ ਮਸਜਿਦ ਤਾਮੀਰ ਹੁਈ। ਇਨ ਮੰਦਰੋਂ ਮੇਂ ਜੋ ਬੁਤ ਮਿਲੇ ਵੋਹ ਆਗਰਾ ਪਹੁੰਚਾ ਦੀਏ ਗਏ ਔਰ ਵਹਾਂ ਮਸਜਿਦੋਂ ਕੀ ਸੇੜ੍ਹੀਓਂ ਕੇ ਨੀਚੇ ਦਫਨ ਕਰ ਦੀਏ ਗਏ ਤਾਕਿ ਪੱਕੇ ਮੁਸਲਮਾਨ ਉਨਕੋ ਅਪਨੇ ਪਾਓਂ ਕੇ ਨੀਚੇ ਪਾਮਾਲ ਕਰਕੇ ਅਪਨਾ ਦਿਲ ਖੁਸ਼ ਕਰੇਂ। [ਪੰਨਾ ੨੦੭-੨੦੮

..... ਤ੍ਵਾਰੀਖ ਲਿਖਨੇ ਕੀ ਕਤਅਨ ਮੁਮਾਨਤ ਹੋ ਗਈ। [ਪੰਨਾ ੨੧੧

੬. ਉਰਦੂ ਨਾਨਕ ਪ੍ਰਕਾਸ਼, ਸੰਕਲਤ ਕਰਤਾ ਸ੍ਰ: ਗੁਰਮੁਖ ਸਿੰਘ ਜੀ ਦੀਵਾਨ ਪਟਿਆਲਾ, ਦੇ ਪੰਨਾ ੧੯ ਤੇ ਲਿਖਿਆ ਹੈ ਕਿ ਇਕ ਦਿਨ ਇਸ ਫ਼ਰੇਬੀ (ਔਰੰਗਜ਼ੇਬ) ਨੇ ਆਪਣੀ ਧੀ ਨੂੰ ਲਿਖਿਆ:-

"ਸਲਤਨਤ ਰਾ ਇੱਜ਼ਤ ਅੰਦਰ ਆਲਮੇ ਫਾਨੀ ਕੁਜਾਸਤ?
ਮਾ ਗਦਾਯਾਨੇਮ ਮਾਰਾ ਐਸ਼ ਸੁਲਤਾਨੀ ਕੁਜਾਸਤ?
ਈਂ ਦਿਲੇ ਦੀਵਾਨਹਰਾ ਗੁਫਤਮ ਕਿ ਆਕ਼ਲ ਸ਼ੌ, ਨ ਸ਼ੁਦ?
ਆਰੇ ਆਰੇ ਤਿਫਲ ਰਾ ਮੈਲੇ ਸਬਕ ਖ਼੍ਵਾਨੀ ਕੁਜਾਸਤ?"

ਅਰਥਾਤ:

'ਪਾਤਸ਼ਾਹ ਨੂੰ ਇਸ ਅਸਾਰ ਸੰਸਾਰ ਵਿਚ ਇੱਜ਼ਤ ਕਿੱਥੇ ਹੈ। ਭਾਵ ਹੈ ਨਹੀਂ। ਅਸੀਂ ਮੰਗਤੇ ਹਾਂ ਸਾਨੂੰ ਪਾਤਸ਼ਾਹੀ ਐਸ਼ ਕਿੱਥੇ, ਇਸ ਸ਼ੁਦਾਈ ਦਿਲ ਨੂੰ ਕਹਿੰਦਾ ਹਾਂ ਕਿ ਸਿਆਣਾ ਬਣ ਪਰ ਨਹੀਂ ਬਣਦਾ, ਹਾਂ, ਹਾਂ, (ਠੀਕ ਹੈ) ਬੱਚੇ ਨੂੰ ਸਿੱਖਿਆ ਲੈਣ ਦੀ ਕਿੱਥੇ ਚਾਹ ਹੁੰਦੀ ਹੈ।' ਜਿਸ ਦੇ ਉੱਤਰ ਵਿਚ ਉਸ ਦੀ ਲੜਕੀ ਉਸ ਦੇ ਜ਼ੁਲਮਾਂ ਦਾ ਜ਼ਿਕਰ ਕਰਦੀ ਹੋਈ ਲਿਖਦੀ ਹੈ:-

ਬੇ ਤਕੱਲਫ ਦਰਬਦਰ ਗਰਦੀ ਤੁਰਾ ਸਾਨੀ ਕੁਜਾਸਤ?
ਚੂੰ ਤੋ ਖ਼ੂੰਰੇਜ਼ੇ ਦਿਗਰ ਦਰ ਆਲਮੇ ਫਾਨੀ ਕੁਜਾਸਤ?
ਅਜ਼ ਬਰਾਏ ਸਲਤਨਤ ਖ਼ਨੇ ਬਰਾਦਰ ਰੇਖਤੀ,
ਬਾਜ਼ ਮੇ ਗੋਈ ਕਿ ਮਾਰਾ ਐਸ਼ੇ ਸੁਲਤਾਨੀ ਕੁਜਾਸਤ?

ਅਰਥਾਤ:

'ਬਿਨਾ ਝਿਜਕ ਥਾਂ ਕੁਥਾਂ ਫਿਰਨ ਵਾਲਾ ਤੇਰੇ ਜਿਹਾ ਦੂਜਾ ਕਿਹੜਾ ਹੈ? ਤੇਰੇ ਵਰਗਾ ਹਤਿਆਰਾ (ਇਸ) ਅਸਾਰ ਸੰਸਾਰ ਵਿਚ ਦੂਸਰਾ ਕਿੱਥੇ ਹੈ? ਪਾਤਸ਼ਾਹਤ ਵਾਸਤੇ ਤੂੰ ਭਰਾ ਦਾ ਖ਼ੂਨ ਵੀਟਿਆ ਤੇ ਫੇਰ ਕਹਿੰਦਾ ਹੈਂ ਕਿ ਮੈਨੂੰ ਬਾਦਸ਼ਾਹੀ ਐਸ਼ ਕਿੱਥੇ?'

ਮਥੁਰਾ ਮਹਿਂ ਇਮ ਓਜ ਦਿਖਾਇ।
ਦਿਜ ਆਦਿਕ ਹਿੰਦੁਨਿ ਦੁਖਦਾਇ* ॥੩੮॥
ਕਰਿ ਕੈ ਸਗਰੇ ਭ੍ਰਿਸ਼ਟ ਸਥਾਨ।
ਰੋਕਯੋ ਪੂਜਨਿ ਪਠਨਿ ਮਹਾਨ।
ਚਿਤਵਹਿਂ -ਕੇਤਿਕ ਦਿਨ ਮਹਿਂ ਸਾਰੇ।
ਪਾਇਂ ਕਸ਼ਟ ਹੁਇਂ ਸ਼ਰ੍ਹਾ ਮਝਾਰੇ ॥੩੯॥
ਬਿਨਾਂ ਬਨਾਏ ਸਭਿ ਬਨਿ ਜਾਇਂ।
ਜਬਹਿ ਜੀਵਕਾ ਹਾਥ ਨ ਆਇ।
ਤੁਰਕਨਿ ਬਿਖੈ ਹੋਹਿਂ ਧਨਵਾਨ।
ਚਲਨਿ ਸ਼ਰ੍ਹਾ ਕੋ ਲੇਂ ਮਨ ਮਾਨਿ- ॥੪੦॥

ਦੋਹਰਾ:

ਇਮ ਮਥੁਰਾ ਕੋ ਭ੍ਰਿਸ਼ਟ ਕਰਿ, ਦੁਸ਼ਟ ਧਾਰਿ ਹੰਕਾਰ।
ਅਪਰ ਥਾਨ ਚਲਿਬੋ ਚਹਯੋ, ਲੋਪਨਿ ਧਰਮ ਉਦਾਰ[1] ॥੪੧॥

[1]ਹਿੰਦੂ ਧਰਮ ਨਾਸ਼ ਕਰਨ ਨੂੰ ਉਦਾਰ ਹੋਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਤੁਰਕੇਸ਼ੁਰ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

## ੨੭. [ਜੈਪੁਰ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:
ਤਿਹ ਥਲ ਕਿਸਹੂੰ ਦੁਸ਼ਟ ਨੇ,
ਨੌਰੰਗ ਕੋ ਸਮੁਝਾਇ।
'ਬੁਤ ਪੂਜਨਿ ਕੀ ਅਧਿਕਤਾ,
ਜੈਪੁਰਿ ਮਹਿਂ ਬਹੁ ਥਾਇਂ ॥੧॥
ਚੌਪਈ:
ਤਹਿਂ ਜੈ ਸਿੰਘ ਸਵਾਈ ਰਾਜਾ†।
ਕਰੇ ਬਹੁਤ ਹਿੰਦਿਨ ਕੇ ਕਾਜਾ।
ਬਡੇ ਬਡੇ ਮੰਦਿਰ ਬਨਵਾਏ।
ਕੰਚਨ ਕਲਸ ਮਹਾਂ ਛਬਿ ਛਾਏ ॥੨॥
ਜਿਨਹੁ ਬਿਲੋਕਤਿ ਸ਼ਰਧਾ ਜਾਗੈ।
ਮੂਢਨਿ ਕੇ ਭੀ ਮਨ ਅਨੁਰਾਗੈ।
ਬਹੁਤ ਜੀਵਕਾ ਤਿਨਹੁ ਬਨਾਈ।
ਜੇ ਬੁਤ ਪੂਜਤਿ ਹੈਂ ਚਿਤੁ ਲਾਈ ॥੩॥
ਰੁਚਿਰ ਸੁ ਪ੍ਰਤਿਮਾ ਚਤੁਰ ਚਿਤੇਰੇ।
ਰਚੀ ਚੌਪ ਚਿਤ ਰੁਚਿਰ ਘਨੇਰੇ।
ਕੰਚਨ ਅਲੰਕਾਰ ਘਰਵਾਏ।
ਮੁਕਤਾ ਝਾਲਰ ਦਰ ਲਰਕਾਏ ॥੪॥
ਚਾਰੁ ਚੁਕੌਨ ਚੌਕੀਅਨਿ ਰਚੀ।
ਸ਼ੁਭਤਿ ਜਰਾਉ ਖਚਨ ਤੇ ਖਚੀ[1]।
ਚੌਰ ਚਮਕ ਜਨੁ ਚਿਕਨੇ ਚੀਨਸਿ।
ਢੋਰਤਿ[1], ਝੋਰਤਿ ਬਿਜਨੋ ਲੀਨਸਿ[2] ॥੫॥
ਦਿਨਪ੍ਰਤਿ ਨਏ ਕਰਤਿ ਉਤਸ਼ਾਹੁ।
ਬਾਦਿਤ ਬਜਹਿਂ ਅਧਿਕ ਧੁਨਿ ਜਾਂਹੂ।
ਦੁੰਦਭਿ ਸੰਖ ਝਾਂਝ ਝਨਕੰਤੇ।
ਮਿਲਿ ਕਬਿ ਜੈ ਜੈ ਸ਼ਬਦ ਉਠੰਤੇ ॥੬॥
ਬੁਤ ਆਗੇ ਨਿੰਮ੍ਰੀ ਬਹੁ ਹੋਵੈਂ।
ਹਾਥਨਿ ਜੋਰਹਿਂ ਸਮੁਖ ਖਰੋਵਹਿਂ।
ਜੈ ਸਿੰਘ ਆਪ ਜਾਇ ਧਨ ਦੇਵੈ।

†ਦੇਖੋ ਰਾਸਿ ੧੦ ਅੰਸੂ ੩੨ ਅੰਕ ੧੫ ਦੀ ਹੇਠਲੀ ਟੂਕ।

[1]ਜੜਤ ਨਾਲ ਜੜੀਆਂ ਹੋਈਆਂ।

[1]ਚੌਰ) ਢੁਰਾਂਵਦੇ ਸਨ। [2]ਪੱਖਾ ਲੈਕੇ ਝੁਲਾਂਵਦੇ ਹਨ।

ਭਏ ਧਨੀ ਜੋ ਪੂਜਾ ਲੇਵੈਂ ॥੭॥
ਤੀਰਥ ਪੂਜਨਿ ਪਾਠ ਪੁਰਾਨਾ।
ਇਹ ਹਿੰਦੁਨਿ ਕੋ ਥੰਭ[1] ਮਹਾਨਾ। [1]ਆਸਰਾ।
ਇਨ ਕਹੁ ਜਗ ਤੇ ਕਰਹੁ ਬਿਨਾਸ਼।
ਹੁਇ ਸੁਖੇਨ ਪੁਨ ਚੁਰਕ ਪ੍ਰਕਾਸ਼ ॥੮॥
ਹੇਰਿ ਹੇਰਿ ਧੀਰਜ ਨਹਿਂ ਰਹੈ।
ਕਲਮਾ ਬਹੁਰ ਚਾਹ ਕਰਿ ਕਹੈ।'
ਇਮ ਕਾਜ਼ੀ ਮੁੱਲਾਂ ਬਹੁ ਬਾਦੀ।
ਕਹਿ ਨੁਰੰਗ ਕੋ ਕਰਹਿਂ ਪ੍ਰਮਾਦੀ[1] ॥੯॥ [1]ਭਲਾਵਣਾ।
ਚਢਿ ਮਥੁਰਾ ਤੇ ਜੈਪੁਰਿ ਗਮਨਜੋ[1]। [1]ਸੁੰਦਰ।
ਗਜ ਬਾਜੀ ਸਾਜਜੋ ਦਲ ਰਵਨਜੋ।
ਘੰਟਨ ਕੇ ਨਠਕਾਰ ਉਠੰਤੇ।
ਕੁਦਹਿਂ ਤੁਰੰਗ ਹਿਰੇਖ ਕਰੰਤੇ ॥੧੦॥
ਤੋਪਨਿ ਕੀ ਸ਼ਲਖੈਂ ਬਹੁ ਚਲੀ।
ਉਠਜੋ ਸ਼ਬਦ ਅਵਿਨੀ ਕਲਮਲੀ[1]। [1]ਧਰਤੀ ਕੰਬੀ।
ਫਰਰੇ ਛੁਟੇ ਨਿਸ਼ਾਨ ਹਜ਼ਾਰੋਂ।
ਜਹਿਂ ਕਹਿਂ ਦੁੰਦਬਿ ਅਨਿਕ ਧੁੰਕਾਰੋ ॥੧੧॥
ਆਸੂਦੈ[1] ਲਸ਼ਕਰ ਜਿਸ ਕੇਰਾ। [1]ਸੁਖੀ, ਤਿਆਰ ਬਰਤਿਆਰ।
ਚਲਤਿ ਕੁਲਾਹਲ ਉਠੈ ਘਨੇਰਾ।
ਭੂਖਨ ਜਟਿਤਿ ਸੁਭਟ ਝਮਕੰਤੇ।
ਰੰਗ ਰੰਗ ਕੇ ਬਸਤ੍ਰ ਸੁਭੰਤੇ ॥੧੨॥
ਤ੍ਰਾਸ ਪਾਇ ਰਿਪੁ ਰਹਜੋ ਨ ਕੋਈ।
ਨੌਰੰਗ ਕੇ ਅਨੁਸਾਰੇ ਹੋਈ॥
ਕ੍ਰਮ ਕ੍ਰਮ ਪੰਥ ਉਲੰਘਨਿ ਕਰਜੋ।
ਪਹੁੰਚਜੋ ਜੈਪੁਰਿ ਨਗਰ ਨਿਹਰਜੋ ॥੧੩॥
ਥਾਨ ਥਾਨ ਜਹਿਂ ਠਾਕੁਰ ਦ੍ਵਾਰੇ।
ਜਿਨ ਮਹਿਂ ਪ੍ਰਤਿਮਾ[1] ਸ਼ੋਭਤਿ ਸਾਰੇ। [1]ਮੂਰਤੀਆਂ।
ਰੰਗ ਰੰਗ ਕੀ ਬਨੀ ਪਤਾਕਾ[1]। [1]ਝੰਡੀਆਂ।
ਸਭਿ ਮੰਦਰਿ ਪਰ ਠਟ ਸੁਠ ਜਾਂਕਾ[1] ॥੧੪॥ [1]ਜਿਨ੍ਹਾਂ ਦਾ ਸੁੰਦਰ ਬਣਾਉ।
ਬਹੁ ਸੰਖਨਿ ਕੇ ਸ਼ਬਦ ਉਠੰਤੇ।

ਗਾਇ ਬਿਸ਼ਨਪਦ ਹਰਖ ਕਰੰਤੇ।
ਪੁਰੀ ਨਿਕਟਿ ਹੁਇ ਡੇਰਾ ਕੀਨਸਿ।
ਪਿਖਿ ਸਮਾਜ ਕੋ ਰਿਸ ਮਨ ਭੀਨਸਿ ॥ ੧੫ ॥
'ਬੁਤ ਕੋ ਪੂਜਤਿ ਹਿੰਦੁ ਅਜਾਨਾ।
ਦਿਖੀਅਤਿ ਦੰਭ ਸਕਲ ਹੀ ਥਾਨਾ।
ਕਜਾ ਬਾਲਕ ਸਮ ਬਾਲਕ ਮਹਾਂ[1]।
ਖੇਲ ਸਕੇਲਤਿ ਜਯੋਂ ਜਹਿੰ ਕਹਾਂ ॥ ੧੬ ॥
ਮੁਝ ਆਏ ਕੋ ਜਾਨਜੋ ਸਭਿ ਹੂੰ।
ਕਾਫਰ ਸੰਖ ਬਜਾਵਤਿ ਅਬਿਹੂੰ।
ਗਮਨਹੁ ਬਹੁਤ ਮਿਹਨਤੀ ਲੇਹੁ।
ਲੇਹ ਦੇਹ ਭੰਗਨਿ ਕਰਿ ਦੇਹੁ' ॥ ੧੭ ॥
ਦੁਸ਼ਟ ਹੁਕਮ ਤੇ ਹ੍ਵੈ ਸਮੁਦਾਇ।
ਗਮਨੇ ਤੁਰਤ ਲੋਹ ਘਨ[1] ਲਜਾਇ।
ਲਗੇ ਬਿਦਾਰਨਿ ਮੰਦਰ ਭਾਰੇ।
ਜੋ ਬੋਲੈ ਗਹਿ ਤਿਸ ਕੌਂ ਮਾਰੇਂ ॥ ੧੮ ॥
ਦਾਦ ਪੁਕਾਰ ਕਰਹਿ ਜੇ ਕੋਊ।
ਗਹਿ ਲੀਜਤਿ ਕੈਦਹਿ ਕਰਿ ਸੋਊ।
ਦੇਖਿ ਦੇਖਿ ਤਬਿ ਚਲੇ ਪਲਾਈ।
ਨਿਜ ਜੀਵਨਿ ਤੇ ਮਨ ਸੰਕਾਈ ॥ ੧੯ ॥
ਲਗੇ ਬਿਦਾਰਨਿ ਮੰਦਿਰ ਸਾਰੇ।
ਕੇਤਿਕ ਨ੍ਰਿਪ ਢਿਗ ਜਾਇ ਪੁਕਾਰੇ।
'ਨੌਰੰਗ ਬਾਦੀ ਆਨਿ ਪਰਯੋ ਹੈ।
ਮਹਾਂ ਉਪੱਦ੍ਰਵ ਨਗਰ ਕਰਯੋ ਹੈ ॥ ੨੦ ॥
ਢਾਹਨਿ ਲਾਗਸਿ ਠਾਕੁਰ ਦ੍ਵਾਰੇ।
ਗਹਿ ਪ੍ਰਤਿਮਾ ਕੇ ਅੰਗ ਬਿਦਾਰੇ।
ਤੁਰਕ ਬਨਾਵਨਿ ਚਾਹਤਿ ਸਾਰੇ।
ਜੋ ਬੋਲਤਿ ਗਹਿ ਕੈਦ ਕਿ ਮਾਰੇ' ॥ ੨੧ ॥
ਸੁਨੀ ਬਾਤ ਜੈ ਸਿੰਘ ਸਵਾਈ।
ਭਾ ਦਿਲਗੀਰ ਬਧੀ ਦੁਚਿਤਾਈ।
ਅਪਰ ਉਪਾਇ ਨ ਕੋਈ ਜਾਨਾ।
ਮਿਲਿਬੇ ਕੋ ਮਤ ਨਿਜ ਠਹਿਰਾਨਾ

[1]ਕੀ ਬਾਲਕਾਂ ਵਾਂਙ ਮਹਾਂ ਅਗਿਆਤ।

[1]ਲੋਹੇ ਦੇ ਵਦਾਣ।

॥੨੨॥
ਸਭਿ ਸਚਿਵਨਿ ਸੋਂ ਮੰਤ੍ਰ ਪਕਾਯੋ।
'ਮਿਲਿਬੇ ਬਿਨਾ ਨ ਕਛੁ ਬਨਿ ਆਯੋ।'
ਨਿਕਸਜੋ ਲੇ ਮਾਨਵ ਪਰਧਾਨ।
ਬਹੁਤ ਉਪਾਇਨ ਲੀਨਸਿ ਪਾਨ ॥੨੩॥
ਮੁਕਤਾ ਹੀਰਨਿ ਕੇ ਸਮੁਦਾਇ।
ਲਈ ਬਹੁਤ ਮੋਹਰੈਂ ਉਚਵਾਇ।
ਦ੍ਵੈ ਮਤੰਗ ਕੰਚਨ ਕੇ ਹੌਦਾ।
ਝਾਲਰ ਦਾਰ ਝੂਲਤੇ ਮੋਦਾ[1] ॥੨੪॥ [1]ਖੁਸ਼ੀ ਨਾਲ।
ਕਰੇ ਤੁਰੰਗ ਇਕਾਦਸ਼ ਤਜਾਰ।
ਜਾਂਬੂਨਦ[1] ਕੇ ਜ਼ੀਨ ਉਦਾਰ। [1]ਸੋਨੇ।
ਚਪਲ ਚਲਾਕ ਚਤਰ ਰੁਚਿ ਚਾਰੂ।
ਚਮਕਤਿ ਚਲਤਿ ਚੌਂਪ ਬਰਿਆਰੂ[1] [1]ਜ਼ੋਰ ਨਾਲ।
॥੨੫॥
ਪਸ਼ਮੰਦਰ ਬਹੁ ਮੋਲੇ ਲਏ।
ਭਯੋ ਤਜਾਰ ਦ੍ਵਾਰੇ ਨਿਕਸਏ।
ਹਾਥ ਜੋਰਿ ਹੁਇ ਦੀਨ ਬਿਸਾਲਾ।
ਨਮੋ ਕਰਤਿ ਦੂਰਹਿਂ ਤੇ ਚਾਲਾ ॥੨੬॥
ਸਨਮੁਖ ਗਯੋ ਸਮੀਪ ਖਰੋਵਾ।
ਬਿਨਤੀ ਠਾਨਿ ਅਧੀਨੈ ਹੋਵਾ।
'ਤੁਮ ਏਤੀ ਕਜੋਂ ਖੇਚਲ ਕਰੀ?
ਕਾਰਜ ਅਲਪ ਹੁਤੋ ਇਸ ਪੁਰੀ ॥੨੭॥
ਆਪ ਜਿ ਲਿਖਿ ਭੇਜਤਿ ਪਰਵਾਨਾ।
ਮੈਂ ਚਾਕਰ ਤੁਮਰੋ ਇਤ ਥਾਨਾ।
ਸਭਿ ਕਾਰਜ ਕਰਿ ਦੇਤਿ ਸੁਖਾਰੇ।
ਦੇਤਿ ਢਹਾਇ ਜਿ ਠਾਕਰ ਦ੍ਵਾਰੇ ॥੨੮॥
ਜਿਸ ਪ੍ਰਕਾਰ ਤੁਮਰੇ ਮਨ ਹੋਈ।
ਸੋ ਮੈਂ ਕਰਤਿ ਨ ਮਿਟਿ ਹੈ ਕੋਈ।'
ਪਿਖਿ ਕਰਿ ਨੌਰੰਗ ਸੁਨਿ ਕਰਿ ਬਾਤ।
ਬੋਲਜੋ ਮੂਢ ਮਹਾਂ ਦੁਖ ਦਾਤ ॥੨੯॥
'ਇਸ ਕਾਰਜ ਮਹਿਂ ਤੁਮਰੋ ਜ਼ਿਕਰ।
ਕਛੂ ਨਹੀਂ ਕੀਜੈ ਤੁਮ ਫਿਕਰ।

ਸਦਨ ਆਪਨੇ ਬੈਠੇ ਰਹਹੁ।
ਬਿਨ ਹਮਰੀ ਮਰਜ਼ੀ ਕਿਮ ਕਹਹੁ ॥੩੦॥
ਜੋ ਜਗ ਮਹਿਂ ਚਲਿ ਰਹੀ ਕੁਚਾਲੀ।
ਮੇਟਹੁਂ ਮੈਂ ਦਿਹੁਂ ਦੰਡ ਬਿਸਾਲੀ।
ਦਰਬ ਲੇਨਿ ਕਹੁ ਦੰਭ ਕਮਾਵੈਂ।
ਤਹਿਂ ਦੋਨਹੁਂ ਲੋਕਨਿ ਦੁਖ ਪਾਵੈਂ ॥੩੧॥
ਧਾਇ ਗਏ ਜਬਿ ਲੈਬੇ ਕਾਰਨ।
ਗੁਰ ਸੁਤ ਗਹਿ ਕਰ ਕੀਨਿ ਉਚਾਰਨ ॥੨੭॥
'ਲਗਹਿ ਬਿਲੰਬ ਤਰੀ ਕਹੁ ਆਵਤਿ।
ਐਂਚਿ ਐਂਚਿ ਕਰਿ ਮਰੂ ਸੁ ਲਜਾਵਤਿ[1]।
ਕਰਹਿਂ ਸੈਲ ਹ੍ਵੈ ਕੈ ਪਦ ਚਾਰੀ[1]।
ਸੂਰਯ ਤਨਿਯਾ[1] ਉਲੰਘਾਹਿਂ ਸਾਰੀ' ॥੨੮॥
ਇਮ ਕਹਿ ਐਂਚੀ ਬਾਂਹੁ ਅਗਾਰੀ।

[1]ਦੀਆਂ) ਛੱਪਰੀਆਂ।

[1]ਪਾਰਲੇ।

[1]ਲਿਆਉਣ ਵਾਲਾ) ਖਿੱਚ ਖਿੱਚ ਕੇ ਲਿਆਉਂਦਾ ਮਰ ਰਹੂ।

[1]ਪੇਦਲ।

[1]ਜਮਨਾ।

ਸ਼ਾਹੁ ਨ ਚਲੈ ਤ੍ਰਾਸ ਉਰ ਭਾਰੀ।
ਪਨਹੀ ਪਾਇਨਿ ਪਹਿਰੇ ਖਰੇ[1]। [1]ਪੈਰੀਂ ਪਹਿਨ ਕੇ ਖੜਾ ਹੈ (ਸ਼ਾਹ)।
ਜਲ ਪਰ ਚਰਨ ਨਹੀਂ ਤਬਿ ਧਰੇ ॥੨੯॥
ਗੁਰ ਸੁਤ ਕਹਜੋ 'ਪਿਛਾਰੀ ਮੋਹਿ।
ਪਨਹੀ[1] ਪਾਇ ਨ ਭੀਜੈ ਤੋਹਿ। [1]ਜੁੱਤੀ।
ਹੋਇ ਨਿਸ਼ੰਕ ਚਲਹੁ ਜਲ ਪਰ ਕੋ।
ਸਨੇ ਸਨੇ ਹੇਰਤਿ ਤਟ ਪਰ ਕੋ ॥੩੦॥
ਜੇਤਿਕ ਰੁਚਿ ਤੇਤਿਕ ਫਿਰਿ ਆਵੈਂ।
ਨਹਿਂ ਸੁਕਚਹੁ ਜਲ ਛੁਵਨਿ ਨ ਪਾਵੈ।'
ਇਮ ਕਹਿ ਧੀਰਜ ਦੇ ਕਰਿ ਭਲੇ।
ਮਹਾਂ ਅਗਾਧ ਨੀਰ ਪਰ ਚਲੇ ॥੩੧॥
ਇਕ ਦੁਇ ਚਰਨ ਨੁਰੰਗ ਉਠਾਏ।
ਜਲ ਪਰ ਚਲਜੋ ਛੁਵਤਿ ਨਹਿਂ ਪਾਏ।
ਅਤਿ ਪ੍ਰਸੰਨ ਹੁਇ ਧਰੀਜ ਲਯੋ।
ਗੁਰ ਸੁਤ ਸੰਗ ਗਮਨ ਤਬਿ ਕਿਯੋ ॥੩੨॥
ਚਲੇ ਜਾਹਿਂ ਜਮਨਾ ਪਰ ਐਸੇ।
ਸ਼ੁਸ਼ਕ ਸਥਲ ਪਰ ਪੰਥੀ ਜੈਸੇ।
ਸੁਨਿ ਕਰਿ ਸੂਬੇ ਗਨ ਉਮਰਾਵ।
ਦੌਰਿ ਦੌਰਿ ਦੇਖਹਿਂ ਚਿਤ ਚਾਵ ॥੩੩॥
ਭਈ ਨਗਰ ਮਹਿਂ ਸੁਧ ਜਿਸ ਕਾਲ।
ਧਾਇ ਧਾਇ ਆਵਹਿਂ ਨਰ ਜਾਲ।
ਸਰਬ ਜਾਤਿ ਕੇ ਨਰ ਗਨ ਸੈਨਾ।
ਸੁਨਿ ਅਚਰਜ ਚਾਹੈਂ ਪਿਖਿ ਨੈਨਾ ॥੩੪॥
ਸੂਰਜ ਸੁਤਾ ਕੂਲ[1] ਤਿਹ ਛਾਵਾ। [1]ਜਮਨਾਂ ਦਾ ਕੰਢਾ।
ਨਿਕਸਜੋ ਨਗਰ ਬਿਸਮਤਾ ਪਾਵਾ।
ਮਹਾਂ ਕੁਲਾਹਲ ਦਿੱਲੀ ਪੁਰਿ ਮੈਂ।
ਹੋਤਿ ਜ਼ਿਕਰ[1] ਸਗਰੇ ਘਰ ਘਰ ਮੈਂ ॥੩੫॥ [1]ਗਲ ਬਾਤ।
ਦੋਨਹੁੰ ਜਲ ਪਰ ਥਲ ਜਿਮ ਜਾਵਤਿ।
ਦੀਖਤਿ ਸਭਿ ਕੋ ਚਰਨ ਉਠਾਵਤਿ।

ਮੰਦ ਮੰਦ ਧੀਰਜ ਸੋਂ ਜਾਹਿਂ।
ਬਿਲਸਤਿ ਬਾਤਨਿ ਆਪਸ ਮਾਂਹਿ
॥੩੬॥
ਅੰਤਹਿ ਪੁਰਿ[1] ਮੈਂ ਜਬਿ ਸੁਧ ਗਈ।
ਖਰੀ ਝਰੋਖਨਿ ਝਾਂਕਤਿ ਭਈ।
ਬਿਸਮੈ ਹੇਰਿ ਹੇਰਿ ਸਭਿ ਕੋਊ।
ਸਭਿਨਿ ਲਗਾਈ ਦ੍ਰਿਗ ਦਿਸ਼ਿ ਦੋਊ
॥੩੭॥
ਨਰ ਨਾਰੀ ਬਾਲਕ ਬ੍ਰਿਧ ਜ੍ਵਾਨ।
ਕਰਹਿਂ ਪਰਸਪਰ ਬਹੁ ਬੱਖਜਾਨ।
'ਜਲ ਪਰ ਜਾਤਿ ਤਨਕ ਨਹਿਂ ਛੁਯੋ।
ਪਨਹੀ ਸ਼ੁਸ਼ਕ ਸੁਗਮ ਮਗ ਲਯੋ' ॥੩੮॥
ਸਤਿਗੁਰ ਸੁਤ ਕੀ ਕੀਰਤਿ ਕਹੈਂ।
'ਇਸ ਕੇ ਸਮ ਦੂਸਰ ਨਹਿਂ ਅਹੈ।
ਜਿਮ ਚਾਹਤਿ ਤਿਮ ਕਰਤਿ ਸੁਖਾਰੇ।
ਪੀਰਨਿ ਪੀਰ ਅਜ਼ਮਤੀ ਭਾਰੇ ॥੩੯॥
ਨਿਤ ਅਦਭੁਤ ਗਤਿ ਕੋ ਦਿਖਰਾਵੈ।
ਕਹੈ ਸ਼ਾਹੁ ਜਿਮ ਤੁਰਤ ਬਨਾਵੈ।'
ਪਾਰ ਕੂਲ ਕਾਲਿੰਦ੍ਰੀ[1] ਗਏ।
ਸਨੇ ਸਨੇ ਪਿਖਿ ਫਿਰਤੇ ਭਏ ॥੪੦॥
ਚਤੁਰ ਘਟੀ ਲਗਿ ਬਿਚਰਨਿ ਕਰੇ।
ਦਿਨ ਲਘੁ ਰਹਜੋ ਘਰਨਿ ਕਹੁ ਮੁਰੇ।
ਮੰਦ ਮੰਦ ਸਭਿ ਉਲੰਘਿ ਪ੍ਰਵਾਹੂ।
ਆਵਤਿ ਭਾ ਹਰਖਤਿ ਉਰ ਸ਼ਾਹੂ ॥੪੧॥
ਲਾਖਹੁੰ ਨਰ ਅਵਿਲੋਕਨਿ ਕਰੇ।
ਰੰਕ ਰਾਉ ਅਚਰਜ ਉਰ ਧਰੇ।
ਪੰਡਿਤ ਮੂੜ੍ਹ ਸਭਿਨਿ ਮਤਿ ਛਲੀ।
ਮਿਲਿ ਮਿਲਿ ਭਨਹਿਂ 'ਮਹਾਂ ਇਹ ਬਲੀ'
॥੪੨॥
ਸ਼ਾਹੁ ਆਇ ਕੈ ਦੁਰਗ ਪ੍ਰਵੇਸ਼ਾ।
ਮਿਲਹਿ ਕਹਤਿ ਅਸਚਰਜ ਵਿਸੇਸ਼ਾ।
ਤਬਿ ਸ਼੍ਰੀ ਰਾਮਰਾਇ ਨਿਜ ਡੇਰੇ।

[1]ਮਹਿਲਾਂ ਵਿਚ।

[1]ਜਮਨਾਂ ਦੇ।

ਆਏ, ਬੰਦਹਿਂ ਲੋਕ ਘਨੇਰੇ ॥੪੩॥
'ਧੰਨ ਧੰਨ' ਸਭਿ ਕਹਿਂ ਇਕ ਬਾਰੀ।
ਸਿਖ ਸੰਗਤਿ ਹੋਵਤਿ ਬਲਿਹਾਰੀ।
ਲੋਕ ਹਜ਼ਾਰਹੁਂ ਰਹੈਂ ਸੁ ਪਾਸ।
ਦੇਗ਼ ਚਲਹਿ ਨਿਸ ਬਾਸੁਰ ਰਾਸ ॥੪੪॥
ਆਮਦ ਖਰਚ ਬਿਸਾਲ ਭਯੋ ਹੈ।
ਬਢ੍ਯੋ ਪ੍ਰਤਾਪ ਮਹਾਨ ਥਿਯੋ ਹੈ।
ਸਿਖ ਸੰਗਤਿ ਕਿਛੁ ਗਿਨਤੀ ਨਾਂਹਿ।
ਕਵਿ ਸੰਤਖੋ ਸਿੰਘ, ਆਵਤਿ ਪਾਹਿ
॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਚਤਰ ਚਤਵਾਰਿੰਸਤੀ ਅੰਸੂ ॥੪੪॥

## ੪੫. [ਗੜੇ ਬੰਦ ਕੀਤੇ। ਮਸਤ ਹਾਥੀ ਤੇ ਚੜੇ]

੪੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੬

ਦੋਹਰਾ:
ਇਕ ਦਿਨ ਬੈਠੇ ਸਭਾ ਮਹਿਂ, ਨੰਦਨ ਸ਼੍ਰੀ ਹਰਿਰਾਇ।
ਬਡੀ ਗਰਜ ਕੈ ਘਨ ਘਟਾ, ਆਇ ਗੈਨ ਉਮਡਾਇ ॥੧॥
ਚੌਪਈ:
ਬਹਜੋ ਬੇਗ ਬਹੁ ਬਾਯੂ ਸੰਗ।
ਕੜਕਹਿ ਤੜਿਤਾ ਦਮਕ ਉਤੰਗ।
ਬਰਖਾ ਕਰਕਾ ਕੀ ਬਡਿ ਆਈ[1]। [1]ਗੜਿਆਂ ਦੀ ਬਰਖਾ ਬਹੁਤੀ ਆ ਗਈ।
ਪਰਨਿ ਲਗੇ ਛਿਤ ਸ਼ਬਦ ਉਠਾਈ ॥੨॥
ਅਧਿਕ ਤੋਲ ਮਹਿਂ ਗਿਰੈਂ ਬਡੇਰੇ।
ਛਾਦੀ[1] ਛਿਤ, ਭਈ ਸੇਤ ਘਨੇਰੇ। [1]ਢਕੀ ਗਈ।
ਘਟਾ ਏਕ ਸਮ ਚਹੁਂਦਿਸ਼ਿ ਮਾਂਹੀ।
ਪਰਹਿਂ ਜਹਾਂ ਕਹਿਂ ਮਿਟਹਿਂ ਸੁ ਨਾਂਹੀ ॥੩॥
ਪਿਖਿ ਨੌਰੰਗ ਨੇ ਬਾਕ ਬਖਾਨਾ।
'ਸੁਨਹੁ ਗੁਰੂ ਸਤ ! ਸਗਰੇ ਥਾਨਾ।
ਓਰੇ ਪਰੇ ਦੀਨ ਦੁਖ ਪਾਵੈਂ।
ਵਹਿਰ ਖੇਤ ਸਭਿ ਕੋ ਬਿਨਸਾਵੈਂ ॥੪॥
ਉਪਬਨ ਮਹਿਂ ਫਲ ਫੂਲ ਬਿਨਾਸਹਿਂ।
ਸਭਿ ਤਰੁਵਰ ਕੀ ਸ਼ੋਭਾ ਗ੍ਰਾਸਹਿਂ।
ਵਹਿਰ ਪਸੂ ਗੋ ਆਦਿ ਘਨੇਰੇ।
ਤਿਨ ਪਰ ਲਗੇ ਪ੍ਰਹਾਰ[1] ਬਡੇਰੇ ॥੫॥ [1]ਸੱਟਾਂ।
ਹਿੰਦੂ ਧਰਮ ਤੁਮਾਰੇ ਸੋਇ।
ਬਚਨ ਕਰਹੁ ਰੱਛਾ ਤਿਨ ਹੋਇ।
ਨਾਂਹਿ ਤ ਮਰਿ ਜਾਵਹਿਂਗੇ ਘਨੇ।
ਅਸ ਓਰੇ ਨਹਿਂ ਦੇਖੇ ਸੁਨੈ ॥੬॥
ਵਹਿਰ ਪਸੂ ਕਜਾ ਖੇਤ ਬਿਸਾਲੇ।
ਸਭਿ ਕੀ ਹਾਨਿ ਹੋਇ ਇਨ ਨਾਲੇ।
ਕਰਹੁ ਬਾਕ ਸਭਿ ਕੇਰ ਭਲੇਰਾ।'

ਸੁਨਿ ਸ਼੍ਰੀ ਰਾਮਰਾਇ ਤਿਸ ਬੇਰਾ ॥੭॥
ਕਹ੍ਯੋ 'ਜਿ ਇਮ ਹੈ ਤੁਮਰੇ ਮਨ ਮੈਂ।
ਓਰੇ ਪਰਨਿ ਮਿਟਹਿਂ ਇਸ ਛਿਨ ਮੈਂ।'
ਜਬਿ ਅਧਰਨ ਤੇ ਬਾਕ ਨਿਕਾਸਾ।
ਗਗਨ ਬਿਖੈ ਘਨ ਬ੍ਰਿੰਦ ਬਿਨਾਸਾ ॥੮॥
ਕੈ ਤੋ ਹੁਤੋ ਤਿਮਰ ਸਭਿ ਦਿਸ਼ ਮੈਂ।
ਭਯੋ ਪ੍ਰਕਾਸ਼ ਬਾਰ ਇਕ ਤਿਸ ਮੈਂ।
ਨਹਿਂ ਘਨ ਬਾਯੁ ਨ ਬਰਖਾ ਕਹਾਂ।
ਬਿਮਲ ਅਕਾਸ਼ ਭਯੋ ਜਹਿਂ ਕਹਾਂ ॥੯॥
ਦੇਖਤਿ ਮਾਨ੍ਯੋ ਸਭਿਨਿ ਅਚੰਭ।
ਓਰੇ ਕਹਾਂ ਨ ਬਰਖ੍ਯੋ ਅੰਭ[1]। [1]ਪਾਣੀ।
ਪਸਰ੍ਯੋ ਸੁਜਸੁ ਗੁਰੂ ਸੁਤ ਕੇਰਾ।
ਘਰ ਘਰ ਬੀਚ ਬ੍ਰਿਤੰਤ ਬਡੇਰਾ ॥੧੦॥
ਜਹਾਂ ਕਹਾਂ ਕੀਰਤਿ ਕੋ ਕਰਿ ਹੀਂ।
ਅਚਰਜ ਨਵੇਂ ਹਮੇਸ਼ ਨਿਹਰਿਹੀਂ।
ਏਕ ਮਸਤ ਹਾਥੀ ਰਹਿ ਖਰ੍ਯੋ।
ਸੰਗਲ ਰਹੈਂ ਪਰੇ ਦ੍ਰਿਢ ਕਰ੍ਯੋ ॥੧੧॥
ਬਹੁ ਭਾਲੇ ਅਰੁ ਅੰਕੁਸ ਲੈ ਕੈ।
ਨਰ ਸਮੀਪ ਹੋਵਹਿਂ ਦਿਢ ਕੈ ਕੈ।
ਨਾਂਹਿ ਤ ਗਹਿ ਨਿਜ ਸੁੰਡਾ ਸੰਗ।
ਚੀਰ ਦੇਤਿ ਕਰਿ ਆਧੋ ਅੰਗ ॥੧੨॥
ਮਹਾਂ ਬਲੀ, ਦੈ ਹੈਂ ਬਹ ਖਾਨਾ।
ਖਰ੍ਯੋ ਰਹੈ ਸੋ ਏਕ ਸਥਾਨਾ।
ਜਲ ਬਾਸਨ ਤਿਸ ਨਿਕਟਿ ਰਖਾਵੈਂ।
ਦੇਤਿ ਦੂਰ ਤੇ ਤ੍ਰਸਤਿ ਪਿਲਾਵੈਂ ॥੧੩॥
ਦੁਸ਼ਟਨਿ ਨੌਰੰਗ ਕੌ ਸਿਖਲਾਯੋ।
'ਇਸ ਪਰ ਗੁਰ ਸੁਤ ਦੇਹੁ ਚਢਾਯੋ।
ਜਬਿ ਅਰੂਢਿ ਮਗ ਕਰੈ ਪਯਾਨਾ।
ਹਟਹਿ ਮਹਾਵਤਿ ਤਬਿ ਤਿਸ ਥਾਨਾ'
॥੧੪॥
ਸੁਨਤਿ ਸ਼ਾਹੁ ਕੇ ਮਨ ਮੈਂ ਭਾਈ।
ਬਹੁ ਸ਼ਰਾਬ ਮੰਗਵਾਇ ਪਿਵਾਈ।

ਬ੍ਰਿੰਦ ਮਹਾਵਤ ਹੁਇ ਚਹੁੰ ਕੋਦਾ।
ਊਪਰ ਕਸ੍ਯੋ ਸੁਨਹਿਰੀ ਹੌਦਾ ॥੧੫॥
ਜ਼ਰੀ ਦੋਜ਼ ਕੋ ਪਾਯਹੁ ਝੂਲੰ[1]।
ਭਯੋ ਮਸਤ ਹਾਥੀ ਰਹਿ ਝੂਲੰ।
ਤੋਮਰ ਭਾਲੇ ਅੰਕਸ ਘਨੇ।
ਦੁਰਗ ਦਿਸ਼ਾ ਲੇ ਗਮਨਤਿ ਹਨੇ ॥੧੬॥
ਗੁਰ ਸੁਤ ਬੀਚ ਕਚਹਿਰੀ ਅਹੈ।
ਸਭਿ ਦਿਸ਼ਿ ਦੇਖਿ ਸ਼ਾਹੁ ਤਬਿ ਕਹੈ।
'ਚਲਹੁ ਵਹਿਰ ਉਪਬਨ ਹੁਇ ਆਵਹਿਂ।
ਬਿਗਸੇ ਫੂਲ ਸੁ ਛਬਿ ਦਿਖਰਾਵਹਿਂ' ॥੧੭॥
ਇਮ ਕਹਿ ਉਠ੍ਯੋ ਚਢ੍ਯੋ ਅਸਵਾਰੀ।
ਸਤਿਗੁਰ ਸੁਤ ਸੋਂ ਗਿਰਾ ਉਚਾਰੀ
'ਇਸ ਮਤੰਗ ਪਰ ਹੁਇ ਅਸਵਾਰੋ।
ਗਮਨਹੁ ਸੰਗ ਉਤੰਗ ਉਦਾਰੋ ॥੧੮॥
ਤਜਹੁ ਆਜ ਸਿਵਕਾ ਅਸਵਾਰੀ।
ਸ਼ੀਘ੍ਰ ਚਲਹਿਂਗੇ ਬਿਲਮ ਬਿਸਾਰੀ।
ਜਾਨੋ ਦੂਰ ਦਿਵਸ ਰਹਿ ਥੋਰਾ।
ਆਵਹਿਂ ਸੰਧ੍ਯਾ ਲਗਿ ਘਰ ਓਰਾ' ॥੧੯॥
ਸੁਨਿ ਸ਼੍ਰੀ ਰਾਮਰਾਇ ਸਭਿ ਜਾਨੀ।
-ਅਜਹੁਂ ਪਤਾ ਚਹਿ ਮੂਰਖ ਮਾਨੀ-।
'ਵਾਹਿਗੁਰੂ' ਮੁਖ ਤੇ ਕਹਿ ਕਰਿ ਕੈ।
ਬੈਠ੍ਯੋ ਮਸਤ ਕਰੀ ਪਰ ਚਰਿ ਕੈ ॥੨੦॥
ਗਮਨੇ ਪੰਥ ਸ਼ੀਘ੍ਰਤਾ ਸਾਥ।
ਨਿਜ ਵਾਹਨ ਕਹੁ ਦਿੱਲੀਨਾਥ।
ਬਹੁਤ ਬੇਗ ਤੇ ਚਲੇ ਪਲਾਇ।
ਹਟੇ ਮਹਾਵਤ ਜੇ ਸਮੁਦਾਇ ॥੨੧॥
ਹਾਥੀ ਮਸਤ ਸੁੰਡ ਕਹੁ ਫੇਰਤਿ।
ਰਕਤ ਨੇਤ੍ਰ ਤੇ ਇਤ ਉਤ ਹੇਰਤਿ।
ਫੁੰਕਾਰਤਿ ਕਿਲਕਾਰਤਿ ਘਨੋ।
ਭਏ ਕ੍ਰੋਧ ਤੇ ਘਾਵਤਿ ਮਨੋ ॥੨੨॥

[1]ਝੁੱਲ।

ਸ਼ਾਹੁ ਸਮਾਜ ਸੰਗ ਹੀ ਦੌਰਾ।
ਤ੍ਰਾਸਤਿ ਭਾਜਹਿਂ, ਹੁਇ ਜਿਸ ਓਰਾ।
ਗੁਰ ਸੁਤ ਹੌਦੇ ਪਰ ਚਢਿ ਰਹਜੋ।
ਹਾਥ ਛਰੀ ਸੋਂ ਪ੍ਰੇਰਤਿ ਰਹਜੋ ॥੨੩॥
ਜਿਸ ਦਿਸ਼ਿ ਕੋ ਚਿਤਿ ਚਹਤਿ ਚਲਾਯੋ।
ਹਾਥ ਛਰੀ[1] ਸੋਂ ਤਿਤਹਿ[2] ਧਵਾਯੋ।
ਜਿਹ ਸਮੀਪ ਭਾਜਤਿ ਹੁਇ ਜਾਇ।
ਦਿਖਤਿ ਪਲਾਵਤਿ, ਜਨੁ ਇਹੁ ਖਾਇ ॥੨੪॥
ਬੇਖ ਭਯਾਨਕ ਹਾਥੀ ਕੇਰ।
ਜਾਹਿਂ ਪਲਾਵਤਿ ਕਰਤਿ ਨ ਨੇਰ।
ਹੇਰਿ ਹੇਰਿ ਭਾਜਤਿ ਹੈਂ ਜਯੋਂ ਜਯੋਂ।
ਹਸ ਹਸ ਪਰੈ ਸ਼ਾਹੁ ਬਹੁ ਤਯੋਂ ਤਯੋਂ ॥੨੫॥
ਕੋਇਕ ਠਾਢੇ ਪਿਖਹਿਂ ਤਮਾਸ਼ਾ।
ਕੇਤਿਕ ਉਰ ਧਰਕਤਿ ਕਰਿ ਤ੍ਰਾਸਾ।
'ਮਾਰਜੋ ਹੁਤੋ ਮੋਹਿ ਕਰਿ ਐਸੇ[1]।
ਸ਼ੀਘਰ ਲਾਇ ਬਚਜੋ ਮੈਂ ਕੈਸੇ[1]' ॥੨੬॥
ਬਹੁ ਚਿੰਘਾਰਤਿ ਸ਼ਬਦ ਉਠਾਵੈ।
ਕਰੇ ਕੁੰਡਲੀ ਸੁੰਡ ਭ੍ਰਮਾਵੈ।
ਲਾਂਗੁਲ ਗਾਢੀ ਅਧਿਕ ਚਲਾਇ।
ਦੰਤ ਗਡਾਵਤਿ[1] ਇਤ ਉਤ ਜਾਇ ॥੨੭॥
ਗੁਰ ਸੁਤ ਹਤਹਿ ਛਰੀ ਮਗ ਪ੍ਰੇਰਤਿ।
ਸ਼ਾਹੁ ਸਹਿਤ ਚਹੁ ਦਿਸ਼ਿ ਸਭਿ ਹੇਰਤਿ।
ਕੋਸ ਕੁ ਲੌ ਚਲਿ ਕੈ ਪੁਨ ਆਏ।
ਗਮਨਹਿ ਗਜ ਮਗ, ਜਿਮ ਗਮਨਾਏ[1] ॥੨੮॥
ਬਿਨਾਂ ਮਹਾਵਤ ਚਹਤਿ ਚਲਾਵਤਿ।
ਗੁਰ ਸੁਤ ਕੇ ਅਨੁਸਾਰੀ ਧਾਵਤਿ।
ਦੇਖਿ ਦੇਖਿ ਕਰਿ ਤ੍ਰਾਸ ਉਪਾਵੈਂ।

[1]ਹੱਥ ਦੀ ਛੜੀ ਨਾਲ। [2]ਉਸੇ ਪਾਸੇ।

[1]ਲੋਗ ਇਸ ਤਰ੍ਹਾਂ ਕਹਿੰਦੇ ਹਨ) ਮੈਨੂੰ ਤਾਂ ਹਾਥੀ ਨੇ ਇਸ ਤਰ੍ਹਾਂ ਮਾਰ ਹੀ ਦਿਤਾ ਸੀ।
[1]ਮੈਂ ਕਿਸੇ ਤਰ੍ਹਾਂ ਛੇਤੀ (ਜਤਨ) ਲਾ ਕੇ ਬਚ ਗਿਆ ਹਾਂ।

[1]ਕੱਢ ਕੇ। (ਅ) ਗਡਦਾ ਹੋਇਆ।

[1]ਜਿਵੇਂ ਚਲਾਵਣ (ਰਾਮਰਾਇ ਜੀ)।

ਨਰਿ ਕਿਸ ਹੁੰ ਪਰ ਚੋਟ ਚਲਾਵੈ ॥੨੯॥
ਸੰਧਜਾ ਲੌ ਫਿਰਿ ਕੈ ਮੁਰਿ ਆਯੋ।
ਦ੍ਵਾਰ ਦੁਰਗ ਕੇ ਗਜ ਬੈਠਾਯੋ।
ਸਨੈ ਸਨੈ ਉਤਰੇ ਗੁਰ ਨੰਦ।
ਪੁਨ ਤਜਿ ਦੀਨਿ ਮਤੰਗ ਬਿਲੰਦ ॥੩੦॥
ਤਬਹਿ ਮਹਾਵਤ ਹ੍ਵੈ ਸਮੁਦਾਈ।
ਗਹਿ ਤੋਮਰ ਘੇਰਯੋ ਬਰਿਆਈ।
ਸਨੇ ਸਨੇ ਨਿਜ ਥਲ ਲੇ ਆਏ।
ਖਰੇ ਦੂਰ ਨਹਿਂ ਨਿਕਟਿ ਸਿਦਾਏ ॥੩੧॥
ਅਮਲ ਸ਼ਰਾਬ ਰਹਯੋ ਗਜ ਜਾਵਦ।
ਨਹੀਂ ਸਮੀਪ ਗਏ ਨਰ ਤਾਵਦ।
ਦਾਵ ਬਚਾਇ ਸ਼੍ਰਿੰਖਲਾ[1] ਪਾਈ।
ਬਾਂਧਯੋ ਦ੍ਰਿਢ ਆਗਾ ਪਿਛਵਾਈ ॥੩੨॥
ਗੁਰ ਸੁਤ ਕੋ ਸਭਿ ਲੋਕ ਸਰਾਹੈਂ।
ਸੁਨਿ ਸੁਨਿ ਜਸੁ ਕੋ ਪਿਖਨਿ ਉਮਾਹੈਂ।
ਰੰਕ ਰਾਵ ਸਭਿ ਆਵਤਿ ਡੇਰੇ।
ਬੰਦਹਿਂ ਅਰਪਹਿਂ ਦਰਬ ਘਨੇਰੇ ॥੩੩॥
ਕੇਤਿਕ ਸਿੱਖ ਹੋਹਿਂ ਧਰਿ ਭਾਉ।
ਕਰਹਿ ਬਿਲੋਕਨ ਬਿਦਤਿ ਪ੍ਰਭਾਉ।
ਦਰਸ਼ਨ ਹੇਤੁ ਭੀਰ ਨਿਤ ਰਹੈ।
'ਧੰਨ ਧੰਨ' ਦੇਖਤਿ ਹੀ ਕਹੈਂ ॥੩੪॥
ਕੇਤਿਕ ਚਾਕਰ ਹੁਇ ਰਹਿਂ ਸੰਗ।
ਕਰੇ ਖਰੀਦਨਿ ਬ੍ਰਿੰਦ ਤੁਰੰਗ।
ਗਹੇ ਸ਼ਸਤ੍ਰ ਦਲ ਬਹੁਤ ਬਨਾਯੋ[1]।
ਸਕਲ ਸਮਾਜ ਸਕੇਲਿ ਬ੍ਰਿਧਾਯੋ ॥੩੫॥
ਆਮਦ ਬਡੀ ਹੋਇ ਨਿਜ ਪਾਸ।
ਪੁੰਜ ਮਸੰਦ ਕਰਹਿਂ ਅਰਦਾਸ।
ਕਾਰ ਦਾਰ ਹੁਇ ਕਿਤਿਕ ਬਿਸਾਲ।
ਬਧੇ ਮੇਵੜੇ ਢਿਗ ਰਹਿਂ ਜਾਲ ॥੩੬॥
ਸਰਬ ਨਿਕਟਿ ਧਨ ਕੀ ਅਧਿਕਾਈ।
ਬਹੁ ਦੇਸ਼ਨਿ ਤੇ ਸੰਗਤਿ ਆਈ।
ਕਬਿ ਕਬਿ ਸਭਿ ਕੇ ਬੈਠਹਿਂ ਬੀਚ।

[1]ਸੰਗਲ।

[1]ਸ਼ਸਤ੍ਰ ਲੀਤੇ ਤੇ ਦਲ ਬਹੁਤ ਬਣਾਇਆ। (ਅ) ਸ਼ਸਤ੍ਰਧਾਰੀ ਦਲ।

ਦਰਸ਼ਨ ਕਰਹਿਂ ਊਚ ਅਰੁ ਨੀਚ ॥੩੭॥
ਰੰਕ ਰਾਉ ਚਲਿ ਆਇ ਜਿ ਕੋਈ।
ਅਚਹਿ ਦੇਗ ਤੇ ਭੋਜਨ ਸੋਈ।
ਗਿਨਤੀ ਰਹੀ ਨਹੀਂ ਕਿਸ ਭਾਂਤੀ।
ਕਵਿ ਸੰਤੋਖ ਸਿੰਘ ਬਡ ਬੱਖਜਾਤੀ
॥੩੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਪੰਚ ਚਤਵਾਰਿੰਸਤੀ ਅੰਸੂ ॥੪੫॥

## ੪੬. [ਨਿੰਦਕ ਦੀ ਜ਼ਬਾਨ ਬੰਦ। ਦਿਨੇ ਤਾਰੇ। ਬਾਜ਼ੀ ਜਿੱਤੀ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਇਕ ਦਿਨ ਆਏ ਸਭਾ ਮੈਂ, ਨੰਦਨ ਸ਼੍ਰੀ ਹਰਿਰਾਇ।
ਸਨਮਾਨਤਿ ਨੌਰੰਗ ਤੇ, ਬੈਠੇ ਮੋਦ ਉਪਾਇ ॥੧॥

ਚੌਪਈ:

ਜੇ ਗਾਵੇ ਬਿਚ ਸ਼ਰ੍ਹਾ ਹਠੀਲੇ।
ਕਰਤਾ ਬਾਦ ਬਿਸਾਲ ਕੁਸ਼ੀਲੇ[1]।
ਅਨਿਕ ਮਾਇਨੇ ਬਕਹਿਂ ਕੁਰਾਨੇ।
ਦੀਨ ਬਿਖੈ ਕਹਿਲਾਵਹਿਂ ਸਜਾਨੇ ॥੨॥

[1]ਬੜੇ ਖੋਟੇ ਸੁਭਾਵ ਵਾਲੇ ਝਗੜਾ ਕਰਨ ਵਾਲੇ ਸਨ।

ਅਧਿਕ ਸਮਾਜ ਤਿਨਹੁਂ ਕਹੁ ਹੋਵਾ।
ਜਿਨਹੁਂ ਸਿਖਾਇ ਸ਼ਾਹੁ ਕੋ ਖੋਵਾ[1]।
ਸ਼ੁਭ ਕਰਤੂਤ ਕਰਨਿ ਮਹਿਂ ਹੌਰੇ।
ਝਗਰਨਿ ਬਿਖੇ ਸੇਮੁਖੀ ਗੌਰੇ[1] ॥੩॥

[1]ਗੁਆ ਦਿਤਾ।

[1]ਭਾਰੇ ਬੁਧੀਮਾਨ।

ਮਹਾਂ ਮੰਦ ਮਤਿ, ਮੂਰਖ, ਮਾਨੀ।
ਸ਼ਾਹੁ ਰਿਝਾਵਹਿਂ ਧਨ ਹਿਤ ਦਾਨੀ[1]।
ਸਭਾ ਮਝਾਰ ਪ੍ਰਸੰਗ ਚਲਾਏ।
ਬਹੁਰ ਗੁਰੂ ਕਹੁ ਨਾਮ ਅਲਾਏ[1] ॥੪॥

[1]ਸ਼ਾਹ) ਧਨ ਦੇਵੇ ਇਸ ਵਾਸਤੇ।

[1]ਮੁਰਾਦ ਨਿੰਦਾ ਕਰਨ ਤੋਂ ਹੈ।

'ਸ਼੍ਰੀ ਨਾਨਕ ਬਡ ਭਏ ਤੁਮਾਰੇ।
ਭੇਖ ਫਕੀਰੀ ਫਿਰੇ ਬਿਚਾਰੇ।
ਨਯੋ ਆਪ ਮਾਰਗ ਉਪਰਾਜਾ[1]।
ਨਹਿਂ ਹਿੰਦੂ ਨਹਿਂ ਤੁਰਕ ਸਮਾਜਾ ॥੫॥

[1]ਸਾਜਿਆ।

ਪੈਕੰਬਰ ਬਡ ਭਏ ਹਮਾਰੇ।
ਜਿਨ ਕੇ ਸਮਸਰ ਜਗਤ ਨ ਸਾਰੇ।
ਮਿਲਿਨਿ ਖੁਦਾਇ ਰਾਹੁ ਸ਼ੁਭ ਕਹਜੋ।
ਚਲੇ ਕਹੇ ਮਹਿਂ[1] ਤਿਨਹੂੰ ਲਹਜੋ[2] ॥੬॥

[1]ਜੇ (ਪੈਕੰਬਰ) ਦੇ ਕਹੇ ਵਿਚ ਤੁਰਨ। [2]ਤਿਨ੍ਹਾਂ (ਖੁਦਾ ਦਾ ਰਾਹ) ਜਾਣਿਆਂ।

ਜਿਸ ਸੋਂ ਮਿਲਿ ਮਨ ਹੋਇ ਬਿਕਾਰੀ।
ਸੋ ਸ਼੍ਰੀ ਨਾਨਕ ਰੀਤਿ ਬਿਥਾਰੀ।
ਗਾਵਹਿਂ ਰਾਗ ਬਜਾਵਹਿਂ ਤਾਲ।
ਜਿਸ ਤੇ ਜਾਗਹਿ ਬਿਸ਼ੈ ਬਿਸਾਲ ॥੭॥

ਬਹੁਰ ਕਹੈਂ -ਹਮ ਭਿਸਤ ਸਿਧਾਇਂ-।
ਬਕੈਂ ਕੁਫਰ ਕੁਛ ਲਖਯੋ ਨ ਜਾਇ।
ਸਭਿ ਹਿੰਦੁਨਿ ਕੈ ਰੀਤਿ ਨ ਨੀਕੀ।
ਪੂਜਹਿਂ ਬੁਤਨਿ ਭਾਵਨਾ ਜੀ ਕੀ ॥੮॥
ਦੋਜ਼ਕ ਪਰਹਿਂ ਰਾਹ ਅਸ ਗਹਯੋ।
ਨਹਿਂ ਕਿਨਹੂੰ ਖ਼ੁਦਾਇ ਮਗ ਲਹਯੋ।'
ਸੁਨਿ ਸ਼੍ਰੀ ਸਤਿਗੁਰ ਸੁਤ ਨੇ ਕਹਯੋ।
'ਸ਼੍ਰੀ ਨਾਨਕ ਕਿਨ ਤੇਜ ਨ ਸਹਯੋ ॥੯॥
ਬਾਦ[1] ਬਿਖੈ ਅਰੁ ਅਜ਼ਮਤ ਮਾਂਹਿ।
ਸਮਸਰ ਤਾਂ ਕੀ ਕੀਨਸਿ ਨਾਂਹਿ।
ਗੋਰਖ ਆਦਿ, ਪੀਰ ਮੁਲਤਾਨ।
ਮੱਕੇ ਬਹੁਰ ਮਦੀਨੇ ਥਾਨ ॥੧੦॥
ਕੌਨ ਕੌਨ ਕੋ ਗਿਨਿਬੋ ਕਰੀਅਹਿ।
ਪੰਡਿਤ ਅਜ਼ਮਤ ਜੁਤਿ ਉਰ ਧਰੀਅਹਿ।
ਸਭਿ ਕੋ ਬਿਜੈ ਕੀਨਿ ਫਿਰ ਐਸੇ।
ਸੂਰਜ ਹਤਹਿ ਤਿਮਰ ਕਹੁ ਜੈਸੇ ॥੧੧॥
ਅਬਿ ਤਿਨ ਕੇ ਸਿਖ ਸੁਮਤਿ ਬਿਸਾਲੇ।
ਚਹੈਂ ਸੁ ਕਰਹਿਂ ਅਰਹਿ ਕੋ ਨਾਲੇ।
ਜਗ ਮਹਿਂ ਤਿਨ ਕੀ ਛੁਪੀ ਨ ਬਾਤੀ।
ਰੰਕ ਰਾਉ ਸਭਿ ਕੇ ਬੱਖਜਾਤੀ ॥੧੨॥
ਜਿਮ ਸੂਰਜ ਕੋ ਪਾਇ ਪ੍ਰਕਾਸ਼।
ਪਿਖਹਿ ਬਿਲੋਚਨ ਲਹਿ ਸੁਖਰਾਸ।
ਤੁਮ ਸਮ ਪੇਚਕ ਕਜਾ ਕੁਛ ਜਾਨੇ।
ਅੰਧ ਹੋਹਿਂ ਬੈਠਤਿ ਇਕ ਥਾਨੇ ॥੧੩॥
ਜਿਸ ਸੂਰਜ ਕੋ ਸਰਬ ਸਰਾਹੈਂ।
ਤਮਚਰ ਕਿਮ ਸੁਖ ਲਹਿ ਤਿਸ ਪਾਹੈਂ।
ਤਸਕਰ ਗਾਢੋ ਚਹੈ ਅੰਧੇਰਾ।
ਤਿਸ ਪ੍ਰਕਾਰ ਕੋ ਮਤ ਹੈ ਤੇਰਾ' ॥੧੪॥
ਸੁਨਿ ਉਲਮਾਉ ਗਯੋ ਜਰ ਬਰਿ ਕੈ।
ਲਘੁਤਾ ਸਹਿ ਨ ਸਕੈ ਰਿਸ ਧਰਿ ਕੈ।
ਬਾਕ ਚਾਲ ਬਡ ਸਭਾ ਮਝਾਰੇ।
ਤਬਿ ਸ਼੍ਰੀ ਨਾਨਕ ਨਿੰਦ ਉਚਾਰੇ ॥੧੫॥

[1]ਚਰਚਾ।

ਸਹਿ ਨ ਸਕ੍ਯੋ ਗੁਰ ਨੰਦਨ ਜਬੈ।
ਕ੍ਰੋਧ ਹੋਇ ਤਿਹ ਸੋਂ ਕਹਿ ਤਬੈ।
'ਪੁਰਸ਼ੋਤਮ ਸ਼੍ਰੀ ਨਾਨਕ ਗੁਰ ਹੈਂ।
ਤਿਨ ਕੋ ਸੁਜਸੁ ਸਹ੍ਯੋ ਨਹਿਂ ਉਰ ਹੈ ॥੧੬॥
ਜਿਸ ਰਸਨਾ ਸਜੋਂ ਨਿੰਦ ਬਖਾਨੀ।
ਸੋ ਅਬਿ ਬੋਲਿ ਸਕੈ ਨਹਿਂ ਬਾਨੀ।
ਇਹੀ ਦੰਡ ਤੁਝ ਕੋ ਅਬਿ ਅਹੈ।
ਅਪਰ ਜਿ ਕਰੈ ਸੁਕਲ ਦੁਖ ਲਹੈ' ॥੧੭॥
ਇਮ ਸ਼੍ਰੀ ਰਾਮਰਾਇ ਜਬਿ ਕਹ੍ਯੋ।
ਭਯੋ ਗੁੰਗ ਬਹੁ ਬੋਲਨਿ ਚਹ੍ਯੋ।
ਮੁਖ ਰਸਨਾ ਅਰੁ ਹੋਠ ਹਿਲਾਵੈ।
ਵਹਿਰ ਸ਼ਬਦ ਚਹਿ, ਨਿਕਸ ਨ ਪਾਵੈ ॥੧੮॥
ਮੂਰਖ ਜਿਮ ਬੋਲ੍ਯੋ ਬੁਰਿਆਈ।
ਭਯੋ ਦੰਡ ਤਿਮ ਬਹੁ ਦੁਖ ਪਾਈ।
ਅਨਿਕ ਉਪਾਵਨ ਤੇ ਨਹਿਂ ਬੋਲਾ।
ਜਬਿ ਲਗਿ ਜੀਵ੍ਯੋ, ਰਹ੍ਯੋ ਅਬੋਲਾ[1] ॥੧੯॥ [1]ਗੁੰਗਾ।
ਲੋਕ ਸਭਾ ਕੇ ਸਭਿ ਬਿਸਮਾਏ।
ਤਊ ਏਕ ਨੈ ਬਾਕ ਅਲਾਏ।
'ਉਡਗਨ ਅਬਿ ਅਕਾਸ਼ ਮੈਂ ਨਾਂਹੀ।
ਕਹਾਂ ਗਏ ਆਵੈਂ ਪੁਨ ਕਾਹੀ[1]?' ॥੨੦॥ [1]ਕਿਥੋਂ।
ਸੁਨਿ ਤਿਸ ਤੇ ਗੁਰ ਨੰਦ ਉਚਾਰੇ।
'ਸਭਿ ਅਕਾਸ਼ ਮੈਂ ਅਬਿ ਹੈਂ ਤਾਰੇ।
ਸੂਰਜ ਦਿਪਤ੍ਯੋ ਤੇਜ ਬਿਸਾਲਾ।
ਨਹਿਂ ਦੀਖਤਿ ਉਡਗਨ ਇਸ ਕਾਲਾ ॥੨੧॥
ਮਾਰਤੰਡ ਪਸ਼ਚਮ ਅਸਤਾਵੈ।
ਤਬਿ ਤਾਰਨਿ ਕੋ ਤੇਜ ਦਿਸਾਵੈ।'
ਸੁਨਿ ਕੈ ਪੁਨ ਉਲਮਾਊ ਬਖਾਨੀ।
'ਸ਼੍ਰੀ ਨਾਨਕ ਇਮ ਉਚਰੀ ਬਾਨੀ ॥੨੨॥

ਸ਼੍ਰੀ ਮੁਖਵਾਕ:
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

ਚੌਪਈ:
ਸੂਰਜ ਤੇ ਗੁਰ ਤੇਜ ਬਿਸਾਲਾ।
ਇਨ ਤੁਕ ਮਹਿਂ ਅਸ ਅਰਥ ਸੁਖਾਲਾ।
ਤਿਸ ਪਰ ਪ੍ਰਸ਼ਨ ਮੋਹਿ ਇਮ ਪਾਵਹੁ।
ਤੁਮ ਗੁਰ ਰੂਪ ਜਗਤ ਕਹਿਲਾਵਹੁ ॥੨੩॥
ਚਹੀਅਤਿ ਹੈ ਬਡ ਤੇਜ ਤੁਮਾਰੋ।
ਹੋਇ ਨ ਬਹੁ ਸੂਰਜ ਉਜੀਆਰੋ।
ਯਾਂ ਤੇ ਤਿਸ ਕੋ ਤੇਜ ਦਬਾਇ।
ਦਿਨ ਮਹਿਂ ਉਡਗਨ ਦੇਹੁ ਦਿਖਾਇ ॥੨੪॥
ਲਖਹਿਂ ਤਬਹਿ ਇਹ ਸਾਚੋ ਬਾਚਾ।
ਨਾਂਹਿ ਤ ਹਮ ਜਾਨਹਿਂ ਕਹਿ ਕਾਚਾ।'
ਸੁਨਿ ਸ਼੍ਰੀ ਰਾਮਰਾਇ ਨੇ ਭਾਖਾ।
'ਇਸ ਸਲੋਕ ਮੈਂ ਅਰਥ ਜੁ ਰਾਖਾ ॥੨੫॥
ਸੋ ਤੁਮ ਨਹਿਂ ਜਾਨਤਿ ਹੈ ਨੀਕੇ।
ਕਿਮ ਸ਼ੁਭ ਲਖਹੁ ਕੁਟਿਲ ਹਹੁ ਜੀ ਕੇ।
ਇਸੀ ਅਰਥ ਕੇ ਨਹਿਂ ਅਧਿਕਾਰੀ।
ਯਾਂ ਤੇ ਹਮ ਨਹਿਂ ਕਰਤਿ ਉਚਾਰੀ ॥੨੬॥
ਤੁਮ ਕੋ ਤਾਰੇ ਦੇਂ ਦਿਖਰਾਇ।
'ਸ਼੍ਰੀ ਨਾਨਕ ਜੇਕਰਿ ਜਗਰਾਇ।
ਤੀਨ ਲੋਕ ਮਹਿਂ ਮਾਨਹਿਂ ਆਨ।
ਦੈਵ ਦੈਤ ਪਰ ਸੁਜਸੁ ਮਹਾਨ ॥੨੭॥
ਤੌ ਸੂਰਜ ਕੋ ਤੇਜ ਦਬਾਇ।
ਉਡਗਨ ਦਿਪਤਹਿਂ ਨਭ ਦਿਖਰਾਇ।'
ਇਮ ਸ਼੍ਰੀ ਰਾਮਰਾਇ ਜਬਿ ਕਹ੍ਯੋ।
ਊਪਰ ਗਗਨ ਦਿਸ਼ਾ ਤਬਿ ਲਹ੍ਯੋ ॥੨੮॥
ਸੂਰਜ ਜੋਤਿ ਮੰਦ ਹੁਇ ਗਈ।

ਉਡਗਨ ਸਭਿਨਿ ਦਿਖਾਈ ਦਈ।
ਕਹ੍ਯੋ 'ਬਿਲੋਕਹੁ ਅਬਿ ਅਸਮਾਨ।
ਸ੍ਰੀ ਨਾਨਕ ਕੇ ਤੇਜ ਮਹਾਨ' ॥੨੯॥
ਸੁਨਤਿ ਸਭਾ ਮਹਿਂ ਬਦਨ ਉਠਾਏ।
ਦਿਨ ਮਹਿਂ ਉਡਗਨ ਗਗਨ ਦਿਖਾਏ।
ਹੇਰਿ ਹੇਰਿ ਅਚਰਜ ਉਰ ਹੋਏ।
ਜਾਨਤਿ ਭਏ ਤੇਜ ਸਭਿ ਕੋਏ ॥੩੦॥
ਸਗਰੇ ਪੁਰਿ ਮਹਿਂ ਰੋਰਾ ਪਰ੍ਯੋ।
'ਦਿਨ ਮਹਿਂ ਤਾਰਨਿ ਬ੍ਰਿੰਦ ਨਿਹਰ੍ਯੋ।
ਕਰਾਮਾਤ ਗੁਰ ਤਾਤ ਲਗਾਈ।
ਸੂਰਜ ਕੀ ਅਬਿ ਜੋਤਿ ਦਬਾਈ' ॥੩੧॥
ਪੁਨ ਇਕ ਦਿਨ ਮਹਿਂ ਸਭਾ ਮਝਾਰ।
ਆਇਓ ਸ੍ਰੀ ਹਰਿਰਾਇ ਕੁਮਾਰ।
ਸਾਦਰ ਬੈਠੇ ਸਭਿਹਿਨਿ ਮਾਹੂ।
-ਖੇਲਹਿਂ ਚੌਪਰ- ਚਾਹ੍ਯੋ ਸ਼ਾਹੂ ॥੩੨॥
ਮਹਦ ਖਿਲਾਰੀ ਨਿਕਟਿ ਬੁਲਾਏ।
'ਸਭਿ ਤੇ ਜਿਤਹਿ ਜਿ ਦਾਵ ਲਗਾਏ।
ਹਮ ਤੁਮ ਖੇਲਹਿਂ ਸਤਿਗੁਰ ਨੰਦ!
ਦਾਵ ਲਗਾਇ, ਲਗਾਇ ਬਿਲੰਦ'
॥੩੩॥
ਸਨਮੁਖ ਗੁਰ ਸੁਤ ਅਰੁ ਪਤਿਸ਼ਾਹੂ।
ਆਨਿ ਬਿਛਾਯੋ ਚੌਪਰ ਮਾਂਹੂ।
ਸੋਲਹਿ ਨਰਦ ਰੁ ਪਾਸੇ ਤੀਨ।
ਲਗ ਜਵਾਹਿਰ ਕੰਚਨ ਭੀਨ ॥੩੪॥
ਅਤਿ ਸੁੰਦਰ ਜੋ ਕਰੇ ਬਨਾਵਨਿ।
ਚੌਪਰ ਚਾਰਹੁਂ ਦਿਸ਼ਾ ਸੁਹਾਵਨਿ।
ਪ੍ਰਥਮ ਗਲਾਹ[1] ਲਗਾਯਹੁ ਸ਼ਾਹੂ।
ਧਰਿ ਦੀਨਾਰ ਹਜ਼ਾਰ ਸੁ ਮਾਂਹੂ ॥੩੫॥
ਪਾਸੇ ਲਗੇ ਗੇਰਿਬੇ ਦੋਊ।
ਕਹੇ ਗੁਰੂ ਸੁਤ, ਪਰਿ ਹੈ ਸੋਊ[1]।
ਨਰਦ ਚਹੈ ਮਾਰੀ, ਤਿਸ ਮਾਰਹਿ।
ਜੋ ਰਹਿ ਰਾਖਨਿ ਤਿਸਾਹ ਉਬਾਰਹਿ

[1]ਪਹਿਲਾ ਦਾਉ।

[1]ਗੁਰੂ ਪੁੱਤ੍ਰ ਜੇ (ਦਾਉ) ਕਹਿੰਦੇ ਹਨ ਸੋ ਪੈਂਦਾ ਹੈ।

॥ ੩੬ ॥
ਇਮ ਨਿਜ ਆਠਹੁੰ ਨਰਦ ਪਕਾਈ।
ਘਰ ਅੰਤਰ ਬਰ ਸਗਲ ਪੁਗਾਈ।
ਕਾਚੀ ਨਰਦ ਸ਼ਾਹੁ ਕੀ ਪਾਛੇ।
ਲਈ ਦੀਨਾਰ ਜੀਤ ਕਰਿ ਆਛੇ ॥ ੩੭ ॥
ਚਪਜੋਂ ਸ਼ਾਹੁ ਪੁਨ ਜੁਗਮ ਹਜ਼ਾਰ।
ਧਰਿ ਕਰ ਪਾਸੇ ਕਹੁ ਧਰ[†] ਡਾਰਿ[1]।

[1]ਹਥ ਵਿੱਚ ਪਾਸੇ ਲੈ ਕੇ ਧਰਤੀ ਤੇ ਸੁੱਟੇ। [†]ਪਾ:-ਡਰ = ਡਲ।

ਪੁਨ ਗੁਰ ਨੰਦਨ ਦੇਤਿ ਰੁੜ੍ਹਾਈ।
ਜੁਗ ਆਨਹਿ ਘਰ ਲਉ ਪਹੁੰਚਾਈ[1] ॥ ੩੮ ॥

[1]ਘਰ ਤਕ ਜੋੜਾ (ਨਰਦਾਂ ਦਾ ਜੁੱਟ) ਲਿਆ ਕੇ ਪਹੁੱਚਾਂਵਦਾ ਹੈ।

ਸ਼ਾਹ ਫੂਟ ਕਰਿ[1] ਨਰਦ ਚਲਾਵੈ।

[1]ਫੁਟ ਕਰਕੇ ਭਾਵ ਵਖਰੋ ਵਖਰੀ।

ਪਹੁੰਚਿ ਦੂਰ ਤੇ ਤਿਸ ਕਉ ਘਾਵੈ।
ਡਲ ਗੇਰਨਿ ਕੀ ਵਿੱਦਜਾ ਜੇਤੀ।
ਸ਼ਾਹੁ ਰਹਜੋ ਪਚਿ ਕੇ ਕਰਿ ਤੇਤੀ ॥ ੩੯ ॥
ਸਤਿਗੁਰ ਸੁਤ ਉਚਰਤਿ, ਸੋ ਆਵੈ।
ਚਹਜੋ ਦਾਵ ਨੌਰੰਗ ਨਹਿਂ ਪਾਵੈ।
ਦ੍ਵੈ ਸੰਹਸ੍ਰ ਭੀ ਜੀਤ ਲਈ ਹੈ।
ਸ਼ਾਹੁ ਚਪਹਿ ਪੁਨ ਹਾਰ ਭਈ ਹੈ ॥ ੪੦ ॥
ਤ੍ਰੈ ਹਜ਼ਾਰ ਪੁਨ ਧਰਿ ਦੀਨਾਰ।
ਲਗੇ ਖੇਲਿਬੇ ਪਾਸੇ ਡਾਰਿ।
ਦਾਵ ਤੀਸਰੋ ਪ੍ਰਥਮ ਸਮਾਨ।
ਜੀਤ ਲੀਨਿ ਕਰਿ ਕੈ ਤਿਸ ਹਾਨਿ ॥ ੪੧ ॥
ਖਸ਼ਟ ਸਹੰਸ੍ਰ ਜੀਤ ਜਬਿ ਲਈ।
ਅਧਿਕ ਸ਼ਾਹੁ ਕੇ ਮਨ ਚਪ[1] ਭਈ।

[1]ਖਿਝ।

ਬਹੁਰੋ ਖਸ਼ਟ ਹਜ਼ਾਰ ਲਗਾਈ।
-ਜਿਤੌਂ ਬੇਰ ਇਕ, ਜਿਤੀ ਹਰਾਈ[1]- ॥ ੪੨ ॥

[1]ਜਿਤਨੀ ਹਾਰੀ ਹੈ।

ਸਕਲ ਖਿਲਾਰੀ ਕਰਤਿ ਸਹਾਇ।
ਨਹਿ ਕਿਸ ਕੋ ਇਕ ਚਲਹਿ ਉਪਾਇ।
ਚਹੈਂ ਸੁ ਦਾਵ ਪੇਰ ਨਹਿਂ ਸੋਈ।

ਬੈਠੇ ਘਨੇ ਕਰੇ ਕਜਾ ਕੋਈ ॥੪੩॥
ਹਰੀ ਤਬੈ ਭੀ ਨਰਦ ਪਿਛਾਰੀ।
ਰਚੇ ਉਪਾਇ ਕਯੋ ਪੁਨ ਹਾਰੀ।
ਰਹੇ ਉਪਾਇ ਕਰਤਿ ਬਹੁਤੇਰਾ।
ਨਹੀਂ ਦਾਵ ਪਾਸੇ ਸ਼ੁਭ ਗੇਰਾ ॥੪੪॥

ਦੋਹਰਾ:

ਦਸ ਅਰੁ ਦੋਇ ਸੰਹਸ੍ਰ ਕੋ, ਇਮ ਦੀਨਾਰ ਹਰਾਇ।
ਪੁਨ ਨਿਵਾਜ ਕੋ ਸਮੋ ਲਖਿ, ਉਠਯੋ ਸ਼ਾਹੁ ਪਛੁਤਾਇ ॥੪੫॥
ਜੀਤਿ ਮੁਹਰ ਨਿਜ ਸੰਗ ਲੈ, ਆਯਹੁ ਸਿਵਰ ਮਝਾਰ।
ਸਕਲ ਸਭਾ ਬਿਸਮਤਿ ਰਹੀ, ਰਹੀ ਸ਼ਾਹੁ ਕੀ ਹਾਰ ॥੪੬॥
ਕਵਿ ਸੰਤੋਖ ਸਿੰਘ ਸਭਿਨਿ ਹੀ, ਲਖਯੋ ਨ ਇਨ ਸਮ ਆਨ।
ਅਰੈ ਬਿਜੈ ਕੋ ਨਹਿਂ ਲਹੈ, ਸਭਿ ਹੀ ਰੀਤਿ ਮਹਾਨ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤ੍ਵਾਰਿੰਸਤੀ ਅੰਸੂ ॥੪੬॥

## ੪੭. [ਮਰੀ ਹਟਾਈ। ਬਦਲਾਂ ਦੀ ਛਾਂ ਕੀਤੀ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਸ਼੍ਰੀ ਸਤਿਗੁਰ ਨੰਦਨ ਤਹਾਂ, ਬਸਤਜੋ ਸਮੋ ਬਿਸਾਲ।
ਕਰਜੋ ਬਿਤਾਵਨਿ ਕੋ ਜਬੈ, ਮਰੀ[1] ਪਰੀ ਇਕ ਕਾਲ ॥੧॥

[1]ਵਬਾਈ ਬੀਮਾਰੀ (ਭਾਵ ਹੈਜ਼ੇ ਤੋਂ ਹੈ)

ਚੌਪਈ:

ਭਯੋ ਤ੍ਰਾਸ ਜਬਿ ਦਿੱਲੀ ਪੁਰਿ ਮੈਂ।
ਰੁਦਿਤ ਅਮੁਦਤਿ ਸ਼ੋਕ ਘਰ ਘਰ ਮੈਂ।
ਹਾਹਾਕਾਰ ਮ੍ਰਿਤੁ ਕੇ ਤ੍ਰਾਸਾ।
ਮਰਹਿ ਤੁਰਤ ਉਪਚਾਰ ਨ ਆਸਾ[1] ॥੨॥

[1]ਇਲਾਜ ਦੀ ਆਸ ਨਾ ਰਹੀ।

ਰਾਉ ਰੰਕ ਸਭਿ ਕੇ ਇਕ ਸਾਰ।
ਪੰਡਤ ਮੂਢਨਿ ਪਰੀ ਪੁਕਾਰ।
ਘਰ ਘਰ ਰੋਦਤਿ ਹੈਂ ਨਰ ਨਾਰੀ।
ਕੇਸ ਉਖਾਰਹਿਂ ਮੁਰਛਾ ਧਾਰੀ ॥੩॥
ਦਸਤ, ਬਮਨ[1] ਦੋਊ ਲਗਿ ਜਾਇ।
ਇਕ ਦੁਇ ਜਾਮ ਬਿਖੈ ਮ੍ਰਿਤੁ ਪਾਇ।

[1]ਉਪਰਛਲ, ਕੈ।

ਕਰਿ ਉਪਚਾਰ[1] ਬੈਦ ਪਚ ਹਾਰੇ[2]।
ਨਹਿ ਬਸ ਚਲਹਿ ਸੁ ਕੌਨ ਬਿਚਾਰੇ ॥੪॥

[1]ਇਲਾਜ। [2]ਥੱਕ ਹੁੱਟੇ।

ਸ਼ਾਹੁ ਸਭਾ ਮਹਿਂ ਨਿਤਪ੍ਰਤਿ ਬਾਤੀ।
ਕਰਹਿਂ ਸਭਾ ਮਹਿਂ, ਮ੍ਰਿਤੁ ਜਿਸ ਭਾਂਤੀ।
'ਆਜ ਪੁਰੀ ਮਹਿਂ ਏਤੇ ਮਰੇ।
ਵਹਿਰ ਥਾਨ ਸ਼ਮਸ਼ਾਨਨਿ ਭਰੇ ॥੫॥
ਦਬਹਿਂ ਸੈਂਕਰੇ, ਸੈਂਕਰ ਜਾਰਹਿਂ।
ਆਵਤਿ ਜਾਤੇ ਰੁਦਤਿ ਪੁਕਾਰਹਿਂ।
ਕਹੂੰ ਬੈਦ ਫਿਰਤੇ ਉਤਲਾਵਤਿ।
ਕੇਤਿਕ ਔਖਧਿ ਦੌਰਤਿ ਲਜਾਵਤਿ ॥੬॥
ਸ਼ਾਹੁ ਨਿਕਟਿ ਕੇ ਕੇਤਿਕ ਮਰੇ।
ਜੀਵਤਿ ਮਹਾਂ ਤ੍ਰਾਸ ਕਹੁ ਕਰੇ।
ਏਕ ਬਾਰ ਕਜਾ ਕਜਾਮਤ ਆਈ।
ਮਰਹਿ ਹਜ਼ਾਰੋਂ ਨਹਿ ਬਿਲਮਾਈ ॥੭॥

ਔਖਧਿ ਦਈ ਲਗਹਿ ਨਹਿਂ ਕਾਹੂੰ।
ਬਮਨ ਦਸਤ ਲਾਗੇ ਦੁਖ ਮਾਂਹੂ।'
ਊਚੇ ਚਢਯੋ ਸ਼ਾਹੁ ਸੁਨਿ ਸ਼੍ਰੋਨ।
ਪੀਟਤਿ ਰੋਦਤਿ ਜਿਤ ਕਿਤ ਭੌਨ ॥ ੮ ॥
ਤਿਸ ਛਿਨ ਚਿਤ ਮਹਿਂ ਇਮ ਫੁਰਿ ਆਈ।
-ਸਤਿਗੁਰ ਸੁਤ ਸੋਂ ਕਹੌਂ ਬੁਲਾਈ।
ਸੋ ਇਹ ਤ੍ਰਾਸ ਮਿਟਾਵਨਿ ਜੋਗ।
ਜਿਸ ਤੇ ਬਚਹਿਂ ਪੁਰੀ ਕੇ ਲੋਗ- ॥ ੯ ॥
ਆਇ ਸਭਾ ਮਹਿਂ ਬੈਠਯੋ ਸ਼ਾਹੂ।
ਗੁਰ ਸੁਤ ਕੋ ਬੁਲਾਵਾਇਹੁ ਪਾਹੂ।
ਦੀਨ ਰੀਤਿ ਸੋਂ ਗਿਰਾ ਬਖਾਨੀ।
'ਪਰੀ ਪੁਰੀ ਮਹਿਂ ਮਰੀ ਮਹਾਨੀ ॥ ੧੦ ॥
ਇਸ ਕੋ ਯਤਨ ਤੁਮਾਰੇ ਯਾਦ।
ਜੇ ਕਰਿ ਕਰਹੁ ਹੋਹਿ ਅਹਿਲਾਦ।
ਮਾਨਵ ਮਰੇ ਹਜ਼ਾਰਹੁਂ ਅਬੈ।
ਤ੍ਰਾਸ ਕਰਤਿ ਜੇ ਜੀਵਤਿ ਸਬੈ ॥ ੧੧ ॥
ਸਭਿਹਿਨਿ ਪਰ ਤੁਮਰੋ ਉਪਕਾਰ।
ਜੇ ਅਬਿ ਇਹੁ ਸੰਕਟ ਦਿਹੁ ਟਾਰਿ।
ਜੇ ਔਖਧਿ ਕੋ ਹੋਇ, ਬਤਾਵਹੁ।
ਅਪਰ ਉਪਾਇ ਤ ਸੋ ਸਮਝਾਵਹੁ'
॥ ੧੨ ॥
ਸੁਨਿ ਸ਼੍ਰੀ ਰਾਮਰਾਇ ਨੇ ਕਹਯੋ।
'ਜੇ ਮ੍ਰਿਤੁ ਕੋ ਦੁਖ ਸਭਿ ਨੇ ਲਹਯੋ।
ਤਿਸ ਕੋ ਅਬਿ ਉਪਾਇ ਕਹਿ ਦੇਹਿਂ।
ਹਮਰੋ ਚਰਨ ਧੋਇ ਕਰ ਲੇਹਿਂ ॥ ੧੩ ॥
ਜਿਸ ਕੇ ਬਮਨ ਦਸਤ ਹੁਇ ਜਾਵੈ।
ਤਿਸ ਕੇ ਬਦਨ ਬੇਰ ਇਕ ਪਾਵੈਂ।
ਜਿਯਤਿ ਰਹੈ ਸੋ ਮਰੈ ਨ ਤਬੈ।
ਇਸ ਬਿਧਿ ਸੰਕਟ ਹਤਿ ਹੁਇਂ ਸਬੈ'
॥ ੧੪ ॥
ਸੁਨਤਿ ਸ਼ਾਹੁ ਨੇ ਮੋਦ ਉਪਾਵਾ।
ਸਕਲ ਸਭਾ ਮਹਿਂ ਭਾਖਿ ਸੁਨਾਵਾ।

'ਡਿੰਡਮ ਫੇਰਿ ਦੇਹ ਪੁਰਿ ਸਾਰੇ।
ਹੋਇ ਜੁ ਦੁਖੀ ਸੁ ਚਰਨ ਪਖਾਰੇ" ॥੧੫॥

'ਉਹ ਆਕੇ ਰਾਮਰਾਇ ਜੀ ਦੇ) ਚਰਨ ਧੋਕੇ (ਜਲ ਪੀਵੇ)।

ਤਬਹਿ ਸਭਾ ਮਹਿਂ ਇਕ ਦੁਇ ਕਹਯੋ।
'ਹਮਰੇ ਸਦਨ ਅਬਹਿ ਦੁਖ ਲਹਯੋ।'
ਚਰਨ ਪਖਾਰੇ ਤਤਛਿਨ ਤਾਂਹੂ।
ਪਾਯੋ ਸ਼ੀਘ੍ਰ ਦੁਖੀ ਮੁਖ ਮਾਂਹੂ ॥੧੬॥
ਤੁਰਤ ਕਸ਼ਟ ਕੋ ਦੂਰ ਬਿਦਾਰਾ।
ਆਇ ਸ਼ਾਹਿ ਢਿਗ ਤਿਨਹਿਂ ਉਚਾਰਾ।
'ਚਰਨਾਂਮ੍ਰਿਤ ਜਬਿ ਪਾਵਨਿ ਕਰਯੋ।
ਸਕਲ ਕਸ਼ਟ ਤਾਤਛਿਨ ਪਰਹਰਯੋ' ॥੧੭॥
ਤਬਿ ਜੇ ਦੁਰਗ ਬਿਖੈ ਦੁਖ ਭਯੋ।
ਤਤਕਾਲ ਚਰਨਾਂਮ੍ਰਿਤ ਦਯੋ।
ਸੰਕਟ ਨਸਯੋ ਭਯੋ ਨਹਿਂ ਫੇਰ।
ਸੁਨਿ ਸੁਨਿ ਨਰ ਆਏ ਸਚ ਹੇਰਿ ॥੧੮॥
ਸਤਿਗੁਰ ਸੁਤ ਗਨਮਯੋ ਤਬਿ ਡੇਰੇ।
ਧਾਇ ਧਾਇ ਨਰ ਆਇਂ ਘਨੇਰੇ।
ਚਰਨ ਪਖਾਰਹਿਂ ਲੇ ਲੇ ਜਾਹਿਂ।
ਦੁਖੀਅਨਿ ਕੇ ਪਾਵਤਿ ਮੁਖ ਮਾਂਹਿ ॥੧੯॥
ਤਤਛਿਨ ਸੰਕਟ ਸਕਲ ਨਸਾਵੈ।
ਬਹੁ ਸ਼੍ਰੀ ਰਾਮਰਾਇ ਜਸੁ ਗਾਵੈਂ।
ਸਨਬੰਧੀ ਜੇ ਮਰੇ ਨਰਨ ਕੇ।
ਪਛੁਤਾਵਹਿਂ ਗੁਨ† ਸਿਮਰਿ ਮਰਨ ਕੇ[1] ॥੨੦॥

[1]ਅਪਨੇ) ਮਰਿਆਂ ਦੇ ਗੁਣ ਯਾਦ ਕਰ ਕਰਕੇ ਪਛਤਾਉਂਦੇ ਹਨ, (ਕਾਰਣ ਅੱਗੇ ਦੱਸਦੇ ਹਨ:-)। †ਪਾ:-ਗਨ।

'ਹਮ ਨੇ ਨਹਿਂ ਚਰਨਾਂਮ੍ਰਿਤ ਦਏ।
ਬਚਤਿ ਮਰਨ ਤੇ, ਦੁਖ ਕਹੁ ਹਏ[1]।'

[1]ਦੁਖ ਨੂੰ ਦੂਰ ਕਰਕੇ!

ਸਕਲ ਪੁਰੀ ਮਹਿਂ ਮਾਚਯੋ ਰੌਰਾ।
ਦੌਰਿ ਦੌਰਿ ਆਵਤਿ ਤਿਸ ਠੌਰਾ ॥੨੧॥
ਹਿੰਦੂ ਤੁਰਕ ਰੰਕ ਕੈ ਰਾਊ।
ਭਏ ਪ੍ਰਸੰਨ ਬਿਲੋਕਿ ਪ੍ਰਭਾਊ।
ਪੰਡਿਤ ਮੂਢ ਆਇ ਕਰਿ ਪਾਸ।

ਚਰਨਾਂਮ੍ਰਿਤ ਲੇਂ ਜੀਵਨ ਆਸ ॥੨੨॥
ਸਗਲੀ ਪੁਰੀ ਮਰੀ ਜੋ ਪਰੀ।
ਅਤਿ ਦੁਖ ਕਰੀ[1] ਸੁ ਤਤਛਿਨ ਹਰੀ।
ਸਕਲ ਲੋਕ ਚਰਨਾਂਮ੍ਰਿਤ ਲੇਤਿ।
ਸੀਸੇ ਪਾਇ[1] ਸਦਨ ਧਰਿ ਦੇਤਿ ॥੨੩॥

[1]ਦੁਖ ਕਰਨ ਵਾਲੀ (ਮਰੀ)।

[1]ਬੋਤਲਾਂ ਚੱਲਣ ਤੋਂ ਪਹਿਲਾਂ ਦੇਸੀ ਬਣੇ ਹੋਏ ਕੱਚ ਦੇ ਭਾਂਡੇ ਹੁੰਦੇ ਸਨ, ਉਨ੍ਹਾਂ ਨੂੰ ਸ਼ੀਸ਼ਾ ਕਿਹਾ ਕਰਦੇ ਸਨ। ਸ਼ੀਸ਼ੇ ਵਿਚ ਪਾਕੇ।

ਨਿਸ ਆਦਿਕ ਮਹਿਂ ਜਬਿ ਹੁਇ ਚਾਹੂ।
ਸ਼ੀਘ੍ਰ ਦੇਤਿ ਦੁਖੀਅਨਿ ਮੁਖ ਮਾਂਹੂ॥
ਇਸ ਪ੍ਰਕਾਰ ਪੁਰਿ ਮਰੀ ਹਟਾਈ।
ਘਰ ਘਰ ਬਿਖੈ ਸ਼ਾਂਤਿ ਵਰਤਾਈ ॥੨੪॥
ਮਹਦ ਪ੍ਰਭਾਉ ਸਭਿਨਿ ਤਬਿ ਜਾਨਾ।
ਸਤਿਗੁਰ ਘਰ ਮਹਿਂ ਅਧਿਕ ਮਹਾਨਾ।
ਜੋ ਇੱਛਕ ਸੋਈ ਸੁਖ ਲਹੀਅਤਿ।
ਸੰਕਟ ਅਨਿਕ ਪ੍ਰਕਾਰਨਿ ਦਹੀਅਤਿ ॥੨੫॥
ਘਰ ਘਰ ਸੁਜਸੁ ਹੋਇ ਅਵਿਦਾਤ।
ਮਨਹੁਂ ਚੰਦ੍ਰਿਕਾ ਸੁੰਦਰ ਰਾਤਿ।
ਕੀਰਤਿ ਮਨਹੁਂ ਮਰਾਲਨਿ ਪਾਂਤੀ[1]।
ਕਹਹਿਂ ਪਰਸਪਰ ਸੀਤਲ ਛਾਤੀ ॥੨੬॥

[1]ਹੰਸਾਂ ਦੀ ਪੰਗਤੀ ਹੈ।

ਪੁਨ ਕੇਤਿਕ ਦਿਨ ਬੀਤ ਗਏ ਹੈਂ।
ਰਾਮਰਾਇ ਤਿਮ ਜਾਤਿ ਭਏ ਹੈਂ।
ਸਭਾ ਬਿਖੈ ਸ਼ੋਭੈਂ ਇਸ ਭਾਂਤੀ।
ਉਡਗਨ ਮਹਿਂ ਪੂਰਨ ਸਸਿ ਰਾਤੀ[1] ॥੨੭॥

[1]ਪੂੰਨਿਆਂ ਦੀ ਰਾਤ ਦਾ ਚੰਦ।

ਚਢ੍ਯੋ ਅਖੇਰ ਸ਼ਾਹੁ ਇਕ ਦਿਨ ਮੈਂ।
ਗੁਰ ਸੁਤ ਲੀਨਿ ਸਾਥ ਤਿਸ ਛਿਨ ਮੈਂ।
ਅਧਿਕ ਸਮਾਜ ਨਰਨਿ ਕਉ ਨਾਂਹੀ।
ਚਢੇ ਤੁਰੰਗਨਿ ਮਾਰਗ ਜਾਂਹੀ ॥੨੮॥
ਤਿਸ ਛਿਨ ਨਿਕਸ੍ਯੋ ਹਰਨ ਅਗਾਰੀ।
ਦੋਨਹੁਂ ਦੇਖਤਿ ਚਲੇ ਪਿਛਾਰੀ।
ਬਡੇ ਬੇਗ ਤੇ ਤੁਰੰਗ ਧਵਾਏ।
ਗਏ ਦੂਰ ਮਾਰਗ ਬਿਸਰਾਏ ॥੨੯॥

ਪਾਛੇ ਹਟੇ ਨ ਚਹਤਿ ਅਖੇਰਾ[1]।
ਹਤਜੋ ਨ ਗਯੋ, ਭਯੋ ਨਹਿਂ ਨੇਰਾ।
ਕਿਤਿਕ ਕੋਸ ਪਰ ਪਹੁੰਚੇ ਜਾਇ।
ਮਿਲਿ ਤਹਿਂ ਹਤਜੋ ਮਿਰਗ ਕਉ ਧਾਇ ॥੩੦॥
ਭਏ ਇਕਾਕੀ ਦੋਨਹੁ ਤਹਾਂ।
ਸੰਗੀ ਏਕ ਨ ਪਹੁੰਚਜੋ ਜਹਾਂ।
ਹਟਿ ਗਮਨੇ ਜਬਿ ਪੁਰਿ ਕੀ ਓਰ।
ਚਢਜੋ ਦਿਵਸ ਆਤਪ ਭੀ ਜ਼ੋਰ ॥੩੧॥
ਛਤਰੀ ਨਹੀਂ ਕਰਨਿ ਹਿਤ ਛਾਯਾ।
ਤੁਰਤ ਸ਼ਾਹੁ ਕੋ ਮੁਖ ਕਮੁਲਾਯਾ।
ਨੌਕਰ ਨਰ ਨਹਿਂ ਨਿਕਟੀ ਕੋਊ।
ਆਨਿ ਕਰਹਿ ਆਤਪ ਹਤਿ ਜੋਊ ॥੩੨॥
ਘਨੇ ਘਾਮ ਤੇ ਬੋਲਜੋ ਸ਼ਾਹੁ।
'ਅਬਿ ਨਰ ਨਿਕਟਿ ਨ ਹਮ ਤੁਮ ਪਾਹੂ।
ਆਤਮ ਚੰਡ[1] ਪਰਹਿ ਤਪਤਾਈ।
ਕਰਹੁ ਆਪ ਇਸ ਕੇਰ ਉਪਾਈ ॥੩੩॥
ਹਮ ਤੁਮ ਊਪਰ ਹੁਇ ਜਿਮ ਛਾਯਾ।
ਸੁਖ ਸੋਂ ਚਲਹਿਂ ਨਾਂਹਿ ਤ ਕੁਮਲਾਯਾ।'
ਸੁਨਿ ਸ੍ਰੀ ਰਾਮਰਾਇ ਤਤਕਾਲਾ।
ਕਹਤਿ ਭਯੋ 'ਇਹ ਘਾਮ ਕਰਾਲਾ ॥੩੪॥
ਇਸ ਤੇ ਹੁਇ ਹਮ ਤੁਮ ਪਰ ਛਾਉਂ।
ਮਿਲਹਿਂ ਬਿਲੋਕਹਿਂ ਮਹਾਂ ਪ੍ਰਭਾਉ[1]।'
ਤਬਿ ਛਾਯਾ ਦੋਨਹੁੰ ਪਰ ਭਈ।
ਤਪਤ ਘਾਮ ਕੀ ਸਭਿ ਮਿਟ ਗਈ ॥੩੫॥
ਤੁਰੰਗ ਅਰੂਢੇ ਗਮਹਿ ਜਹਾਂ ਕੋ।
ਛਾਉਂ ਦੁਹਨਿ ਪਰ ਚਲਹਿ ਤਹਾਂ ਕੋ।
ਨਹੀਂ ਮੇਘ ਨਹਿਂ ਛਤਰੀ ਪਾਸ।
ਤਊ ਛਾਉਂ ਹੋਈ ਸੁਖ ਰਾਸ ॥੩੬॥

[1]ਸ਼ਿਕਾਰ ਚਾਹੁੰਦੇ (ਅਗੇ ਵਧੀ ਗਏ) ਪਿੱਛੇ ਨਾ ਹਟੇ।

[1]ਤਿੱਖੀ।

[1]ਜੋ ਲੋਗ ਮਿਲਣਗੇ ਮਹਾਂ ਪ੍ਰਤਾਪ ਦੇਖਣਗੇ।

ਮਿਲਹਿਂ ਪੰਥ ਬਿਸਮਹਿਂ ਅਵਿਲੋਕ।
ਆਵਹਿਂ ਸਾਥ ਦੂਰ ਦੁਰਿ ਲੋਕ[1]।
'ਦੇਖਹੁ ਅਤਿ ਅਚਰਜ ਇਹ ਹੋਵਾ।
ਛਤਰੀ ਬਿਨਾ ਘਾਮ ਕਹੁ ਖੋਵਾ' ॥੩੭॥
ਪੁਰਿ ਮਹਿਂ ਪ੍ਰਵਿਸ਼ੇ ਦੋਨਹੁ ਭਲੇ।
ਲੋਕ ਹਜ਼ਾਰਹੁਂ ਹੇਰਤਿ ਮਿਲੇ।
ਬੰਦਨ ਕਰਹਿਂ ਨਿਵਾਵਹਿਂ ਸੀਸ।
ਗੁਰ ਸੁਤ ਕੋ ਅਰੁ ਦਿੱਲੀ ਈਸ਼ ॥੩੮॥
ਸਹਿਜ ਸੁਭਾਇਕ ਦੁਰਗ ਪ੍ਰਵੇਸ਼ੇ।
ਹੇਰਿ ਹੇਰਿ ਬਿਸਮਾਹਿਂ ਅਸ਼ੇਸ਼ੇ।
ਅਚਰਜ ਹਰਖ ਹੋਇ ਕਰਿ ਸ਼ਾਹੂ।
ਬੈਠਯੋ ਜਾਇ ਜਬਹਿ ਘਰ ਮਾਂਹੂ ॥੩੯॥
ਛਾਇਆ ਸੋ ਬਿਲਾਇ ਤਬਿ ਗਈ।
ਗੁਰ ਸੁਤ ਉਪਰ ਤੈਸਯੋ ਭਈ।
ਜਬਿ ਅਪਨੇ ਡੇਰੇ ਮਹਿਂ ਆਯੋ।
ਸੁੰਦਰ ਸਦਨ ਵਿਖੈ ਪ੍ਰਵਿਸ਼ਾਯੋ ॥੪੦॥
ਮਿਟੀ ਛਾਉਂ ਸਭਿ ਲੋਕਨਿ ਦੇਖੀ।
ਅਤਿ ਅਚਰਜ ਚਿਤ[1] ਬਿਸਮ ਬਿਸੇਖੀ।
ਇਸ ਪ੍ਰਕਾਰ ਅਜ਼ਮਤ ਦਿਖਰਾਈ।
ਕਵਿ ਸੰਤੋਖ ਸਿੰਘ ਕਹਤਿ ਬਨਾਈ ॥੪੧॥

[1]ਲੋਕੀ ਦੂਰ ਤਕ ਲੂਕ ਕੇ।

[1]ਅਤਿ ਅਸਚਰਜ ਨੂੰ ਦੇਖ ਕੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥੪੭॥

## ੪੮. [ਪ੍ਰਸੂਤ ਪੀੜਾ ਹਰੀ। ਉਜ਼ਬਕ ਢਹਾਇਆ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਨੌਰੰਗ ਕੀ ਬੇਗਮ ਹੁਤੀ, ਗਰਭਵਤੀ ਨਵ ਮਾਸ।
ਸਮੇਂ ਪ੍ਰਸੂਤਨਿ ਕੇ ਤਬੈ, ਅਟਕ ਰਹੀ ਦੁਖਰਾਸ ॥੧॥

ਚੌਪਈ:

ਜਤਨ ਅਨੇਕ ਕਰਤਿ ਬਹੁ ਸਜਾਨੇ।
ਟੋਨਾ ਟਾਮਨ ਕੌਨ ਬਖਾਨੇ[1]।
ਆਨਿ ਹਜ਼ਾਰਹੁੰ ਕਿਯ ਉਪਚਾਰੂ।
ਕਿਸਹੂੰ ਤੇ ਨਹਿਂ ਕਾਰਜ ਸਾਰੂ ॥੨॥
ਬੇਗਮ ਕਸ਼ਟ ਪਾਇ ਅਤਿ ਰਹੀ।
ਸੁਨਿ ਬਹੁ ਬੇਰ ਸ਼ਾਹ ਸੋਂ ਕਹੀ।
ਅਨਿਕ ਸਯਾਨੇ ਪੁਨਹਿ ਬੁਲਾਏ।
ਕਰਿ ਉਪਚਾਰ ਥਕੇ ਸਮੁਦਾਏ ॥੩॥
ਧਾਇ[1] ਅਨੇਕ ਨਗਰ ਤੇ ਗਈ।
ਤਊ ਪ੍ਰਸੂਤ ਨ ਕਿਸ ਤੇ ਭਈ।
ਅਨਿਕ ਰੀਤਿ ਕੇ ਕਰਤਿ ਇਲਾਜ।
ਪਚਿ ਪਚਿ ਹਾਰੇ ਬੈਦ ਸਮਾਜ ॥੪॥
ਸਭਾ ਬਿਖੈ ਜਬਿ ਗੁਰ ਸੁਤ ਆਏ।
ਸਾਦਰ ਬੋਲਤਿ ਸ਼ਾਹੁ ਬਿਠਾਏ।
'ਬੇਗਮ ਕੈ ਪ੍ਰਸੂਤ ਹੁਇ ਨਾਂਹੀ।
ਲਖਹੁ ਇਲਾਜ, ਕਰਹੁ ਅਬਿ ਤਾਂਹੀ ॥੫॥
ਤੁਮ ਸਮ ਪੁਰਖਨਿ ਪਾਸ ਹੁਵੰਤਿ[1]।
ਔਖਧਿ ਕਿਧੌਂ ਜੰਤ੍ਰ ਕੈ ਮੰਤ।
ਕਸ਼ਟ ਛੁਡਾਵਹੁ ਬੇਗਮ ਕੇਰਾ।
ਬਹੁ ਕਲਾਮ ਤੇ[1] ਸੁਖ ਨਹਿਂ ਹੇਰਾ ॥੬॥
ਸਕਲ ਸਿਆਨੇ ਰਹਿ ਪਚ ਹਾਰੀ।
ਕਿਸ ਕੋ ਸਫਲ ਨ ਕੋ ਉਪਚਾਰੀ।'
ਸੁਨਿ ਸਤਿਗੁਰ ਕੇ ਨੰਦਨ ਕਹੈਂ।

[1]ਟੂਣੇ ਟਾਣੇ (ਜਿਤਨੇ ਕੀਤੇ ਤਿਨ੍ਹਾਂ ਨੂੰ) ਕੌਣ ਕਹਿ ਸਕੇ।

[1]ਦਾਈਆਂ।

[1]ਤੁਹਾਡੇ ਵਰਗੇ ਪੁਰਸ਼ਾਂ ਦੇ ਪਾਸ ਹੁੰਦੇ ਹਨ।

[1]ਬਹੁਤ ਕਲਾਮਾ ਪੜ੍ਹਨ ਤੇ ਬੀ....।

'ਹਮਰੇ ਤੋਂ ਇਕ ਜਪੁਜੀ ਅਹੈ ॥੭॥
ਸਗਲੇ ਕਸ਼ਟਨਿ ਕਹੁ ਨਿਰਵਾਰਿਤ।
ਭੂਤ ਪ੍ਰੇਤ ਆਦਿਕ ਸਭਿ ਹਾਰਤਿ।
ਇਸ ਆਗੇ ਅਟਕਤਿ ਕਿਛੁ ਨਾਂਹੀ।
ਅਤਿ ਬਲਿ ਤੀਨ ਲੋਕ ਕੇ ਮਾਂਹੀ ॥੮॥
ਦੁਖ ਕਾਟਤਿ ਅਰੁ ਇੱਛਾ ਪੂਰਹਿ।
ਜਗ ਕੇ ਬਿਘਨ ਅਗਨਿ[1] ਕਹੁ ਚੂਰਹਿ।
ਅਬਿ ਕਲਜੁਗ ਕੇ ਸਮੇਂ ਮਝਾਰ।
ਇਸ ਕੀ ਸਮ ਨਹਿਂ ਅਪਰ ਉਦਾਰ ॥੯॥
ਯਾਂ ਤੇ ਜਲ ਅਬਿ ਤੁਰਤ ਮਗਾਂਵਹੁ।
ਹਮ ਪਠਿ ਦੈ ਹੈਂ, ਤਹਾਂ ਪੁਚਾਵਹੁ।
ਤਤਛਿਨ ਤਿਹ ਪ੍ਰਸੂਤ ਹੁਇ ਜਾਇ।
ਸੁਖ ਉਪਜੈ ਦੁਖ ਸਕਲ ਬਿਲਾਇ' ॥੧੦॥
ਸੁਨਤਿ ਸ਼ਾਹੁ ਨੇ ਨੀਰ ਮੰਗਾਵਾ।
ਗੁਰ ਸੁਤ ਕੇ ਤਹਿਂ ਨਿਕਟਿ ਰਖਾਵਾ।
ਜਪੁਜੀ ਪਾਠ ਸੰਪੂਰਨ ਕੀਨਿ।
ਪੁਨ ਜਲ ਅੰਤਰ ਕੋਂ ਪਠਿ ਦੀਨ ॥੧੧॥
ਬੇਗਮ ਕੇ ਮੁਖ ਮੈਂ ਜਬਿ ਪਾਯੋ।
ਤੁਰਤ ਪ੍ਰਸੂਤ ਭਯੋ ਸੁਤ ਆਯੋ।
ਭਈ ਸ਼ਾਂਤਿ ਸਭਿ ਅੰਤਹਿਪੁਰ ਮੈਂ।
ਬਜੀ ਬਧਾਈ ਨੌਰੰਗ ਘਰ ਮੈਂ ॥੧੨॥
ਰਾਖਯੋ ਨਾਮ ਬਹਾਦਰ ਸ਼ਾਹੁ।
ਸਭਿ ਪ੍ਰਕਾਰ ਕੋ ਕਰਯੋ ਉਛਾਹੁ।
ਜਬਿ ਸਤਿਗੁਰ ਦਸਮੇ ਪਾਤਿਸ਼ਾਹੂ।
ਤਿਨ ਸੋਂ ਮਿਲਯੋ ਰਹਯੋ ਕਰਿ ਚਾਹੂ ॥੧੩॥
ਜਪੁਜੀ ਪਠੇ ਜਨਮ ਜਿਸ ਹੋਇ।
ਯਾਂ ਤੇ ਮਿਲਯੋ ਸਾਥ ਗੁਰ ਸੋਇ।
ਤਾਰਾ ਆਜ਼ਮ ਪੁੱਤ੍ਰ ਬਿਸਾਲ[1]।
ਸੇ ਮਾਰਯੋ ਸਤਿਗੁਰ ਸਰ[1] ਨਾਲ ॥੧੪॥

[1]ਜਗਤ ਦੇ ਅਨਗਿਣਤ ਬਿਘਨਾਂ ਨੂੰ।

[1]ਵੱਡਾ।

[1]ਤੀਰ।

ਪਤਿਸ਼ਾਹਿਤ ਅਰੁ ਸਕਲ ਸਮਾਜਾ।
ਇਸ ਕੋ ਬਖ਼ਸ਼ਜੋ ਗੁਰੁ ਮਹਾਂਰਾਜਾ।
ਜਪੁਜੀ ਹੀ ਕਾਰਨ ਇਸ ਕੇਰ।
ਸ਼ਰਨ ਤਕੀ ਸਤਿਗੁਰ ਕੀ ਫੇਰ ॥੧੫॥
ਸੁਨੀ ਬਾਤ ਬੇਗਮ ਨੇ ਸਾਰੀ।
ਬਹੁ ਧਨ ਪਠਿ ਕੈ ਬਿਨੈ ਉਚਾਰੀ।
ਸਤਿਗੁਰ ਗੁਰ ਸੁਤ ਕੋ ਮਾਨਤਿ ਰਹੀ।
ਮਹਿੰਮਾ ਅਧਿਕ ਸਭਿਨਿ ਤੇ ਲਹੀ ॥੧੬॥
ਕਿਤਿਕ ਦਿਵਸ ਇਮ ਬਹੁਰ ਬਿਤਾਏ।
ਇਕ ਦਿਨ ਸਭਾ ਬਿਖੈ ਚਲਿ ਆਏ।
ਨੌਰੰਗ ਸ਼ਾਹੁ ਹਰਖ ਉਰ ਹੋਵਾ।
ਮੱਲਜਨਿ ਕੀ ਕੁਸ਼ਤੀ ਕਹੁ ਜੋਵਾ ॥੧੭॥
ਉਜਬਕਿ[1] ਕਿਸੂ ਬਲਾਇਤ ਕੇਰਾ।

[1]ਤੁਰਕਾਂ ਦੀ ਇਕ ਕੌਮ ਦਾ ਨਾਮ ਹੈ, ਉਸ ਕੌਮ ਵਿਚੋਂ ਸੀ ਇਹ ਪਹਿਲਵਾਨ। (ਅ) ਕਈ ਗਿਆਨੀ ਪਹਿਲਵਾਨ ਦਾ ਨਾਮ ਬੀ ਸਮਝਦੇ ਹਨ।

ਖਾਇ ਬਰੁਤ ਅਰੁ ਓਜ ਘਨੇਰਾ।
ਨਰਿੰ ਮਤਿ ਕਛੁ ਕਰਿਬੇ ਬਿਵਹਾਰੂ।
ਰਹੈ ਸੁਪਤਿ ਬਹੁ ਪਾਇ ਅਹਾਰੂ ॥੧੮॥
ਜਬਿ ਕੁਸ਼ਤੀ ਕਰਨੀ ਕਿਹ ਸਾਥ।
ਨਿਕਟਿ ਹਕਾਰਹਿ ਦਿੱਲੀ ਨਾਥ।
ਤਿਸ ਕੋ ਦੇਖਤਿ ਬਾਕ ਬਖਾਨਾ।
'ਸੁਨਹੁ ਗੁਰੂ ਸੁਤ ਇਹ ਬਲਵਾਨਾ ॥੧੯॥
ਨਹਿਨ ਬਲਾਇਤ ਇਸ ਮਹਿਂ[1] ਐਸੋ।
ਕਰਹਿ ਜੁੱਧ ਕੁਸ਼ਤੀ ਕਹੁ ਜੈਸੋ।
ਇਸ ਕੇ ਆਗੇ ਅਰਹਿ ਨ ਕੋਈ।
ਦੇਖਤਿ ਹੀ ਤਰਾਸ ਉਰ ਹੋਈ ॥੨੦॥
ਅਸ ਨਰ ਤਨ ਦੀਰਘ ਬਲਵਾਨਾ।
ਤੁਮ ਨੇ ਭੀ ਦੇਖਜੋ ਕਿਸ ਥਾਨਾ?'
ਸੁਨਿ ਸ਼੍ਰੀ ਰਾਮਰਾਇ ਬਚ ਭਾਖਾ।
'ਹਮ ਨੇ ਇਕ ਚਮਾਰ ਅਸ ਰਾਖਾ ॥੨੧॥
ਕੁਸ਼ਤੀ ਕਰਤਿ ਨ ਤਜਾਗੈ ਕਾਹੂ।

[1]ਇਸ ਵਲਾਇਤ ਵਿਚ।

ਤਰੈ ਗਿਰਾਵੈ ਬਹੁ ਬਲ ਜਾਂਹੂ।'
ਸੁਨਿ ਨੌਰੰਗ ਨਹਿਂ ਮਾਨਹਿਂ ਬਾਤੀ।
'ਇਸ ਕੇ ਸਮ ਕਿਮ ਹੁਇ ਬੱਖਜਾਤੀ ॥੨੨॥
ਦੇਖਤਿ ਦੇਹਿ ਪਲਾਵੈ ਸੋਇ।
ਸਨਮੁਖ ਭਏ ਸੁਧੀਰ ਨ ਹੋਇ।'
ਇਮ ਨੌਰੰਗ ਨੇ ਜਬਿ ਹੀ ਕਹ੍ਯੋ।
ਗੁਰ ਸੁਤ ਨੇ ਨਿਜ ਨਰ ਦਿਸ਼ਿ ਚਹ੍ਯੋ ॥੨੩॥
ਕਰ੍ਯੋ ਹਕਾਰਨਿ ਤਤਛਿਨ ਆਵਾ।
ਤਿਸੈ ਬਿਲੋਕ ਸ਼ਾਹੁ ਬਿਕਸਾਵਾ।
'ਉਜ਼ਬਕ ਕਹਾਂ ਸੁ ਕਹਾਂ ਚਮਾਰ।
ਪੀਸਹਿ ਅੰਗ ਦਾਬਿ ਦੇ ਮਾਰਿ[1] ॥੨੪॥

[1]ਜੇ ਉਜ਼ਬਕ (ਇਸ ਨੂੰ ਹੇਠਾਂ ਸੱਟ ਕੇ) ਇਸ ਦੇ ਅੰਗ ਰਗੜੇ ਤੇ ਦਬਾ ਦੇਵੇ ਤਾਂ ਮਾਰ ਸੁੱਟੇ।

ਕ੍ਯੋਂ ਇਸ ਕੇ ਤੁਮ ਪ੍ਰਾਨ ਗਵਾਰਗੁ
ਅਧਿਕ ਬਲੀ ਕੇ ਸੰਗ ਭਿਰਾਵਉ।
ਮੱਲਜ ਦੇਸ਼ ਪਰਦੇਸ਼ਨਿ ਕੇਰੇ।
ਕਿਤਿਕ ਦਰੇ[†] ਕੇਤਿਕ ਹਤਿ ਗੇਰੇ ॥੨੫॥

[†]ਪਾ:-ਤਰੇ।

ਇਹ ਸਭਿ ਦੇਸਨਿ ਬਿਦਤਿ ਬਿਸਾਲ।
ਕੌਨ ਅਰਹਿ ਨਰ ਇਸ ਕੇ ਨਾਲ।'
ਸੁਨਿ ਸ਼੍ਰੀ ਰਾਮਰਾਇ ਬਚ ਕਰੇ।
'ਦੋਨਹੁ ਅਬਿ ਹਾਜ਼ਰ ਸਤਿ[1†] ਅਹੇ ॥੨੬॥

[1]ਨਿਸ਼ਚੇ ਕਰਕੇ। [†]ਪਾ:-ਸਭਿ।

ਦੇਖਿ ਲੇਹੁ ਪਤੀਆਵਨਿ ਕਰਿਹੂ।
ਪੂਰਬ ਕਹਾਂ ਭਰੋਸਾ ਧਰਿਹੂ।
ਸਭਿਨਿ ਦੇਖਤੇ ਕੁਸ਼ਤੀ ਕਰੈਂ।
ਕੋ ਊਪਰ ਕੋ ਹੋਵਹਿ ਤਰੈ ॥੨੭॥
ਜੇ ਕਰਿ ਮਿਲਿ ਮੁਕਾਬਲੇ ਦੋਇ।
ਕਹਿਬੋ ਸੁਨਿਬੋ ਕਯਾ ਤਿਨ ਹੋਇ[1]।
ਉਜ਼ਬਕ ਕੋ ਨਿਜ ਹੁਕਮ ਕਰੀਜੈ।
ਕੁਸ਼ਤੀ ਰਚੈਂ ਹੇਰਿ ਅਬਿ ਲੀਜੈ' ॥੨੮॥

[1]ਤਿਨ੍ਹਾਂ (ਬਾਬਤ) ਕਹਿਣਾਂ ਸੁਣਨਾਂ ਕੀ ਹੈ।

ਆਇਸੁ ਜਬਹਿ ਸ਼ਾਹੁ ਨੇ ਦੀਨਿ।
ਦੁਹਿਦਿਸ਼ਿ ਦੰਡ ਬਜਾਵਨਿ ਕੀਨਿ।
ਮਹਾਂ ਕੁਰੂਪ ਓਜ ਮਹਿ ਭਰੇ।
ਮਿਲੇ ਪਰਸਪਰ ਕੁਸ਼ਤੀ ਕਰੇ ॥੨੯॥
ਆਪਸ ਮਹਿਂ ਕਹਿ ਕਹਿ ਬਹੁ ਦਾਵ।
ਭਿਰਹਿਂ ਦਿਖਾਵਹਿਂ ਰਚਹਿਂ ਉਪਾਵ।
ਅੰਗਨਿ ਪਰ ਅੰਗਨਿ ਕੋ ਮਾਰਹਿਂ।
ਭਰਿ ਭਰਿ ਕੌਰੀ ਪਾਇ ਪਸਾਰਹਿਂ
॥੩੦॥
ਕੁਸ਼ਤੀ ਬਹੁਤ ਕਾਲ ਦਿਖਲਾਈ।
ਪੁਨ ਉਜ਼ਬਕ ਕਉ ਦੀਨਿ ਗਿਰਾਈ।
ਤਰੇ ਡਾਰਿ ਪੀਸੇ ਤਿਸ ਅੰਗ।
ਬਜਾਕੁਲ ਕਰਜੋ ਬਹੁਤ ਬਲ ਭੰਗ ॥੩੧॥
ਸ਼ਾਹੁ ਮੱਲ ਕਹੁ ਤਰੇ ਗਿਰਾਵਾ।
ਸਭਿਨਿ ਅਚੰਭਾ ਕਰਿ ਦਿਖਰਾਵਾ।
-ਕਿਤ ਚਮਾਰ ਕਿਤ ਉਜ਼ਬਕ ਏਹੁ।
ਦੁਗਨ ਤਿਗੁਨ ਬਲ ਦੀਰਘ ਦੇਹੁ-
॥੩੨॥
ਕਹੇ ਸ਼ਾਹਿ 'ਅਜ਼ਮਤ ਕਰਿ ਡਾਰਾ।
ਨਿਜ ਅਸ ਸੇਵਕ ਦਿਯ ਬਲ ਭਾਰਾ।
ਤਉ ਉਜ਼ਬਕ ਕੋ ਕਹਾਂ ਬਸਾਵੈ।
ਨਰ ਪ੍ਰਾਕ੍ਰਮਿ ਇਹ ਤਰੈ ਗਿਰਾਵੈ ॥੩੩॥
ਦੇਸ਼ ਬਿਦੇਸ਼ਨਿ ਕੇ ਬਲਵਾਨ।
ਭਿਰੇ ਆਇ, ਕਰਿ ਦੀਨੇ ਹਾਨਿ।
ਇਸ ਕਉ ਜੀਤ ਨ ਗਮਨਜੋ ਕੋਊ।
ਦੇਖਤਿ ਤ੍ਰਾਸ ਉਪਾਵਤਿ ਸੋਊ ॥੩੪॥
ਤੁਮ ਤੁਰੰਗ ਕੋ ਦਾਸ ਮਹਾਨਾ।
ਅਜ਼ਮਤ ਤੇ ਹੋਯਹੁ ਬਲਵਾਨਾ।'
ਹੇਰਿ ਹੇਰਿ ਅਚਰਜ ਉਰ ਪਾਵਾ।
-ਕੌਨ ਕਰਹਿ ਇਸ ਕੇ ਸੰਗ ਦਾਵਾ
॥੩੫॥
ਅਜ਼ਮਤ ਮਹਿਂ ਪੂਰਨ ਗੁਰ ਘਰ ਹੈ।

ਕੋ ਨਹਿਂ ਦਿਖੀਅਤਿ ਇਨ ਸਮਸਰ ਹੈ-।
ਤਬਿ ਸ਼੍ਰੀ ਰਾਮਰਾਇ ਚਲਿ ਆਏ।
ਸ਼ਾਹ ਮੱਲ ਸਗਰੇ ਪਛੁਤਾਏ ॥੩੬॥
'ਓਜ ਦਰਬ ਤੇ ਰੰਕ ਚਮਾਰ[1]।

[1]ਬਲ ਤੇ ਧਨ ਵਿਚ ਚਮਾਰ ਕੰਗਾਲ ਸੀ, (ਉਸ ਨਾਲ.......)।

ਤਿਸ ਕੁਸ਼ਤੀ ਕਰਿ ਹਮ ਗੇ ਹਾਰ।
ਅਪਰ ਲੋਕ ਸਭਿ ਕਰਹਿਂ ਧਿਕਾਰੀ।
-ਕਜਾ ਤੁਮ ਕੋ ਹੋਯੋ ਇਸ ਬਾਰੀ-' ॥੩੭॥
ਕਰਹਿਂ ਸੁਜਸੁ ਸਗਰੇ ਪੁਰਿ ਮਾਂਹੀ।
ਅਨਿਕ ਉਪਾਇਨ ਕਰੁ ਅਰਪਾਹੀਂ।
ਸ਼ਾਹੁ ਪਠੈ ਫਲ ਫੂਲ ਬਿਸਾਲਾ।
ਮੇਵਨਿ ਕੀ ਡਾਲੀ ਸਭਿ ਕਾਲਾ ॥੩੮॥
ਦੋਹਰਾ:
ਸਾਦਰ ਬੋਲਿ ਪਠਾਵਹੀ, ਸਾਦਰ ਬਾਕ ਬਿਲਾਸ।
ਕਵਿ ਸੰਤੋਖ ਸਿੰਘ ਦੇਤਿ ਧਨ, ਕਰਹਿ ਕਾਜ ਸ਼ੁਭ ਰਾਜ ॥੩੯॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤਵਾਰਿੰਸਤੀ ਅੰਸੂ ॥੪੮॥

## ੪੯. [ਅਲਾਦੀਨ ਦੀ ਮੌਤ ਦੱਸੀ। ਸੁਪਨਾ ਸੁਣਾਯਾ। ਬੇੜੀ ਜੋੜੀ। ਲੋਕਾਂਜਨ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:
ਇਕ ਦਿਨ ਬੈਠੇ ਸਭਾ ਮਹਿਂ,
ਨੰਦਨ ਸ਼੍ਰੀ ਹਰਿਰਾਇ।
ਅਪਰ ਸਭਾਸਦ ਅਨਿਕ ਤਹਿਂ,
ਬੋਲਹਿਂ ਸਹਿਜ ਸੁਭਾਇ ॥੧॥
ਚੌਪਈ:
ਹੁਤੋ ਅਲਾਵਦੀਨ ਬਿਚ ਬੈਸਾ।
ਬਾਤਨਿ ਕੋ ਪ੍ਰਸੰਗ ਕੁਛ ਐਸਾ।
ਭਨਹਿ ਸਭਾ ਮਹਿਂ ਸ਼ਾਹੁ ਸੁਨਾਵਤਿ।
ਨਿਜ ਉੱਤਮਤਾ ਅਧਿਕ ਜਨਾਵਤਿ ॥੨॥
ਸਹਿ ਨ ਸਕ੍ਯੋ ਗੁਰ ਸੁਤ ਨੇ ਕਹ੍ਯੋ।
'ਨਿਜ ਮ੍ਰਿਤੁ ਕੋ ਦਿਨ ਤੈਂ ਭੀ ਲਹ੍ਯੋ?
ਚਾਤੁਰਤਾ ਜੁਤਿ ਕਹਤਿ ਘਨੇਰੇ।
ਲਖਤਿ ਨ ਕਾਲ ਆਇ ਭਾ ਨੇਰੇ ॥੩॥
ਅੰਤਰ ਤੇ ਅੰਧੇ ਨਹਿਂ ਦੀਖਹਿ।
ਵਹਿਰ ਬਨਤਿ ਬਡ ਪੀਰ ਸਰੀਖਹਿ।'
ਸੁਨਤਿ ਸ਼ਾਹੁ ਨੇ ਗਿਰਾ ਬਖਾਨੀ।
'ਜੇ ਕਰਿ ਤੁਮ ਨੇ ਇਸ ਮ੍ਰਿਤੁ ਜਾਨੀ ॥੪॥
ਤੌ ਬਤਾਇ ਦੀਜੈ ਸਭਿ ਮਾਂਹੀ।
ਕਬਿ ਫਰੇਸਤੇ ਇਸ ਲੇ ਜਾਹੀਂ?
ਜਾਨ੍ਯੋ ਜਾਇ ਸੁ ਬਾਕ ਤੁਮਾਰਾ।'
ਸੁਨਿ ਕਰਿ ਸਤਿਗੁਰ ਨੰਦ ਉਚਾਰਾ ॥੫॥
'ਰਹੀ ਆਰਬਲ ਅਸ਼ਟ ਦਿਵਸ ਕੀ।
ਜਾਮ ਜਾਮਨੀ ਰਹਿ ਮ੍ਰਿਤੁ ਇਸ ਕੀ।'
ਸ਼ਾਹੁ ਸਮੇਤ ਸਭਾ ਨੇ ਸੁਨ੍ਯੋ।
'ਇਨਹੁ ਬਾਕ ਕਬਿ ਕੂਰ ਨ ਭਨ੍ਯੋ ॥੬॥
ਨਿਸ਼ਚੈ ਮ੍ਰਿੱਤੁ ਕਾਲ ਤਿਸ ਪਾਵੈ।
ਬਯ ਪੂਰਨ ਤੇ ਕੌਨ ਬਚਾਵੈ।'
ਸ਼ੰਕਤ ਹੁਇ ਅਲਾਵਦੀਂ ਆਯੋ।
ਅਸ਼ਟ ਦਿਵਸ ਜਬਿ ਤਹਾਂ ਬਿਤਾਯੋ

॥੭॥
ਜਾਮ ਜਾਮਨੀ ਬਾਕੀ ਰਹੀ।
ਬਿਤੀ ਆਰਬਲ ਮ੍ਰਿਤੁ ਤਿਹ ਲਹੀ।
ਮਰੇ ਤਾਂਹਿ ਕੇ ਸੁਧ ਸੁਨਿ ਸ਼ਾਹੂ।
ਨਿਸ਼ਚੈ ਧਰੈ ਅਧਿਕ ਉਰ ਮਾਂਹੂ ॥੮॥
ਸਭਿ ਪੁਰਿ ਵਿਖੈ ਬ੍ਰਿਤੰਤ ਬਿਥਾਰਾ[1]।
'ਗੁਰ ਸੁਤ ਪੀਰਨਿ ਪੀਰ ਉਦਾਰਾ।
ਜਿਸ ਕੋ ਬਾਕ ਨਿਫਲ ਨਹਿਂ ਹੋਇ।
ਜੇ ਉਚਰੈ ਸਾਚੋ ਹੁਇ ਸੋਇ ॥੯॥
ਹਿੰਦੁ ਤੁਰਕ ਮਾਨਹਿਂ ਸਭਿ ਕੋਊ।
ਦਰਸਹਿਂ ਨਿਕਟਿ ਬੈਠਿ ਕਰਿ ਸੋਊ।'
ਇਕ ਦਿਨ ਸਭਾ ਗਯੋ ਗੁਰਨੰਦਨ।
ਦੇਖਤਿ ਕਰਹਿਂ ਹਜ਼ਾਰਹੁਂ ਬੰਦਨ ॥੧੦॥
ਸਗਲ ਸਭਾ ਗੁਰ ਸੁਤ ਕੋ ਚੀਨਾ[†]।

ਉਠਤਿ ਸ਼ਾਹੁ ਕਰ ਸੋਂ ਕਰ ਲੀਨਾ।
ਸਾਦਰ ਨਿਕਟਿ ਸ਼ਾਹੁ ਬੈਠਾਏ।
ਰੀਤਿ ਅਨੇਕ ਪ੍ਰਸੰਗ ਚਲਾਏ ॥੧੧॥
ਕਹਿ ਸ੍ਰੀ ਰਾਮਰਾਇ 'ਸੁਨਿ ਸ਼ਾਹੂ!
ਹਮ ਕੋ ਸਿਮਰਜੋ ਸੁਪਨੇ ਮਾਂਹੂ।
ਕਜਾ ਲਘੁ ਕਾਰਜ ਅਰਜੋ ਤੁਮਾਰਾ?
ਜਿਸ ਹਿਤ ਸਿਮਰਤਿ ਚਹਤਿ ਹਕਾਰਾ'
॥੧੨॥
ਸੁਨਤਿ ਸ਼ਾਹੁ ਮਨ ਮੈਂ ਬਿਸਮਾਵਾ।
-ਆਜ ਨਿਸਾ ਮਹਿਂ ਸੁਪਨੋ ਪਾਵਾ।
ਇਨ ਕੋ ਭੀ ਸਿਮਰਜੋ ਤਿਸ ਕਾਲ।
ਸੋ ਇਨ ਜਾਨਜੋ ਸਕਲ ਹਵਾਲ ॥੧੩॥
ਇਨ ਕੋ ਕਰੌਂ ਬੂਝਨੋ ਤੋਊ-।
ਕਹਜੋ ਸ਼ਾਹੁ 'ਨਿਸ ਸੁਪਨੋ ਜੋਊ।
ਸਗਰੋ ਕਹਿ ਕੈ ਮੋਹਿ ਸੁਨਾਵਉ।
ਕਿਮ ਕਿਮ ਹੋਯਹੁ ਸਰਬ ਜਨਾਵਉ'
॥੧੪॥

[1]ਫੈਲ ਗਿਆ।

[†]ਇਹ ਦੋਵੇਂ ਤੁਕਾਂ ਅਕਸਰ ਲਿਖਤੀ ਨੁਸਖਿਆਂ ਵਿਚ ਨਹੀਂ ਮਿਲਦੀਆਂ, ਚੌਪਈ ਦੇ ਕੇਵਲ ਦੇ ਹੀ ਚਰਨ ਮਿਲਦੇ ਹਨ।

ਤਬਿ ਸ਼੍ਰੀ ਰਾਮਰਾਇ ਕਹਿ ਸਾਰਾ।
'ਜਮਨਾ ਗਮਨੇ ਸੁਪਨ ਮਝਾਰਾ।
ਤਹਿਂ ਕਿਸ਼ਤੀ ਪਰ ਚਢਿ ਕਰਿ ਤਰੇ।
ਹਾਥ ਬਿਖੈ ਬਨਸੀ[1]† ਕਹੁ ਧਰੇ ॥੧੫॥ [1]ਮੱਛੀ ਪਕੜਨ ਦਾ ਇਕ ਸੰਦ। †ਪਾ:-ਬਡਸੀ।
ਮਾਰਤਿ ਮੀਨਨਿ ਬਿਚਰਤਿ ਰਹੇ।
ਤਹਿਂ ਤੇ ਇਕ ਭੀ ਹਾਥ ਨ ਲ਼ਹੇ।
ਤਬਿ ਸਿਮਰਨ ਤੁਮ ਕੀਨਿ ਹਮਾਰਾ।
-ਹੋਤਿ ਜਿ ਸੰਗ ਲੇਤਿ ਝਖ ਮਾਰਾ[1] ॥੧੬॥ [1]ਮੱਛੀ ਮਾਰ ਲੈਂਦਾ।
ਇਮ ਸੁਪਨੋ ਜਾਮਨਿ ਮਹਿਂ ਆਵਾ।'
ਸੁਨਤਿ ਸ਼ਾਹੁ ਸਚ ਲਖਿ ਬਿਸਮਾਵਾ।
-ਇਨ ਤੇ ਛਪੀ ਨਹੀਂ ਕੋ ਬਾਤ।
ਸਮ ਕਰ ਫਲ ਕੋ[1] ਸਭਿ ਬੱਖਜਾਤ- ॥੧੭॥ [1]ਹੱਥ ਤੇ (ਧਰੇ) ਫਲ ਵਾਂਗ।
ਪੁਨ ਇਕ ਦਿਨ ਗੁਰ ਸੁਤਹਿ ਬੁਲਾਇ।
ਰਵਿ ਤਨੁਜਾ[1] ਜਲ ਦੇਖਨਿ ਜਾਇ। [1]ਜਮਨਾਂ ਦਾ।
ਗਏ ਤਹਾਂ ਤਟ ਪਰ ਹੁਇ ਖਰੇ।
ਕਿਸ਼ਤੀ ਕੌ ਮੰਗਵਾਵਨਿ ਕਰੇ ॥੧੮॥
ਇਕ ਨੌਕਾ ਥੀ ਨਿਕਟਿ ਪੁਰਾਨੀ।
ਸ਼ੀਘ੍ਰ ਚਹਤਿ ਸੋਈ ਤਬਿ ਆਨੀ।
ਤਿਸ ਪਰ ਬੈਠੇ ਚਢਿ ਕਰਿ ਦੋਊ।
ਅਪਰ ਸਾਥ ਨਹਿਂ ਲੀਨਸਿ ਕੋਊ ॥੧੯॥
ਜਲ ਜਮਨਾ ਕੋ ਅਤਿਸ਼ੈ ਬਾਢਾ।
ਬਹੈ ਪ੍ਰਵਾਹਿ ਬੇਗ ਜਿਸ ਗਾਢਾ।
ਗਿਰ ਕੈ ਗਿਰ ਕਰਿ[1] ਕਾਠ ਬਿਸਾਲਾ। [1]ਪਹਾੜ ਦੇ ਉਪਰੋਂ ਡਿੱਗ ਕੇ।
ਬਹੇ ਜਾਇਂ ਬਹੁ ਬੇਗ ਕਰਾਲਾ ॥੨੦॥
ਤਰੀ ਆਪਨੀ ਇਨਹੁ ਧਵਾਈ।
ਬਡੇ ਕਾਠ ਸੰਗ ਲਾਗਸਿ ਜਾਈ।
ਗਈ ਫੂਟ ਤਹਿਂ ਭਏ ਦੁਖੰਡ।
ਜਹਾਂ ਬਹਿਤਿ ਹੈ ਨੀਰ ਪ੍ਰਚੰਡ ॥੨੧॥
ਕਹਜੋ ਸ਼ਾਹੁ 'ਗੁਰ ਸੁਤ ! ਸੁਨਿ ਲੇਹੁ।
ਕਿਸ਼ਤੀ ਗਈ ਫੂਟ ਕਰਿ ਏਹੁ।

ਏਕ ਖੰਡ ਪਰ ਮੈਂ ਰਹਿ ਗਯੋ।
ਦੁਤਿਯ ਖੰਡ ਪਰ ਤੁਮ ਥਿਤ ਭਯੋ ॥੨੨॥
ਅਸ ਨ ਹੋਹਿ ਜਲ ਮਹਿਂ ਚਲਿ ਜਾਇਂ।
ਜੋਰਹੁ ਕਿਸ਼ਤੀ ਬਾਕ ਅਲਾਇ।
ਅਪਰ ਤਰੀ ਨਹਿਂ ਨੇਰੇ ਕੋਊ।
ਜਿਸ ਪਰ ਜਾਇ ਚਢਹਿ ਹਮ ਦੋਊ ॥੨੩॥
ਔਰ ਉਪਾਇ ਨ ਕੋਈ ਬਨੇ।
ਕਿਸ਼ਤੀ ਜੁਰੇ, ਦੇਹੁ ਬਚ ਭਨੇ।'
ਇਮ ਲਚਾਰ ਜਬਿ ਸ਼ਾਹੁ ਨਿਹਾਰਾ।
ਗੁਰ ਨੰਦਨ ਤਬਿ ਬਾਕ ਉਚਾਰਾ ॥੨੪॥
'ਜੁਰੀ ਤਰੀ! ਜਿਮ ਤਰੀ ਅਗਾਰੀ[1]।
ਤਿਮ ਹਮਰੇ ਹਿਤ ਹੋਹੁ ਸੁਖਾਰੀ।
ਮਿਲਹਿਂ ਦੁਖੰਡ ਪਰਸਪਰ ਆਇ।
ਹਮ ਕੋ ਲੇ ਚਾਲਹੁ ਤਿਸ ਭਾਇ' ॥੨੫॥
ਇਮ ਜਬਿ ਬਾਕ ਕਹਯੋ ਗੁਰ ਤਾਤ।
ਮਿਲੇ ਦੁਖੰਡ ਆਇ ਤਿਸ ਭਾਂਤਿ।
ਪੂਰਬ ਕੇ ਸਮ ਹ੍ਵੈ ਕਰਿ ਚਲੀ।
ਜਹਾਂ ਪ੍ਰਵਾਹੁ ਬਹੈ ਬਹੁ ਬਲੀ ॥੨੬॥
ਅਜ਼ਮਤ ਦੇਖਿ ਸ਼ਾਹੁ ਸੁਖ ਪਾਵਾ।
-ਆਜ ਨੀਰ ਤੇ ਪ੍ਰਾਨ ਬਚਾਵਾ-।
ਅਧਿਕ ਪ੍ਰੇਮ ਕਰਿ ਘਰ ਕੋ ਆਏ।
ਬਾਰ ਬਾਰ ਦੇਖਤਿ ਪਤੀਆਏ ॥੨੭॥
ਪੁਨ ਇਕ ਦਿਨ ਸਤਿਗੁਰ ਸੁਤ ਆਯੋ।
ਸ਼ਾਹੁ ਸਭਾ ਮਹਿਂ ਬੈਠਿ ਸੁਹਾਯੋ।
ਸਿੱਧਨਿ ਕੇ ਪ੍ਰਸੰਗ ਤਬਿ ਚਾਲੇ।
'ਚਹੈਂ ਜਾਹਿਂ ਦੁਰ, ਤਨ ਨ ਦਿਖਾਲੇ ॥੨੮॥
ਆਪ ਸਭਿਨਿ ਕੋ ਹੇਰਤਿ ਅਹੈਂ।
ਸੋ ਬਿਚਰਹਿਂ ਨਹਿਂ ਕੋਊ ਲਖੈ।
ਇੱਤਜਾਦਿਕ ਹੈ ਸਕਤਿ ਤਿਨਹੁਂ ਕੀ।

[1] 'ਜੁੜੀ ਹੋਈ ਬੇੜੀ! (ਜਿਵੇਂ ਤੂੰ) ਅੱਗੇ ਤੁਰਦੀ ਸੈਂ।

ਸੇਵਾ ਤੇ ਪ੍ਰਾਪਤੀ ਜਿਨਹੁ ਕੀ' ॥੨੯॥
ਸੁਨਿ ਉਲਮਾਉ ਬਾਤ ਤਬਿ ਕਹੀ।
'ਇਹ ਤੌਂ ਸ਼ਕਤਿ ਲੁਕਾਂਜਠ[1] ਮਹੀ।

[1]ਜੋਗੀਆਂ ਦਾ ਸਰਮਾਂ, ਮੁਸਲਮਾਨ ਇਸ ਨੂੰ ਸੁਰਮਾਂ ਸੁਲੇਮਾਨੀ ਕਹਿੰਦੇ ਹਨ। ਜੋ ਅੱਖੀਂ ਪਾ ਲਵੇ ਓਹ ਸਭ ਨੂੰ ਦੇਖਦਾ ਹੈ, ਪਰ ਉਸ ਨੂੰ ਕੋਈ ਨਹੀਂ ਦੇਖਦਾ।

ਜੋ ਇਕਬਾਰ ਬਿਲੋਚਨ ਪਾਵੈ।
ਬਿਚਰਤਿ ਸਭਿ ਮਹਿਂ ਕੋ ਨ ਲਖਾਵੈ ॥੩੦॥
ਕੇਤਿਕ ਇਸ ਕਹੁ ਸਾਧਨ ਕਰੈਂ।
ਪ੍ਰਾਪਤਿ ਰੋਤਿ ਸ਼ਕਤਿ ਇਮ ਪਰੈ।'
ਕਹ੍ਯੋ ਸ਼ਾਹੁ 'ਗੁਰ ਸੁਤ ਤੇ ਆਨ।
ਅਪਰ ਖੋਜੀਅਹਿ ਕਹਾਂ ਮਹਾਨ ॥੩੧॥
ਇਹ ਕਰੁਨਾ ਕਰਿ ਦੇਹਹਿਂ ਮੋਹੀ।
ਪਾਉਂ ਨੇਤ੍ਰ ਦੁਰਬੇ ਗਤਿ[1] ਹੋਹੀ।'

[1]ਲੁਕਣ ਵਾਲੀ ਗਤੀ।

ਸ਼ਾਹੁ ਲਾਲਸਾ ਪਿਖਿ ਕਰਿ ਘਨੀ।
ਛਪਿ ਜੈਬੇ ਕੀ ਗਤਿ ਹੁਇ ਬਨੀ ॥੩੨॥
ਅਪਨਿ ਪਾਸ ਤੇ ਦੀਨਸਿ ਤਾਂਹੀ।
ਲੋਕਾਂਜਨ ਸ਼ਕਤੀ ਜਿਸ ਮਾਂਹੀ।
ਲੇ ਕਰਿ ਸ਼ਾਹੁ ਹਰਖ ਬਹੁ ਕਿਯੋ।
ਨੇਤ੍ਰਹਿਂ ਬਿਖੈ ਡਾਰਿ ਤਬਿ ਲਿਯੋ ॥੩੩॥
ਤਤਛਿਨ ਤਹਾਂ ਲੋਪ ਹੁਇ ਗਯੋ।
ਅੰਤਹਿਪੁਰਿ ਕੋ ਗਮਨਤਿ ਭਯੋ।
ਜਹਿਂ ਬੇਗਮ ਨਿਜਮ ਸਹਿਜ ਸੁਭਾਇ।
ਭੂਖਨ ਧਰੇ ਉਤਾਰਿ ਬਨਾਇ ॥੩੪॥
ਕਿਸ ਕੋ ਤਹਿਂ ਤੇ ਹਾਰ ਉਠਾਯੋ॥
ਕਰਨਾ ਭਰਨ[1] ਕਿਸੂ ਕੇ ਲਜਾਯੋ।

[1]ਕੰਨ ਦਾ ਗਹਿਣਾ।

ਕਿਨਹੁ ਪੰਜੇਬ ਧਰੀ ਸੋ ਲਈ।
ਸੀਸ ਪੂਲ ਲੀਨਸਿ ਦੁਤਿ ਮਈ ॥੩੫॥
ਇੱਤਜਾਦਿਕ ਭੁਖਨ ਗਨ ਲਜਾਇਵ।
ਰਹਨਿ ਥਾਨ ਅਪਨੇ ਧਰਿਵਾਇਵ।
ਪਹਿਰਨਿ ਕੋ ਬੇਗਮ ਜਬਿ ਚਹਾ।
ਪਿਖਹਿਂ ਬਿਭੂਖਨਿ, ਪਾਵਹਿਂ ਕਹਾਂ ॥੩੬॥

ਅਪਨੇ ਅਪਨੇ ਸਭਿਨਿ ਸੰਭਾਰੇ।
ਨਹਿਂ ਕਰਿ ਆਏ ਖੋਜਤਿ ਸਾਰੇ।
ਅੰਤਹਿਪੁਰਿ ਮਹਿਂ ਮਾਚਜੋ ਰੌਰਾ।
ਖੋਜਨਿ ਲਾਗਿ ਸਭੇ ਬਹੁ ਠੌਰਾ ॥੩੭॥
-ਦਿਨ ਮਹਿਂ ਆਇ ਕਵਨ ਲੇ ਗਯੋ।
ਤਸਕਰ ਕੌਨ ਆਵਤੋ ਭਯੋ।
ਧਰੇ ਹੁਤੇ ਹਮ ਦੇਰ ਨ ਲਗੀ।
ਕਿਧੌਂ ਲੀਏ ਦਾਸੀ ਕੇ ਭਗੀ[1]- ॥੩੮॥
ਕਰੀ ਸੰਭਾਰਿ ਸਭਿਨਿ ਬਿਧਿ ਘਰ ਕੀ।
ਪ੍ਰਾਪਤਿ ਭਈ ਨ ਗਤਿ ਤਸਕਰ ਕੀ।
ਕਈ ਲਾਖ ਕੇ ਜ਼ੇਬਰ ਬਨੇ।
ਕੋਲੇ ਗਯੋ ਬਿਭੂਖਨ ਘਨੇ ॥੩੯॥
ਤਬੈ ਸ਼ਾਹਿ ਢਿਗ ਸੁਧ ਪਠਵਾਈ।
ਅੰਤਹਿਪੁਰਿ ਬਹੁ ਰੌਰ ਮਚਾਈ।
ਗਯੋ ਆਪ ਬੇਗਮ ਸਾਮੀਪ।
ਜਾਇ ਦਿਖਾਏ ਸਕਲ ਦਿਲੀਪ[1] ॥੪੦॥
'ਲੋਕਾਂਜਨ ਮੈਂ ਪਾਇ ਸੁ ਆਯੋ।
ਅਪਨੇ ਆਪ ਨ ਕਾਹੁ ਦਿਖਾਯੋ।
ਲੇ ਗਮਨਜੋ ਆਭਰਨ[1] ਤੁਮਾਰੇ।
ਨਿਕਟਿ ਫਿਰਤਿ ਮੁਝ ਨਹੀਂ ਨਿਹਾਰੇ ॥੪੧॥
ਸ਼੍ਰੀ ਗੁਰ ਨੰਦਨ ਦੀਨੋ ਜਬੈ।
ਪਾਇ ਬਿਲੋਚਨ ਪਰਖਯੋ ਤਬੈ।'
ਅਜ਼ਮਤ ਦਿਖਰਾਈ ਇਸ ਭਾਂਤਿ।
ਕਹਿ ਸੰਤੋਖ ਸਿੰਘ ਬਹੁ ਬੱਖਜਾਤ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਉਨ ਪੰਚਾਸਤੀ ਅੰਸੂ ॥੪੯॥

[1]ਕੋਈ ਦਾਸੀ ਲੈ ਭੱਜੀ ਹੈ।

[1]ਦਿੱਲੀ ਪਤੀ ਨੇ।

[1]ਗਹਿਣੇ।

## ੫੦. [ਗਊ ਜਿਵਾਈ। ਤਸਬੀ ਕਾ ਚੋਰ। ਮੋਤੀ ਦਿਤਾ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਇਕ ਦਿਨ ਉਪਬਨ ਗਮਨ ਕਿਯ,
ਸ਼ਾਹੁ ਸੰਗ ਗੁਰ ਨੰਦ।
ਮਨਭਾਵਤਿ ਫਿਰ ਕਰਿ ਭਲੇ,
ਰਿਦੇ ਅਨੰਦ ਬਿਲੰਦ ॥੧॥

ਚੌਪਈ:

ਮਾਰਗ ਗਮਨੇ ਨਿਕਟੇ ਦੋਊ।
ਪੀਛੇ ਚਲੇ ਆਇਂ ਸਭਿ ਕੋਊ।
ਅਨਿਕ ਭਾਂਤਿ ਕੀ ਬਾਤਨਿ ਢਲੇ।
ਸਤਿਗੁਰ ਸੁਤ ਔ ਨੌਰੰਗ ਮਿਲੇ ॥੨॥
ਪੰਥ ਪਰੀ ਇਕ ਮਿਰਤਕ ਧੈਨੁ[1]। — [1]ਮੋਈ ਗਊ।
ਦਿੱਲੀ ਪਤਿ ਦੇਖਤਿ ਭਯੋ ਨੈਨ।
ਜਿਹ ਸਮੀਪ ਲਘੁ ਬਤਸ[1] ਖਰਜੋ ਹੈ। — [1]ਛੋਟਾ ਜਿਹਾ ਵੱਛਾ।
ਨਹਿਂ ਕਬਹੂੰ ਮੁਖ ਤ੍ਰਿਨਨਿ ਚਰਜੋ ਹੈ ॥੩॥
ਅਵਿਲੋਕਤਿ ਨੌਰੰਗ ਹੁਇ ਖਰੋ।
ਗੁਰ ਸੁਤ ਕੇ ਬਚ ਕਹਿਬੋ ਕਰੋ।
'ਇਸ ਕੋ ਦੇਖਿ ਦਯਾ ਉਰ ਆਵੈ।
ਛੋਟੋ ਬਤਸ ਅਧਿਕ ਦੁਖ ਪਾਵੈ ॥੪॥
ਹਮ ਹੈਂ ਤੁਰਕ ਦ੍ਰਵਜੋ ਚਿਤ ਹੇਰੇ।
ਤੁਮਰੇ ਹਿੰਦੂ ਧਰਮ ਬਡੇਰੇ।
ਸੰਕਟ ਬਤਸ ਪਾਇ ਬਹੁਤੇਰਾ।
ਮਿਲਹਿ ਨ ਛੀਰ ਮਾਤ ਜਿਸ ਕੇਰਾ ॥੫॥
ਹਮਹਿਂ ਰਹਿਮ ਜੇ ਇਤਨਹੁ ਹੋਯਹੁ।
ਤੁਮਹਿਂ ਅਧਿਖ ਹੁਇਗੋ ਇਮ ਜੋਯਹੁ[1]। — [1]ਇੰਞ ਦੇਖਣ ਨਾਲ।
ਇਸ ਤੇ ਪਰੇ ਧਰਮ ਕਤਾ ਔਰ।
ਦੇਹੁ ਜਿਵਾਇ, ਬਰਹਿਂ ਪੁਨ ਪੌਰ[1]' ॥੬॥ — [1]ਫਿਰ (ਅਸੀਂ ਸ਼ਹਿਰ ਦੇ) ਦਰਵੱਜੇ ਵੜੀਏ।
ਇਮ ਕਹਿ ਸ਼ਾਹੁ ਠਾਂਢ ਹੁਇ ਰਹਜੋ।
ਸੁਨਿ ਸ਼੍ਰੀ ਰਾਮਰਾਇ ਉਰ ਲਹਜੋ।
-ਨੌਰੰਗ ਹਠੀ ਰਹਜੋ ਥਿਤ ਰਹਜੋ।

ਬਿਨਾਂ ਜਿਵਾਏ ਚਲਹਿ ਨ ਕੋਇ- ॥੭॥
ਤਿਹ ਛਿਨ ਜਲ ਅਨਵਾਯਹੁ ਪਾਹੂ।
'ਸੱਤਿਨਾਮ' ਕਹਿ ਲਿਯ ਕਰ ਮਾਂਹੂ।
ਛਿਰਕਜੋ 'ਵਾਹਿਗੁਰੂ' ਮੁਖ ਭਾਖਜੋ।
'ਜੀਵਹਿ ਧੇਨੁ' ਮਨੋਰਥ ਰਾਖਜੋ ॥੮॥
ਸ਼ਾਹੁ ਸਮਾਜ ਸਮੇਤ ਨਿਹਾਰਤਿ।
ਉਠੀ ਧੇਨੁ ਨਿਜ ਬਤਸ ਪੁਕਾਰਤਿ।
ਸਭਿਹਿਨਿ ਮਨ ਮਹਿਂ ਮਾਨਿ ਅਚੰਭਾ-।
ਇਨ ਮਹਿਂ ਅਜ਼ਮਤ ਬਡ ਬਿਨ ਦੰਭਾ-
॥੯॥
ਹਰਖੇ ਬਿਸਮਾਵਤਿ ਬਿਗਸਾਏ।
ਸੁਨਜੋ ਸਭਿਨਿ -ਗੋ ਮਰੀ ਜਿਵਾਏ-।
ਪਸਰਜੋ ਪੁਰੀ ਮਝਾਰ ਬ੍ਰਿਤਾਂਤ।
ਮਿਲਿ ਮਿਲਿ ਜਸੁ ਗਾਵਤਿ ਅਵਦਾਤ[1] [1]ਉੱਜਲ।
॥੧੦॥
'ਮੁਰਦੇ ਕੋ ਜ਼ਿੰਦਾ ਕਰਿ ਦੇਨਿ।
ਇਹ ਤੋ ਅਲਪ ਬਾਤ ਕੁਛ ਹੈ ਨ।
ਜਿਸ ਪਿਤ ਗੁਰ ਅਸ ਅਜ਼ਮਤ ਦੀਨਿ।
ਸ਼ਾਹੁ ਸਮੀਪ ਪਠਾਵਨਿ ਕੀਨਿ ॥੧੧॥
ਤਿਨ ਕੀ ਅਧਿਕ ਮਹਾਂ ਵਡਿਆਈ।
ਕੌਨ ਸਕਹਿ ਕਹਿ ਜਥਾ ਸੁਹਾਈ।
ਧੰਨ ਧੰਨ ਸਤਿਗੁਰੂ ਸੁਜਾਨ।
ਜਿਨ ਕਹੁ ਸੁਤ ਅਤਿ ਅਜ਼ਮਤਵਾਨ'
॥੧੨॥
ਇਮ ਦਿੱਲੀ ਪੁਰ ਮਹਿਂ ਜਸੁ ਹੋਵਾ।
ਆਗੇ ਕਰਹਿਂ ਸੁਨਜੋ ਜਿਸ ਜੋਵਾ।
ਦੇਸ਼ ਬਿਦੇਸ਼ਨਿ ਮਾਂਹਿ ਬ੍ਰਿਤਾਂਤ।
ਜਹਿਂ ਕਹਿਂ ਭਯੋ ਅਧਿਕ ਬੱਖਜਾਤ
॥੧੩॥
ਪੁਨ ਨਿਜ ਡੇਰਨਿ ਕੋ ਚਲਿ ਆਏ।
ਪ੍ਰਵਿਸ਼ਜੋ ਦੁਰਗ ਸ਼ਾਹਿ ਹਰਖਾਏ।
ਪੁਨ ਇਕ ਦਿਨ ਮਹਿਂ ਸਭਾ ਪ੍ਰਵੇਸ਼ੇ।

ਸ਼੍ਰੀ ਗੁਰ ਨੰਦਨ ਸੁਜਸੁ ਵਿਸ਼ੇਸ਼ੇ ॥੧੪॥
ਤਿਸ ਨਿਸ ਤਸਬੀ[1] ਨੌਰੰਗ ਕੇਰੀ।
ਅੰਤਹਿਪੁਰਿ ਮਹਿਂ ਖੋਇ, ਨ ਹੇਰੀ।
ਲਈ ਚੁਰਾਇ ਨਹੀਂ ਕਿਤ ਪਾਈ।
ਲਾਖਹੁੰ ਧਨ ਕੋ ਖਰਚ ਬਨਾਈ ॥੧੫॥
ਅਨਿਕ ਜਵਾਹਿਰ ਜਿਸ ਮਹਿਂ ਲਾਗੇ।
ਜ਼ਾਹਰ ਜਗਮਗ ਜੋਤਿ ਸੁ ਜਾਗੇ।
ਜਿਹ ਸਮਾਨ ਕਿਤ ਪੱਯਤਿ ਨਾਂਹੀ।
ਸ਼ਾਹੁ ਜਤਨ ਤੇ ਰਾਖਹਿ ਪਾਹੀ ॥੧੬॥
ਜਬਿ ਸਤਿਗੁਰ ਨੰਦਨ ਢਿਗ ਗਏ।
ਸਾਦਰ ਬੋਲਿ ਬਿਠਾਵਤਿ ਭਏ।
ਲਗ੍ਯੋ ਬਤਾਵਨਿ 'ਤਸਬੀ ਗਈ।
ਅੰਤਹਿਪੁਰ ਗਮਨ੍ਯੋ ਨਿਸ ਭਈ ॥੧੭॥
ਹੁਤੀ ਹਾਥ ਮਹਿਂ ਜਸੈ ਮੈਂ ਗਯੋ।
ਖਾਨ ਪਾਨ ਨਿੰਦ੍ਰਾ ਬਸਿ ਭਯੋ।
ਅੰਤਰ ਹੀ ਕਿਨ ਲੀਨਿ ਚੁਰਾਈ।
ਜਾਗ੍ਯੋ ਬਹੁਰਿ ਹਾਥ ਨਹਿਂ ਆਈ ॥੧੮॥
ਬੇਗਮ ਆਦਿਕ ਦਾਸੀ ਬ੍ਰਿੰਦ।
ਕਹਿ ਸਭਿ ਸੋਂ ਡਰ ਦੀਨਿ ਬਿਲੰਦ।
ਨਹਿਂ ਕਿਨ ਮਾਨੀ, ਦਈ ਨ ਫੇਰੇ[1]।
ਲਾਖਹੁੰ ਧਨ ਜਿਹ ਲਗ੍ਯੋ ਬਡੇਰ ॥੧੯॥
ਤਿਂਹ ਸਮਾਨ ਪੱਯਤਿ ਨਹਿਂ ਆਨ।
ਬਡੇ ਜਤਨ ਤੇ ਆਇਸਿ ਪਾਨ।
ਆਦਿ ਨਜੂਮੀ ਜੇਤਿਕ ਸਜਾਨੇ।
ਸਭਿ ਪਚ ਰਹੇ, ਨ ਕਿਸ ਢਿਗ ਮਾਨੇ[1] ॥੨੦॥
ਆਪ ਬਤਾਵਹੁ ਗੇ ਜਬਿ ਤਾਂਹੀ।
ਤਬਿ ਪ੍ਰਾਪਤਿ ਹ੍ਵੈ ਹਮ ਕਰ ਮਾਂਹੀ।
ਨਾਂਹਿ ਤ ਗਈ ਨ ਪਾਵਹਿ ਕੋਈ।
ਜਿਹ ਸਮ ਅਪਰ ਨ ਕ੍ਯੋਂਹੂੰ ਹੋਈ ॥੨੧॥

[1]ਮਾਲਾ।

[1]ਮੋੜਕੇ ਨਹੀਂ ਦਿੱਤੀ।

[1]ਮਾਲਾ) ਕਿਸ ਦੇ ਪਾਸ ਹੈ? (ਨਜੂਮੀ ਆਦਿਕ) ਸਾਰੇ ਖਪ ਰਹੇ, ਕੋਈ (ਮਾਨੇ =) ਅਨੁਮਾਨ ਨਾ ਲਾ ਸਕਿਆ।

ਬਨਹਿ ਨ ਤੈਸੀ ਬਹੁ ਧਨ ਲਾਗੇ।
ਜਰੇ ਜਵਾਹਰ ਜ਼ਾਹਰ ਜਾਗੇ।'
ਸੁਨਿ ਸ਼੍ਰੀ ਰਾਮਰਾਇ ਤਬਿ ਕਹੀ।
'ਅੰਤਹਿ ਪੁਰ ਮਹਿਂ ਤਸਬੀ ਰਹੀ ॥੨੨॥
ਅਮਕੀ ਬੇਗਮ ਨੇ ਕਰ ਲੀਨੀ।
ਧਰੀ ਚੁਰਾਇ ਨ ਕਿਨਹੂੰ ਚੀਨੀ।
ਤਿਸ ਕੇ ਘਰ ਅੰਤਰ ਘਰ ਜੋਇ।
ਦੱਖਣ ਦਿਸ਼ਿ ਕੀ ਭੀਤੀ[1] ਜੋਇ ॥੨੩॥
ਤਹਾਂ ਤਾਕ ਇਕ ਗੁਪਤ ਨਿਹਾਰਹੁ।
ਤਿਸ ਮਹਿਂ ਰਾਖੀ ਜਾਇ ਸੰਭਾਰਹੁ।'
ਸਕਲ ਪਤੇ ਸੁਨਿ ਨੌਰੰਗ ਗਯੋ।
ਘਰ ਮਹਿਂ ਘਰ ਸੁ ਪ੍ਰਵੇਸ਼ਹਿ ਕਿਯੋ ॥੨੪॥
ਖਰੇ ਹੋਇ ਸੋ ਤਾਕ ਖੁਲ੍ਹਾਯੋ।
ਅੰਤਰ ਤੇ ਸੰਪੁਟ ਨਿਕਸਾਯੋ।
ਤਿਸ ਮਹਿਂ ਤੇ ਤਸਬੀ ਨਿਕਸੀ ਹੈ।
ਜੋਤਿ ਜਵਾਹਰ ਕੀ ਬਿਗਸੀ ਹੈ ॥੨੫॥
ਹਰਖ਼ਯੋ ਸ਼ਾਹੁ ਸਭਾ ਲੇ ਆਯੋ।
ਕਰ ਮਹਿਂ ਧਰਿ ਸਭਿ ਕੇ ਦਿਖਰਾਯੋ।
'ਗੁਰ ਨੰਦਨ ਜੇ ਨਹੀਂ ਬਤਾਵੈ।
ਤੌ ਤਸਬੀ ਇਹ ਹਾਥ ਨ ਆਵੈ ॥੨੬॥
ਐਸੇ ਗੁਪਤ ਸਥਲ ਮਹਿਂ ਧਰੀ।
ਨਹਿ ਕਯੋਂਹੂੰ ਜਹਿਂ ਹੇਰਨਿ ਕਰੀ[1]।'
ਇਮ ਗੁਰ ਸੁਤ ਕੋ ਕਰਹਿ ਸਰਾਹਨਿ।
ਜਿਸ ਤੇ ਹੁਇਂ ਦੁਰਜਨ ਉਰ ਦਾਹਨ ॥੨੭॥
ਪੁਨ ਇਕ ਦਿਨ ਮਹਿਂ ਸਭਾ ਲਗਾਈ।
ਸਭਿ ਉਮਰਾਵ ਮਿਲੇ ਸਮੁਦਾਈ।
ਤਬਿ ਅੰਗ੍ਰੇਜ਼ ਪੁਰੀ ਮਹਿਂ ਆਵਾ।
ਮਿਲਨਿ ਸ਼ਾਹਿ ਸੋਂ ਭਾਖਿ ਪਠਾਵਾ ॥੨੮॥
ਵਸਤੁ ਅਜਾਇਬ ਲੇ ਕਰਿ ਸੋਇ।

[1]ਕੰਧ।

[1]ਜਿੱਥੇ ਕਿਸੇ ਤਰ੍ਹਾਂ ਦਿਖ ਨਹੀਂ ਸੀ ਸਕਦੀ।

ਆਯੋ ਸਭਾ ਬੀਚ ਅਵਿਲੋਇ।
ਦੇ ਕਰਿ ਨੌਰੰਗ ਕੋ ਤਬਿ ਮਿਲੵੋ।
ਮੋਤੀ ਏਕ ਮਨਹੁਂ ਕਿਨ ਢਲੵੋ ॥੨੯॥
ਬ੍ਰਤਲਾਕਾਰ[1] ਏਕ ਸਮ ਸਾਰੋ।
ਕਰ ਪਰ ਪਰੵੋ ਦਿਪੈ ਉਜੀਆਰੋ।
ਜੇ ਮੁਕਤਾ ਕੇ ਗੁਨ ਸਮੁਦਾਯਾ।
ਸੋ ਤਿਸ ਬਿਖੇ ਮਹਾਂ ਦਿਪਤਾਯਾ ॥੩੦॥
ਅਪਰ ਵਸਤੁ ਬਹੁ ਮੋਲੀ ਦੈ ਕੈ।
ਮਿਲੵੋ ਸ਼ਾਹੁ ਬਹੁ ਲਿਯੋ ਰਿਝੈ ਕੈ।
ਜੋ ਕਾਰਜ ਤਿਸ ਕੋ ਕਰਿ ਦੀਨਾ।
ਪੁਨ ਅੰਗ੍ਰੇਜ਼ ਪਯਾਨੋ ਕੀਨਾ ॥੩੧॥
ਤਿਸ ਪਸ਼ਚਾਤ ਸੁ ਮੁਕਤਾ ਲੈ ਕੈ।
ਬੇਗਮ ਨਿਕਟਿ ਗਯੋ ਹਿਤ ਕੈ ਕੈ।
ਅਧਿਕ ਸਨੇਹ ਜਾਂਹਿ ਸੰਗ ਲਾਗਾ।
ਤਿਸਹਿ ਦਿਖਾਯਹੁ ਧਰਿ ਕਰਿ ਆਗਾ ॥੩੨॥
'ਭੂਖਨ ਬਿਖੈ ਪਹਿਰ ਇਹ, ਪਜਾਰੀ!
ਜਿਸ ਤੇ ਹੋਇ ਜ਼ਿਬਾਇਸ਼[1] ਭਾਰੀ।
ਦੂਰ ਦੇਸ਼ ਤੇ ਆਨੵੋ ਏਹੀ।
ਅਧਿਕ ਪਜਾਰ ਸਭਿ ਬੇਗਮ ਤੇਹੀ' ॥੩੩॥
ਦੇਖਤਿ ਹੀ ਮੁਕਤਾ ਹਰਖਾਈ।
ਅਧਿਕ ਆਬ, ਸਮ ਏਕ ਗੁਲਾਈ।
'ਸੁਨਹੁ ਸ਼ਾਹੁ ਜੀ! ਹੈ ਇਹੁ ਨੀਕੋ।
ਤਉ ਮਨੋਰਥ ਪੁਰਹੁ ਨ ਜੀ ਕੋ ॥੩੪॥
ਇਕ ਮੁਕਤਾ ਤੇ ਹੋਇ ਨ ਕਾਮਾ।
ਨਥ ਮਹਿਂ ਕਜੋਂ ਲਾਗਹਿ ਅਭਿਰਾਮਾ।
ਯਾਂ ਤੇ ਇਸ ਜੋਟੀ ਕੋ ਔਰ।
ਕਰਹੁ ਖੁਜਾਵਨਿ ਹੈ ਜਿਸ ਠੌਰ ॥੩੫॥
ਪੁਨ[†] ਇਹ ਸਜਹਿ ਪਰਹਿ ਨਥ ਮਾਂਹੀ।'
ਸੁਨਤਿ ਸ਼ਾਹੁ ਕਹਿ 'ਦੂਸਰ ਨਾਂਹੀ।
ਸਾਗਰ ਟਾਪੂ ਤੇ ਇਹ ਆਯੋ।

[1]ਗੋਲਾਕਾਰ।

[1]ਫਬਨ, ਸਜਾਵਟ, ਦੁਤੀ।

[†]ਪਾ:-ਜਗ।

ਆਨ ਸਥਾਨ ਨਹੀਂ ਅਸ ਪਾਯੋ' ॥੩੬॥
ਚਿਤਵਤਿ ਚਿਤ ਮਹਿਂ -ਕਿਤ ਤੇ ਪਾਊਂ?
ਬਿਕਤਿ ਹੋਇ[1], ਦੇ ਦਰਬ ਮੰਗਾਊਂ-।' [1]ਜੇ ਵਿਕਦਾ ਹੋਵੇ।
ਬੇਗਮ ਸੰਗ ਕਹਤਿ ਭਜੋ ਸ਼ਾਹੂ।
'ਖੁਜਵਾਵਹੁ ਪ੍ਰਾਪਤਿ ਥਲ ਜਾਂਹੂ' ॥੩੭॥
ਤਬਿ ਅਗਲੇ ਦਿਨ ਸਭਾ ਲਗਾਈ।
ਭਏ ਸਭਾਸਦ ਮਿਲਿ ਸਮੁਦਾਈ।
ਪੁਨ ਸ਼੍ਰੀ ਰਾਮਰਾਇ ਚਲਿ ਆਯੋ।
ਸਾਦਰ ਸ਼ਾਹੁ ਕਹਜੋ ਬੈਠਾਯੋ ॥੩੮॥
ਦੇਖਤਿ ਹੀ ਮਨ ਮਹਿਂ ਫੁਰਿ ਆਈ।
-ਇਨ ਤੇ ਮੁਕਤਾ ਲੇਹੁਂ ਮੰਗਾਈ-।
ਗੁਰ ਸੁਤ ਸੋਂ ਤਬਿ ਸ੍ਵਾਲ ਬਖਾਨਾ।
ਤਿਸ ਮੁਕਤਾ ਕੋ ਧਰਿ ਨਿਜ ਪਾਨਾ[1] ॥੩੯॥ [1]ਹੱਥ ਉੱਤੇ ਧਰ ਕੇ।
'ਅਸ[†] ਇਕ ਅਪਰ ਮਿਲੈ ਇਸ ਸਾਥ। [†]ਪਾ:-ਇਸ।
ਦੇਹਿ ਜ਼ਿਬਾਇਸ਼ ਪਰਿ ਕੈ ਨਾਥ[1]। [1]ਨੱਥ ਵਿਚ ਪੈ ਕੇ।
ਖੋਜੇ ਕਿਤ ਹੂੰ ਹਾਥ ਨ ਆਵੈ।
ਜਾਚਜੋ ਦਰਬ ਦੇਉਂ ਜੇ ਪਾਵੈ ॥੪੦॥
ਯਾਂ ਤੇ ਤੁਮ ਮੁਕਤਾ ਇਕ ਲਜਾਵਹੁ।
ਸਦਨ ਆਪ ਕੇ ਹੋਇ ਮੰਗਾਵਹੁ।
ਤੁਮਰੋ ਬਡੋ ਗੁਰੂ ਜੋ ਭਯੋ।
ਸ਼੍ਰੀ ਹਰਿਗੋਬਿੰਦ ਨਾਮ ਜੁ ਥਯੋ ॥੪੧॥
ਮੁਹਿ ਦਾਦਾ ਕਹੁ ਦੀਨਸਿ ਮਾਲਾ।
ਅਦਭੁਤ ਮਣਕੇ ਸੁਨੇ ਬਿਸਾਲਾ।
ਇਕ ਸੌ ਚਾਰ ਹੁਤੇ ਗਿਨਤੀ ਮੈਂ।
ਖੋਜਿ ਥਕੇ ਨਹਿਂ ਕਿਤਹੁਂ ਲਹੀ ਮੈਂ ॥੪੨॥
ਹੋਇ ਆਪ ਕੇ ਘਰ ਮੁਕਤਾ ਕੋ[1]। [1]ਕੋਈ।
ਇਹ ਸਮ ਦਿਹੁ ਮੰਗਾਇ ਕਹਿ ਤਾਂ ਕੋ।'
ਸੁਨਿ ਸ਼੍ਰੀ ਰਾਮਰਾਇ ਕਹਿ 'ਦੈ ਹੈਂ।
ਪ੍ਰਾਤਿ ਕਚਹਿਰੀ ਮੈਂ ਲੈ ਐ ਹੈਂ' ॥੪੩॥
ਅਸ ਕਹਿ ਆਗਲ ਦਿਨ ਲੇ ਗਯੋ।

ਤਿਹ ਕੇ ਸਦ੍ਰਿਸ ਮਿਲਾਵਤਿ ਭਯੋ।
ਰੰਗ ਰੂਪ ਆਕ੍ਰਿਤ[1] ਮਹਿਂ ਜੈਸੇ। [1]ਆਕਾਰ।
ਦੂਸਰ ਦਯੋ ਸ਼ਾਹੁ ਕੋ ਤੈਸੇ ॥੪੪॥
ਨੌਰੰਗ ਹਰਖ ਕਰਜੋ ਲੇ ਗਯੋ।
ਬੇਗਮ ਕੋ ਪਹਿਰਾਵਤਿ ਭਯੋ।
ਕਵਿ ਸੰਤੋਖ ਸਿੰਘ ਉਸਤਤਿ ਕੀਨਿ।
ਅਜ਼ਮਤ ਕੋ ਮੁਕਤਾ ਰਚਿ ਦੀਨਿ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

## ੫੧. [ਖਾਧਾ ਹੋਇਆ ਦੱਸਿਆ। ਖਟ ਰੁਤਾਂ ਦੇ ਮੇਵੇ ਇਕੱਠੇ। ਅੱਗ ਦੇ ਬਾਗ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੨

ਦੋਹਰਾ:
ਪੁਨ ਇਕ ਦਿਨ ਆਏ ਸਭਾ, ਨੰਦਨ ਸ੍ਰੀ ਹਰਿਰਾਇ।
ਸਨਮਾਨਤਿ ਨੌਰੰਗ ਤੇ, ਬੈਠੇ ਮੋਦ ਉਪਾਇ ॥੧॥
ਚੌਪਈ:
ਕਹਤਿ ਸ਼ਾਹਿ 'ਹਮ ਖਾਯੋ ਆਜ।
ਦਿਹੁ ਬਤਾਇ ਸੋ ਸਭਾ ਸਮਾਜ।
ਕਿਤਿਕ ਭਾਂਤਿ ਕੋ ਆਮਿਖ ਖਾਯੋ।
ਅਪਰ ਵਸਤੁ ਕਜਾ ਮੁਖ ਮਹਿਂ ਪਾਯੋ ॥੨॥
ਤੁਮ ਕਹੁ ਬਡੀ ਬਾਤ ਨਹਿਂ ਕੋਈ।
ਦੇਹੁ ਬਤਾਇ ਤ੍ਰਿਕਾਲ ਜੁ ਹੋਈ[1]।
ਤਉ ਆਜ ਕੋ ਅਚਜੋ ਜੁ ਖਾਨਾ।
ਆਪ ਸੁਨਾਵਹੁ ਸਭਿ ਕੇ ਕਾਨਾ' ॥੩॥
ਸੁਨਿ ਸ਼੍ਰੀ ਰਾਮਰਾਇ ਬਚ ਸ਼ਾਹੂ।
ਕਰੇ ਬਤਾਵਨਿ ਜੋ ਕਿਛ ਖਾਹੂ।
'ਪੰਚ ਤਰਹਿ ਕੋ ਆਮਿਖ ਖਾਯੋ।
ਤੀਨ ਰੀਤਿ ਓਦਨ[1] ਮਿਲਵਾਯੋ ॥੪॥
ਚਾਰ ਬਿਧਿਨਿ ਕੇ ਫਲ ਸ਼ੁਭ ਖਾਏ।'
ਇੱਤਜਾਦਿਕ ਸਭਿ ਅਪਰ ਬਤਾਏ।
ਜਿਤੀ ਬੇਰ ਮੁਖ ਪੀਯਹੁ ਪਾਨੀ।
ਭੋਜਨ ਕਰਤਿ ਕਹੀ ਜਿਮ ਬਾਨੀ ॥੫॥
ਜੇ ਸਮੀਪ ਪਾਚਕ[1] ਸੁ ਬਤਾਏ।
ਦਾਸ ਨਿਕਟਿ ਕੇ ਸੋ ਗਿਨਵਾਏ।
ਬਾਸਨ ਧਰੇ ਅਗਾਰੀ ਜੇਤੇ।
ਭਿੰਨ ਭਿੰਨ ਭਾਖੇ ਤਬਿ ਤੇਤੇ ॥੬॥
ਅਚਜੋ ਜੁ ਥੋੜਾ, ਸੋ ਕਹਿ ਦੀਨਿ।
ਅਪਰ ਸੁਨਾਏ ਗ੍ਰਾਸ ਜਿ ਕੀਨਿ।
ਇਸ ਪ੍ਰਕਾਰ ਜਬਿ ਦਿਯੋ ਬਤਾਈ।

[1]ਤਿੰਨਾਂ ਕਾਲਾਂ ਵਿਚ ਜੋ ਕੁਛ ਹੁੰਦਾ ਹੈ।
[1]ਚਾਵਲ।
[1]ਰਸੋਈਏ।

ਸੁਨਿ ਸੁਨਿ ਸ਼ਾਹੁ ਸਭਾ ਬਿਸਮਾਈ ॥੭॥
-ਮਨਹੁਂ ਨਿਕਟਿ ਬੈਠੇ ਇਨ ਗਨੇ।
ਜਸੋਂ ਕੀ ਤਸੋਂ ਸਗਰੀ ਬਿਧਿ ਭਨੇ।
ਮਹਿਦ ਸ਼ਕਤਿ ਕੁਛ ਲਖੀ ਨ ਜਾਇ-।
ਨੌਰੰਗ ਸੁਨਿ ਸੁਨਿ ਹਰਖ ਉਪਾਇ ॥੮॥
ਪੁਨ ਫਲ ਖੈਬੇ ਕੀ ਬਹੁ ਬਾਤ।
ਸਭਾ ਬਿਖੈ ਪਰਬ੍ਰਿਤਯੋ ਬ੍ਰਿਤਾਂਤ।
ਕੋ ਕਿਸ ਫਲਹਿ ਸਰਾਹਤਿ ਭਯੋ।
ਕਿਸਹੂੰ ਅਪਰ ਸ੍ਵਾਦ ਕਹਿ ਦਿਯੋ ॥੯॥
ਖਸ਼ਟ ਰੁਤਨਿ ਕੇ ਜੇ ਫਲ ਅਹੈਂ।
ਭਿੰਨ ਭਿੰਨ ਸ੍ਵਾਦ ਰੁ ਗੁਨ ਕਹੈਂ।
ਤਬਿ ਮੁਸਕਾਵਤਿ ਸ਼ਾਹਿ ਬਖਾਨਾ।
'ਸੁਨਹੁਂ ਗੁਰੂ ਸੁਤ ਅਜ਼ਮਤਵਾਨਾ!
॥੧੦॥
ਤੁਮ ਸਮਾਨ ਮੈਂ ਅਪਰ ਨ ਜਾਨਾ।
ਚਹਹੁ ਕਰਹੁ ਤੁਮ ਮਹਿਦ ਮਹਾਨਾ।
ਇਕ ਅਭਿਲਾਖਾ ਮੁਝ ਮਨ ਮਾਂਹੂ।
ਸੋ ਅਬਿ ਕਹੌਂ ਆਪਕੇ ਪਾਹੂ ॥੧੧॥
ਖਸ਼ਟ ਰੁਤਨਿ ਕੇ ਮੇਵੇ ਜੇਈ।
ਫਲ ਅਰੁ ਫੂਲ ਸਕਲ ਅਬਿ ਤੇਈ।
ਏਕ ਬਾਰ ਹੀ ਅਬਿ ਦਿਖਰਾਵਹੁ।
ਮਨ ਭਾਵਤਿ ਮੁਝ ਦੇਹੁ ਖੁਵਾਵਹੁ' ॥੧੨॥
ਸੁਨਿ ਸ਼੍ਰੀ ਰਾਮਰਾਇ ਬਚ ਭਾਖਾ।
'ਹਮ ਕਰਿ ਦੇਹਿਂ ਪੂਰ ਅਭਿਲਾਖਾ।'
ਫਲ ਰਸਾਲ ਆਦਿਕ ਮੰਗਵਾਏ।
ਸ਼ਾਹੁ ਅਗਾਰੀ ਭੇ ਸਮੁਦਾਏ ॥੧੩॥
ਨਿਜ ਕਰ ਤੇ ਗੁਰ ਸੁਤ ਧਰਿ ਦੇਤਿ।
ਹੋਤਿ ਪ੍ਰਮੋਦ ਸ਼ਾਹਿ ਸਭਿ ਲੇਤਿ।
ਜਾਮਨ, ਖਿਰਣੀ, ਰੁਚਿਰ ਖਜੂਰ।
ਆੜੂ, ਆਮਰੂਦ ਫਲ ਰੂਰ ॥੧੪॥
ਕਟਲ[1], ਬਢਲ[2] ਅਰ ਸੇਉ, ਅਨਾਰ।
ਖਰਬੂਜੇ, ਖਾਰਕ[1], ਸਹਕਾਰ[2]।

[1]ਕਟਹਰ। [2]ਢੇਉ।
[1]ਛੁਹਾਰੇ। [2]ਕਲਮੀ ਅੰਬ [ਸੰਸ. ਸਹਕਾਰ]

ਸੰਗਤਰੇ, ਨਿੰਬੂ, ਨੌਰੰਗੀ।
ਕਦਲੀ[1] ਫਲ, ਅੰਗੂਰ ਸੁਰੰਗੀ ॥੧੫॥
ਖੋਪਾ, ਜ਼ਰਦਾਲੂ, ਨਸ਼ਪਾਤੀ।
ਦਾਖ, ਬਦਾਮ, ਸਰਸ[1] ਬਹੁ ਜਾਤੀ।
ਬਦਰੀ ਫਲ[1], ਤਰਬੂਜ਼, ਬਟੰਕ[2]।
ਸਰਦੇ[1] ਮੰਗਵਾਏ ਇਕ ਅੰਕ[2] ॥੧੬॥
ਤੁਰਸ਼ ਫਾਲਸੇ, ਕੰਦਬਿਦਾਰੀ।
ਜ਼ਿਮੀਕੰਦ[1] ਫਲਹਰ ਤਿਸ ਬਾਰੀ[2]।
ਅਪਰ ਕਹਾਂ ਲਗਿ ਕਹਿੰ ਫਲ ਜਾਤੀ।
ਧਰੇ ਸ਼ਾਹੁ ਆਗੇ ਬੱਖਜਾਤੀ ॥੧੭॥
ਫਲ ਸਮੂਹ ਬਿਦਤਾਏ ਜਜੋਂ ਜਜੋਂ।
ਅਚਰਜ ਹੋਤਿ ਸਭਿਨਿ ਮਤਿ ਤਜੋਂ ਤਜੋਂ।
ਬ੍ਰਿੰਦ ਫਲਨਿ ਕੋ ਸ਼ਾਹੁ ਅਗਾਰੀ।
ਦਿਖਤਿ, ਨ ਲਖੀ ਜਾਇ, ਮਤਿ ਹਾਰੀ ॥੧੮॥
-ਬੈਠੇ ਕਿਤ ਤੇ ਏਹ ਮੰਗਾਏ।
ਹੋਤਿ ਬਲਾਇਤ ਮੈਂ, ਸੇ ਆਏ।
ਖ਼ਸ਼ਟ ਰੁਤਨਿ ਕੇ ਉਪਜਨ ਵਾਰੇ।
ਇਕ ਦਿਨ ਭੇ ਸਭਿ ਸਭਾ ਨਿਹਾਰੇ- ॥੧੯॥
ਅਧਿਕ ਪ੍ਰਸੰਨ ਸ਼ਾਹੁ ਹੁਇ ਰਹਜੋ।
ਗੁਰ ਸੁਤ ਕੋ ਜਸੁ ਬਹੁ ਮੁਖ ਕਹਜੋ।
ਅਧਿਕ ਸ੍ਵਾਦ ਜਬਿ ਲੇ ਕਰਿ ਖਾਏ।
ਬਹੁਤ ਸਰਾਹ ਸ੍ਵਾਦ ਸਮੁਦਾਏ ॥੨੦॥
'ਬਹੁ ਉਪਬਨ ਫਲ ਅਚੇ ਜੁ ਆਗੇ।
ਤਿਨ ਕੋ ਨਹੀਂ ਸ੍ਵਾਦ ਅਸ ਲਾਗੇ।
ਅਧਿਕ ਮਧੁਰਤਾ ਅਰੁ ਤੁਰਸ਼ਾਈ।
ਅਚਹਿ ਅਜਾਇਬ ਕਹਜਨ ਜਾਈ'

[1]ਕੇਲੇ।

[1]ਵਧੀਆ। (ਅ) ਸਹਤ ਰਸੇ ਦੇ।

[1]ਬੇਰ। [2]ਇਕ ਤਰ੍ਹਾਂ ਦੀ ਨਾਖ।

[1]ਕਾਬੁਲੀ ਖ਼ਰਬੂਜ਼ੇ। [2]ਇਕੇ ਵੇਰੀ।

[1]ਜ਼ਿਮੀਕੰਦ ਤੇ ਕੰਦਬਿਦਾਰੀ ਜੜ ਗੰਢਾਂ ਹਨ, ਪਹਿਲੀ ਤਰਕਾਰੀ ਦੇ ਕੰਮ ਦੇ ਦੂਜੀ ਚਯਵਨ ਪਾਕ ਤੇ ਹੋਰ ਦਵਾਵਾਂ ਵਿਚ ਪੈਂਦੀ ਹੈ। [2]ਫਲਹਰ ਤਿਸ ਬਾਰੀ = ਬਨ ਦੇ ਫਲ ਉਸੇ ਵੇਲੇ [ਹਿੰ: ਫਲਹਰੀ = ਬਨ ਦੇ ਫਲ। ਫਲ। ਮੇਵੇ] (ਅ) ਹਰਿਤ ਸਬਾਰੀ = ਹਰੇ ਤੇ ਗਿੱਲੇ [ਸਬਾਰੀ = ਪਾਣੀ ਵਾਲੇ]

॥੨੧॥
ਕਤਹੁੰ ਨ ਸ਼ਾਹਿ ਇਤੇ ਫਲ ਖਾਏ।
ਰੁਚਿ ਸੋਂ ਅਚਹਿ ਅਧਿਕ ਮਧੁਰਾਏ।
ਸਭਾ ਬਿਖੈ ਸਭਿਹਿਨਿ ਕੌ ਦੀਨੇ।
ਅਚਹਿਂ ਸ੍ਵਾਦ ਕੁਛ ਪਰਹਿ ਨ ਚੀਨੇ ॥੨੨॥
ਹੁਇ ਅਚਰਜ ਤਬਿ ਸ਼ਾਹ ਉਚਾਰਾ।
'ਕਹਾਂ ਲਗਯੋ ਅਸ ਬਾਗ ਉਦਾਰਾ?
ਜਿਸ ਮਹਿਂ ਤੇ ਅਸ ਫਲ ਮੰਗਵਾਏ।
ਖਟ ਰੁਤ ਕੇ ਇਕ ਦਿਨ ਮਹਿਂ ਖਾਏ ॥੨੩॥
ਅਸ ਉਪਬਨ ਦਿਖਰਾਵਹੁ ਮੋਹੀ।
ਤੁਰਸ਼ ਮਧੁਰਫਲ ਸ੍ਵਾਦਲ ਹੋਹੀ।
ਤਿਸਕੀ ਪੌਧ[1] ਲਹੈਂ ਸਮੁਦਾਈ[2]।
ਅਪਨੇ ਬਾਗਨਿ ਦੇਹੁਂ ਲਗਾਈ ॥੨੪॥
ਅਧਿਕ ਦੂਰ ਹੁਇ ਮਨੁਜ ਪਠਾਵਹੁਂ।
ਹਮਰੇ ਹਿਤ ਲਘੁ ਬੂਟ ਮੰਗਾਵਹੁ।
ਅਦਭੁਤ ਸ੍ਵਾਦ ਲਗਹਿ ਫਲ ਜੋਇ।
ਨਿਤ ਖੈਬੇ ਹਿਤ ਹਮ ਕੋ ਹੋਇਂ ॥੨੫॥
ਸੁਨਿ ਸ੍ਰੀ ਰਾਮਰਾਇ ਨੇ ਭਾਖਾ।
'ਜੇ ਅਸ ਬਾਗ ਪਿਖਿਨਿ ਅਭਿਲਾਖਾ।
ਸੋ ਹਮ ਤੁਮ ਕੋ ਦੇਹਿਂ ਦਿਖਾਈ।
ਤਹਿ ਕੀ ਪੌਧ[1] ਨ ਕਿਨਹੂੰ ਪਾਈ ॥੨੬॥
ਇਕ ਸਤਿਗੁਰ ਕੇ ਘਰ ਹੀ ਰਹੈ।
ਅਪਰਨਿ ਕੋ ਅਧਿਕਾਰ ਨ ਅਹੈ।
ਜਸ ਅਚਰਜ ਫਲ ਪਿਖੇ ਰੁ ਖਾਏ।
ਤਸ ਅਚਰਜ ਕੋ ਬਾਗ ਲਗਾਏ ॥੨੭॥
ਸਾਵਧਾਨ ਹੁਇ ਦੇਖਹੁ ਨੈਨ।
ਇਮ ਕਹਿ ਕਰਿ ਗੁਰ ਨੰਦਨ ਬੈਨ।
ਕੁਛ ਅਕਾਸ਼ ਲਗਿ ਦ੍ਰਿਸ਼ਟਿ ਲਗਾਈ।
ਪ੍ਰਥਮ ਸਭਿਨਿ ਅਗਨੀ ਦ੍ਰਿਸ਼ਟਾਈ ॥੨੮॥

[1]ਬੂਝੇ। (ਅ) ਪਨੀਰੀ। [2]ਤਿਸ ਦੇ ਸਾਰੀਆਂ (ਕਿਸਮਾਂ ਦੇ) ਬੂਟੇ ਲੇਕੇ।

ਸ਼ਾਹੁ ਸਮੇਤ ਸਭਾ ਕੇ ਦੇਖਹਿਂ।
ਹੁਇ ਤੁਸ਼ਨ ਬਿਸਮਾਇ ਬਿਸੇਖਹਿਂ।
ਅਰਧ ਕੋਸ ਲੌ ਜ੍ਵਲਤੀ ਆਗ।
ਤਿਸ ਕੇ ਊਪਰ ਸੁੰਦਰ ਬਾਗ ॥੨੯॥
ਬਿਗਸੇ ਰੰਗ ਰੰਗ ਕੇ ਫੂਲ।
ਹਰੇ ਹਰੇ ਦਲ ਮੋਟੇ ਮੂਲ[1]।
ਪਾਕੇ ਫਲ ਕੇ ਗੁੱਛੇ ਘਨੇ।
ਪੀਤ ਰਕਤ ਦੀਖਤਿ ਰਸ ਸਨੇ ॥੩੦॥
ਏਕਸਾਰ ਤਸ ਪੰਕਤਿ ਠਾਂਢੀ।
ਜ੍ਵਲਤਿ ਅਗਨਿ ਨੀਚੇ ਜਿਸ ਗਾਢੀ।
ਦਲ ਸੰਘਨੇ ਮੰਜਰੀ[1] ਜੁਤਿ ਸੋਹੇ।
ਆਂਬ ਮੌਰ[1] ਜੁਤਿ ਪਿਖਿ ਮਨ ਮੋਹੇ ॥੩੧॥
ਸਰਬ ਜਾਤਿ ਕੇ ਤਰੁਵਰੁ ਖਰੇ।
ਨਾਮ ਕੌਨ ਲੇ ਗਿਨਤੀ ਕਰੇ।
ਦੇਖਤਿ ਸ਼ਾਹੁ ਮੋਦ ਉਪਜਾਵਤਿ।
-ਦਿਨ ਪ੍ਰਤਿ ਅਚਰਜ ਅਧਿਕ ਦਿਖਾਵਤਿ ॥੩੨॥
ਲਗਜੋ ਆਗ ਪਰ ਬਾਗ ਬਿਸਾਲਾ।
ਨਹਿਂ ਕੁਮਲਾਹਿਂ ਖਰੇ ਤਰੁ ਡਾਲਾ।
ਫਲ ਦਲ ਫੂਲ ਅਨੇਕ ਸੁਹਾਏ।
ਬਿਦਤ ਸਭਿਨਿ ਕਹੁ ਭਲੇ ਦਿਖਾਏ ॥੩੩॥
ਕੌਨ ਕੌਨ ਗਿਨੀਅਹਿਂ ਗੁਨ ਇਨ ਕੇ।
ਅਦਭੁਤ ਚਲਿਤ ਜਾਨੀਅਹਿ ਜਿਨ ਕੇ-।
ਇਸ ਪ੍ਰਕਾਰ ਜਸ ਕਹਹਿਂ ਘਨੇਰੇ।
'ਸਭਿ ਪੀਰਨ ਕੇ ਪੀਰ ਬਡੇਰੇ' ॥੩੪॥
ਕੇਤਿਕ ਘਰੀ ਦਿਖਾਯਹੁ ਬਾਗ।
ਬਡੀ ਪ੍ਰਕਾਸ਼ ਰਹੀ ਤਰ[1] ਆਗ।
ਪੁਨਹਿ ਦੀਖਿਬੇ ਤੇ ਰਹਿ ਗਯੋ।
ਕਹਹਿਂ ਪਰਸਪਰ ਅਚਰਜ ਨਯੋ ॥੩੫॥
ਪੁਰਿ ਸਗਰੇ ਮਹਿਂ ਪੌਰਨਿ ਪੌਰ।

[1]ਜੜਾਂ।
[1]ਤੁਲਸੀ ਆਦਿਕਾਂ ਦੀਆਂ ਮੁੰਜਰਾਂ ਵਰਗੇ ਫੁਲ।
[1]ਬੌਰ ਯਾ ਬੂਰ।
[1]ਹੇਠ।

ਘਰ ਘਰ ਮਹਿ ਸਭਿ ਠੌਰਹਿ ਠੌਰ।
ਗੁਰ ਨੰਦਨ ਅਜ਼ਮਤ ਕੀ ਬਾਤ।
ਮਿਲਿ ਮਿਲਿ ਕਹਹਿਂ ਮਹਦ ਬੱਖਜਾਤ
॥੩੬॥
'ਕੌਨ ਸਕੈ ਕਰਿ ਅਨਬਨ ਏਤੀ।
ਨਿਤ ਪ੍ਰਤਿ ਕਰਤਿ ਦਿਖਾਵਤਿ ਜੇਤੀ।'
ਸਭਿ ਹੀ ਸ਼ਰਧਾ ਅਧਿਕ ਬਧਾਵੈਂ।
ਅਰਪਹਿਂ ਭੇਟ ਆਨਿ ਦਰਸਾਵੈਂ ॥੩੭॥
ਚਰਨਾਂਮ੍ਰਿਤ ਕੀ ਪਾਹੁਲ ਲੇਤਿ।
ਜਥਾਸ਼ਕਤਿ ਧਨ ਕੋ ਨਰ ਦੇਤਿ।
ਰਹਹਿ ਭੀਰ ਨਿਤ ਦਰਸ ਕਰਨ ਕੀ।
ਪੂਰ ਭਾਵਨਾ ਕਰਹਿਂ ਨਰਨਿ ਕੀ ॥੩੮॥
ਦੋਹਰਾ:
ਬੀਤ ਗਏ ਕੇਤਿਕ ਦਿਵਸ, ਦਿੱਲੀ ਪੁਰੀ
ਮਝਾਰ।
ਕਵਿ ਸੰਤੋਖ ਸਿੰਘ ਰਹਿ ਤਹਾਂ, ਅਜ਼ਮਤਿ
ਦੇਤਿ ਉਦਾਰ ॥੩੯॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥੫੧॥

## ੫੨. [ਸਮੀਰ ਚਲਾਈ। ਸਮਾਧੀ। ਦਰਯਾਈ ਘੋੜਾ]

੫੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੩

ਦੋਹਰਾ:
ਸਭਾ ਬਿਖੈ ਇਕ ਦਿਵਸ ਮੈਂ, ਬੈਠੇ ਸਤਿਗੁਰ ਨੰਦ।
ਜੇਠ ਮਾਸ ਲੂਵਾਂ ਚਲਹਿਂ, ਦਸ ਦਿਸ਼ਿ ਤਪਤ ਬਿਲੰਦ ॥੧॥
ਚੌਪਈ:
ਬਸਤ੍ਰ ਬਿਭੂਖਨ ਸਦਨ ਉਤੰਗ।
ਸੀਸ ਮਹਿਲ ਅਰੁ ਚਿੱਤ੍ਰਿਤ ਰੰਗ।
ਇੱਤਜਾਦਿਕ ਸਗਰੇ ਤਪਤਾਏ।
ਨਹਿਂ ਸੀਤਲਤਾ ਕਤਹੂੰ ਪਾਏ ॥੨॥
ਪ੍ਰਿਥੀ ਅਕਾਸ਼ ਸਗਲ ਤਪਤਾਯੋ।
ਮਨਹੁ ਤੇਜ ਅਗਨੀ ਦਿਪਤਾਯੋ।
ਸਭਾ ਬਿਖੈ ਨੌਰੰਗ ਨੇ ਕਹਜੋ।
'ਆਜ ਤਪਤ ਅਤਿਸ਼ੈ ਜਨੁ ਦਹਜੋ ॥੩॥
ਗੁਰ ਨੰਦਨ ! ਨਿਜ ਬਾਕ ਬਖਾਨਹੁ।
ਮਿਟਹਿ ਤਪਤ ਸੀਤਲਤਾ ਠਾਨਹੁ।
ਸਭਾ ਬਿਖੈ ਸੀਤਲ ਬਹਿ ਪੌਨ।
ਜਿਸ ਤੇ ਸੁਖਦਾਇਕ ਹੁਇ ਭੌਨ ॥੪॥
ਸਭਿਹਿਨਿ ਕੇ ਚਿਤ ਬਜਾਕੁਲ ਅਹੇ।
ਮਹਾਂ ਘਾਮ ਜਨੁ ਤਨ ਕੋ ਦਹੇ।
ਸੀਤਲ ਮੰਦ ਸਮੀਰ ਚਲਾਵਹੁ।
ਸਭਿ ਕੌ ਸੁਖ ਦਿਹੁ ਤਪਤ ਮਿਟਾਵਹੁ' ॥੫॥
ਸੁਨਿ ਸ਼੍ਰੀ ਰਾਮਰਾਇ ਬਚ ਕਹੇ।
'ਹੁਇ ਸੀਤਲ ਜੈਸੇ ਚਿਤ ਚਹੇ।
ਤ੍ਰੈਬਿਧਿ ਕੀ[1] ਸਮੀਰ ਅਬਿ ਆਵੈ।
ਰੁਤਿ ਬਸੰਤ ਸਭਿ ਕੋ ਬਿਦਤਾਵੈ ॥੬॥
ਜਿਸ ਕੋ ਹੁਇ ਸਪਰਸ਼ ਤਨ ਆਇ।
ਅਧਿਕ ਮੋਦ ਚਿਤ ਕੋ ਉਪਜਾਇ।
ਗ੍ਰੀਖਮ ਝਾਰ[1] ਮਿਟੇ ਅਬਿ ਅਸੇ।

[1]ਤਿੰਨ ਤਰ੍ਹਾਂ ਦੀ (੧. ਸੀਤਲ। ੨. ਸੁਗੰਧਤਿ। ੩. ਮੰਦ ਮੰਦ ਚਲਣ ਵਾਲੀ) ਦੇਖੋ ਅੱਗੇ ਅੰਕ ੮ ਤੇ ੧੦ ਵਿਚ।

[1]ਸਾਰੀ ਗਰਮੀ।

ਸੂਰਜ ਉਦੇ ਤਿਮਰ ਗਨ ਜੈਸੇ' ॥੭॥
ਇਮ ਕਹਿਤਜੋਂ ਸੁਖ ਦਾਇਕ ਪੌਨ।
ਚਾਲੀ ਤ੍ਰੈ ਬਿਧਿ ਕੀ ਤਿਸ ਭੌਨ।
ਮਹਦ ਸੁਗੰਧਤਿ ਅਨੰਦ ਉਪਾਵਤਿ।
ਮੰਦਮੰਦ, ਸੀਤਲ ਚਲਿ ਆਵਤਿ ॥੮॥
ਕਬਹੁੰ ਨ ਆਗੇ ਸੁਨੀ ਨ ਹੇਰੀ।
ਹੋਤਿ ਸਪਰਸ਼ ਸੁਖਦ ਤਿਸ ਬੇਰੀ।
ਹਰਖ ਭਰੇ ਉਰ ਸਰਬ ਬਿਸਾਲ।
ਬਿਸਮਤਿ ਚਿਤ ਅਸ ਬਾਯੂ ਚਾਲ ॥੯॥
ਤਿਸ ਦਿਨ ਸੰਧਯਾ ਲਗਿ ਸੋ ਬਹੀ।
ਸੀਤ, ਸੁਗੰਧਿ, ਮੰਦ ਗਤਿ ਲਹੀ।
ਹੁਇ ਹਰਖਤਿ ਉਰ ਸਮਾਂ ਬਿਤਾਯਹੁ।
ਅਧਿਕ ਅਨੰਦ ਸ਼ਾਹੁ ਉਪਜਾਯਹੁ ॥੧੦॥
ਪੁਨ ਇਕ ਬਾਸੁਰ ਸਭਾ ਸੁ ਆਏ।
ਲਗਨਿ ਸਮਾਧਿ ਬ੍ਰਿਤੰਤ ਚਲਾਏ।
'ਦਸਮੇ ਦ੍ਵਾਰ ਪੌਨ ਥਿਰ ਹੋਇ।
ਸੁਧ ਸ਼ਰੀਰ ਕੀ ਲਖਹਿ ਨ ਕੋਇ' ॥੧੧॥
ਇੱਤਯਾਦਿਕ ਉਲਮਾਉ ਬਖਾਨੇ।
'ਅਸ ਸਮਾਧਿ ਜੋਗੀ ਕਰਿ ਜਾਨੇ।
ਅਸ਼ਟ ਅੰਗ[1] ਜਿਸ ਸਾਧਨ ਕਰੇ।
ਤਬਿ ਦਸ ਦ੍ਵਾਰੇ[1] ਬਾਯੂ ਥਿਰੇ ॥੧੨॥
ਅਧਿਕ ਜੋਗ ਰਸ ਪ੍ਰਾਪਤਿ ਹੋਇ।
ਆਰਬਲਾ ਚਿਰਜੀਵੀ ਸੋਇ।
ਗੋਰਖ ਕਠਨ ਪੰਥ ਉਪਰਾਜਾ।
ਸਿੱਖਯ ਕਰੇ ਤਿਨ ਬਡ ਬਡ ਰਾਜਾ ॥੧੩॥
ਮਾਰਗ ਜੋਗ ਤਿਨਹੁੰ ਸਿਖਰਾਵਾ।
ਚਿਰੰਜੀਵ ਕਰਿ ਦੇਹਿ ਰਖਾਵਾ।
ਅਪਰਨ ਮਹਿਂ ਇਹ ਬਾਤ ਨ ਪਈਅਤਿ।
ਗੋਰਖ ਪੰਥ ਬਿਖੈ ਸਿਖ ਲਈਅਤਿ'

[1]ਯਮ; ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਯਾਨ ਸਮਾਧੀ (ਵਿਸ਼ੇਸ਼ ਲਈ ਦੇਖੋ ਸ਼੍ਰੀ ਗੁ: ਨਾ: ਪ੍ਰ: ਪੂ: ਅਧਯਾ: ੪੮।
[1]ਦਸਮ ਦ੍ਵਾਰ ਵਿਚ।

॥੧੪॥
ਸੁਨਤਿ ਸ਼ਾਹੁ ਨੇ ਤਬਹਿ ਬਖਾਨਾ।
'ਸੁਨਹੁ ਗੁਰੂ ਸੁਤ ! ਤੁਮ ਭੀ ਜਾਨਾ।
ਲਾਵਤਿ ਹਹੁ ਸਮਾਧਿ ਕੈ ਨਾਂਹੀ?
ਅਉਰ ਮਹਿਦ ਗੁਨ ਗਨ ਤੁਮ ਮਾਂਹੀ' ॥੧੫॥
ਸੁਨਿ ਸ਼੍ਰੀ ਰਾਮਰਾਇ ਨੇ ਕਹਜੋ।
'ਹਮਰੇ ਸ਼੍ਰੀ ਨਾਨਕ ਜਿਮ ਚਹਜੋ।
ਸੋ ਬਿਧਿ ਕਰਤੇ ਰਹੇ ਬਿਸਾਲਾ।
ਕਰਨਿ ਸਮਾਧਿ ਸੁ ਪੰਥ ਸੁਖਾਲਾ ॥੧੬॥
ਸਤਿਗੁਰ ਘਰ ਮੈਂ ਸਭਿ ਕਿਛੁ ਪਈਅਤਿ।
ਭਗਤਿ ਗਜਾਨ ਮਹਿਮਾ ਅਧਿਕਈਅਤਿ।
ਇਹ ਤੌ ਮੁੱਖ, ਗੌਨ ਹੈਂ ਆਨ[1]।
ਚਹਿਹਿਂ ਕਰਹਿਂ ਦਿਢ, ਲਹਿਂ ਬ੍ਰਹਮ ਗਜਾਨ ॥੧੭॥
ਗੁਰ ਘਰ ਮਹਿਂ ਇਹ ਜੋਗ ਸਮਾਧਿ।
ਚਹੈਂ ਸੁ ਕਰੈਂ ਬਿਸਾਲ ਜੁ ਸਾਧ।
ਤਉ ਮੁੱਖਜਤਾ ਨਹਿਂ ਇਸ ਕੇਰੀ।
ਬ੍ਰਹਮਗਜਾਨ ਲਗਿ ਬ੍ਰਿਤੀ ਬਡੇਰੀ' ॥੧੮॥
ਸੁਨਿ ਉਲਮਾਉਨਿ ਪੁਨਹਿ ਬਖਾਨੇ।
'ਇਹ ਤੋ ਬਾਤ ਨਹੀਂ ਹਮ ਮਾਨੇਂ।
ਪ੍ਰਥਮ ਪੌਨ ਸਾਧੇ ਤੇ ਬਿਨਾ।
ਕਰਹਿ ਸਮਾਧਿ ਲੇਹਿ ਰਸ ਘਨਾ ॥੧੯॥
ਮਹਾਂ ਕਠਨ ਇਹ ਨਹੀਂ ਸੁਖਾਲੇ।
ਜਿਮ ਬਿਨ ਸਾਧਨ ਸਿੱਧ ਮਹਾਂ ਲੇ[1]।'
ਨੌਰੰਗ ਕਹਜੋ 'ਸੁਨਹੁਂ ਗੁਰਨੰਦ !
ਕਹਿਂ ਇਹ ਸਚ, -ਹੈ ਕਠਨ ਬਿਲੰਦ[1]- ॥੨੦॥
ਜੇ ਤੁਮ ਪੌਨ ਲੇਤਿ ਹੋ ਸਾਧ?
ਲਾਇ ਦਿਖਾਵਹੁ ਮੋਹਿ ਸਮਾਧਿ।
ਪੁਨਿ ਸਭਿ ਮਾਨਹਿ ਸਾਚ ਉਬਾਚੀ।

[1]ਹੋਰ ਸਭ ਗੌਨ (= ਮਾਮਲੀ) ਹਨ।

[1]ਜਿਵੇਂ ਬਿਨਾ ਸਾਧਨ ਤੋਂ (ਕੋਈ ਕਹੇ) ਮੈਂ ਮਹਾਨ ਸਿੱਧੀ ਲਈ ਹੈ।

[1]ਇਹ ਸਚ ਕਹਿੰਦੇ ਹਨ (ਸਮਾਧੀ) ਬਹੁਤ ਕਠਨ ਹੈ।

ਬਿਨ ਦੇਖੇ ਜਾਨਹਿਂ ਕਹਿਂ ਕਾਚੀ' ॥੨੧॥
ਸੁਨਿ ਸ਼੍ਰੀ ਰਾਮਰਾਇ ਬਚ ਭਾਖਾ।
'ਜੇ ਕਰਿ ਤੁਮਰੇ ਇਹ ਅਭਿਲਾਖਾ।
ਏਕ ਸਥਾਨ ਦੇਹੁ ਜਹਿ ਬੈਸੇਂ।
ਬਰਜਹੁ ਤਹਿਂ ਨ ਜਾਇ ਕੋ ਕੈਸੇ ॥੨੨॥
ਜਾਵਦ ਰਹੈਂ ਸਮਾਧਿ ਲਗਾਈ।
ਨਰ ਬੈਠਹਿਂ ਦਰ ਪਰ ਚੁਕਸਾਈ।
ਕਜ਼ੋਂ ਹੂੰ ਸ਼ਬਦ ਨ ਤਿਸ ਥਲ ਜਾਇ।
ਰਹੈਂ ਇਕੰਤ ਪੌਨ ਠਹਿਰਾਇ' ॥੨੩॥
ਸੁਨਤਿ ਸ਼ਾਹਿ ਨੇ ਸੁੰਦਰ ਭੌਨ।
ਕਹਜ਼ੋ 'ਨ ਇਸ ਥਲ ਗਮਨਹਿ ਕੌਨ[1]।'
ਤਹਾਂ ਜਾਇ ਕਰਿ ਕੀਨਸਿ ਆਸਨਾ।
ਨੇਤ੍ਰ ਮੂੰਦਿ ਕੈ ਪਿਖਿ ਪੌਨਾਸਨ[†] ॥੨੪॥
ਦਸਮੈ ਦ੍ਵਾਰ ਪੌਨ ਠਹਿਰਾਈ[1]।
ਲਗੀ ਸਮਾਧਿ ਅੰਗ ਨ ਉਕਸਾਈ।
ਸਭਿ ਉਲਮਾਉਨਿ ਜਾਇ ਸੁ ਪਰਖਜ਼ੋ।
ਨੌਰੰਗ ਹੇਰਿ ਅਚਲ ਕੋ ਹਰਖਜ਼ੋ ॥੨੫॥
ਪੰਚ ਦਿਵਸ ਇਕ ਆਸਨ ਰਹੇ।
ਲਗੀ ਸਮਾਧਿ ਜੋਗ ਰਸ ਲਹੇ।
ਦ੍ਵੈਸ਼ੀ ਦੇਖਿ ਦੇਖਿ ਦੁਖ ਦਾਹੈਂ।
ਭਾ ਮਿੱਤ੍ਰਨਿ ਕੇ ਅਨੰਦ ਉਛਾਹੈ ॥੨੬॥
ਖਸ਼ਟਮ ਬਾਸੁਰ ਬਿਕਸੇ ਨੈਨ।
ਨਿਕਸੇ ਤਜਾਗਜ਼ੋ ਸ਼ਾਹ ਜੁ ਐਨ।
ਨਿਜ ਡੇਰੇ ਮਹਿਂ ਆਨਿ ਬਿਰਾਜੇ।
ਮੰਦਮਤੀ ਦ੍ਵੈਸ਼ੀ ਗਨ ਲਾਜੇ ॥੨੭॥
ਪੁਨ ਇਕ ਜਿਨ ਚਢਿ ਨੌਰੰਗ ਚਲਜ਼ੋ।

[1]ਕੋਈ ਬੀ।

[†]ਪਾਠਾਂਤ੍ਰ-ਪਿਯ ਪਵਨਾਸਨ। ਜੇ ਪਾਠ ਹੋਵੇ 'ਪਿਯ ਪਵਨਾਸ਼ਨ' ਤਾਂ = ਪੌਣ ਪੀਤੀ ਤੇ ਪੌਣ ਦਾ ਭੋਜਨ ਕੀਤਾ। ਜੇ ਪਾਠ ਹੋਵੇ 'ਪਵਨਾਸਨ' ਤਾਂ = ਪੌਣ ਅੰਦਰ ਖਿੱਚੀ ਤੇ ਆਸਨ (ਤੇ ਟਿੱਕ ਗਏ) ਜੇ ਪਾਠ 'ਪਾਵਨ ਨਾਸਨ' ਹੋਵੇ ਤਾਂ = ਨਾਸਾਂ ਦੇ ਰਸਤੇ ਪੌਣ ਅੰਦਰ ਖਿੱਚੀ।

[1]ਅੱਖਾਂ ਮੀਟ (ਪੌਣ ਦੇ ਆਸਨ =) ਨਾਭੀ ਚੱਕ੍ਰ (ਮਣੀ ਪੂਰਕ ਚੱਕ੍ਰ) ਦਾ ਧਿਆਨ ਕਰਕੇ ਦਸਮੇ ਦੁਆਰ ਪੌਣ ਠਹਿਰਾਈ। (ਨਾਭਿ ਤੇ ਦਸਮ ਦੁਆਰ ਪੌਣ ਤੇ ਟਿਕਾਣੇ ਹਨ [ਪੌਣ+ਆਸਨ] (ਅ) ਕੁੰਡਲਨੀ, ਜੋ ਸੁਰਝ ਚੁਕੀ ਹੈ, ਵਲ ਤੱਕਿਆ ਤੇ ਦਸਮ ਦੁਆਰ ਪੌਣ ਠਹਿਰਾ ਲਈ। [ਸੰਸ. ਪਵਨਾਸ਼ਨ = ਸੱਪ, ਸੱਪਣੀ ਵਾਂਙੂ ਹੈ ਕੁੰਡਲਨੀ]

ਅਸੁ ਅਰੂਢਿ ਹ੍ਵੈ ਗੁਰ ਸੁਤ ਮਿਲ੍ਯੋ।
ਅਧਿਕ ਸਮਾਜ ਸੰਗ ਨਹਿੰ ਲੀਨਹੁ।
ਦੋਨਹੁੰ ਵਹਿਰ ਪਯਾਨਹੁ ਕੀਨਹੁ ॥੨੮॥
ਚਢੇ ਤੁਰੰਗਨਿ ਵਹਿਰ ਪਲਾਵੈਂ।
ਕਰਹਿਂ ਤੇਜ ਅਰੁ ਤੁੰਗ ਕੁਦਾਵਹਿਂ।
ਬਾਤਨਿ ਕੇ ਰਸ ਢਲੇ ਮਹਾਨੇ।
ਬਿਨ ਜਾਨੇ ਹੀ ਦੂਰ ਪਯਾਨੇ ॥੨੯॥
ਜਮਨਾ ਤੀਰ ਤੀਰ ਚਲਿ ਗਏ।
ਰੁਚਿਰ ਸਥਾਨ ਬਿਲੋਕਤਿ ਭਏ।
ਬਹੁਰ ਸ਼ਾਹ ਨੇ ਤੁਰਾ[1] ਪਲਾਯੋ।
ਬੇਗ ਸਮੀਰ ਸਮਾਨ ਧਵਾਯੋ ॥੩੦॥
ਬਲੀ ਬਿਸਾਲ ਕਰ੍ਯੋ ਬਲ ਘੋਰੇ।
ਰੋਕ ਰਹ੍ਯੋ ਬਹੁ, ਮਰ੍ਯੋ ਨ ਮੋਰੇ।
ਸ਼ਾਹੁ ਬਿਬਸ ਹ੍ਵੈ ਚਢ੍ਯੋ ਸੁ ਜਾਵਤਿ।
ਕਰਿ ਉਪਾਇ ਐਂਚਤਿ ਉਤਲਾਵਤਿ ॥੩੧॥
ਇਤਨੇ ਮਹਿਂ ਜਮਨਾ ਜਲ ਆਵਾ।
ਰੁਕ੍ਯੋ ਨ ਕੈ ਸਿਹੁਂ, ਸਮੁਖ ਪਲਾਵਾ।
ਤ੍ਰਸਤਿ ਹੋਇ ਰੋਕਤਿ ਬਹੁ ਸ਼ਾਹੂ।
ਗਯੋ ਓਜ ਕਰਿ ਸਲਿਤਾ ਮਾਂਹੂ ॥੩੨॥
ਪ੍ਰਵਿਸ਼੍ਯੋ ਅਸੁ, ਕੋ ਬਸ ਨ ਬਸਾਯੋ।
ਰੁਕ੍ਯੋ ਜਾਇ ਜਲ ਮਹਿਂ, ਨ ਪਲਾਯੋ।
ਸਕਲ ਸਮਾਜ ਭੀਜ ਕਰਿ ਗਯੋ।
ਸ਼ਸਤ੍ਰ ਬਸਤ੍ਰ ਕਛੁ ਬਚਤਿ ਨ ਭਯੋ ॥੩੩॥
ਬਹੁਤ ਮੋਲ ਕੋ ਜ਼ੀਨ ਬਿਗਾਰਾ।
ਇਕ ਵਿਰ ਜਲ ਨਿਮਗਨ ਕਰਿ ਸਾਰਾ।
ਬਹੁ ਬਲ ਤੇ ਬਾਹਰ ਨਿਕਸਾਯੋ।
ਤਬਿ ਸ਼੍ਰੀ ਰਾਮਰਾਇ ਢਿਗ ਆਯੋ ॥੩੪॥
ਚੱਕ੍ਰਿਤ ਚਿਤ ਭੈ ਕਰਿ ਬਚ ਭਾਖ੍ਯੋ।
'ਆਜ ਖ਼ੁਦਾਇ ਹਾਥ ਦੈ ਰਾਖ੍ਯੋ।
ਨਾਂਹਿ ਤ ਜਾਤਿ ਜਿ ਬਡ ਜਲ ਮਾਂਹੀ।

[1] ਘੋੜਾ।

ਤਹਾਂ ਉਬਾਰ ਹੋਤਿ ਕਿਮ ਨਾਂਹੀ ॥੩੫॥
ਬਡੇ ਓਜ ਤੇ ਰੁਕਿ ਅਸੁ ਰਹਯੋ।
ਹੋਤਿ ਪ੍ਰਵੇਸ਼ ਤ੍ਰਾਸ ਬਹੁ ਲਹਯੋ।
ਸਭਿ ਕਿਛੁ ਜਲ ਕੇ ਬਿਖੈ ਭਿਗੋਵਾ।
ਆਗੇ ਮੈਂ ਨ ਤ੍ਰਾਸ ਅਸ ਜੋਵਾ ॥੩੬॥
ਤ੍ਰਾਸ ਨਹੀਂ ਮੁਝ ਅਪਰ ਸਥਲ ਤੇ।
ਸ਼ੰਕਤਿ ਚਿਤ ਭਾ ਪ੍ਰਵਿਸ਼ਤਿ ਜਲ ਤੇ।
ਤੁਮ ਅਬਿ ਕ੍ਰਿਪਾ ਕਰਹੁ ਨਿਜ ਐਸੇ।
ਭੈ ਨਹਿਂ ਕਰਵਿ ਨੀਰ ਤੇ ਜੈਸੇ ॥੩੭॥
ਅਸ ਅਸੁ ਕੋ ਦੀਜਹਿ ਕਰਿ ਜਤਨ[1]।
ਅਤਿ ਗੁਨ ਸਹਿਤ ਹੋਹਿ ਜਿਮ ਰਤਨ।
ਜੋ ਜਲ ਪਰ ਤਰਿ ਜਾਹਿ ਸੁਖਾਰੇ।
ਨਹਿਂ ਭੀਜਹਿ ਊਪਰ ਅਸਵਾਰੇ ॥੩੮॥
ਸ਼ੁਸ਼ਕ ਸਮਾਜ ਰਾਖਿ ਕੈ ਬਾਜ।
ਚਲਹਿਂ ਨਦੀ ਪਰ ਦਿਹੁ ਅਸੁ ਸਾਜ।
ਤੁਮਹਿਂ ਨ ਦੁਰਲਭ ਇਹ ਕਛੁ ਜਾਨਾ।
ਹੁਇ ਪ੍ਰਾਪਤਿ ਮੁਝ, ਕਹਹੁ ਬਖਾਨਾ ॥੩੯॥
ਐਸੀ ਕੁਛ ਨ ਲਖਉਂ ਜਗ ਮਾਂਹੀ।
ਕਹੇ ਆਪ ਕੇ ਹੋਇ ਜਿ ਨਾਂਹੀ।
ਅਸ ਨਿਸ਼ਚੈ ਮੇਰੇ ਮਨ ਮਹਾਂ।
ਪਤਿਆਵਨਿ ਕੀਨਸਿ ਜਹਿਂ ਕਹਾਂ' ॥੪੦॥
ਸੁਨਿ ਸ਼੍ਰੀ ਰਾਮਰਾਇ ਹਰਖਾਇ।
ਕਹਯੋ 'ਜਿ ਸ਼ਰਧਾ ਇਮ ਉਪਜਾਇ।
ਤੌਂ ਤੁਰੰਗ ਪਾਵਹੁ ਦਰਿਆਈ।
ਤਰਹਿ ਨਦੀ ਜਲ ਛ੍ਵੈ ਨ ਸਕਾਈ ॥੪੧॥
ਬਰਨ ਪੁਰੀ ਕੋ[1] ਬਲੀ ਬਿਸਾਲਾ।
ਅਸ ਤੁਰੰਗ ਨਿਕਸਹੁ ਤਤਕਾਲਾ।
ਸਲਿਤਾ ਜਲ ਤੇ ਆਵਹੁ ਬਾਹਰ।
ਸ਼ਾਹੁ ਚੜ੍ਹਾਵਹੁ ਹੁਇ ਕਰਿ ਜ਼ਾਹਰ' ॥੪੨॥

[1]ਇਹੋ ਜਿਹਾ ਕੋਈ ਘੋੜਾ ਜਤਨ ਕਰਕੇ ਦੇਵੇ।

[1]ਵਰਣ ਦੇਵਤਾ ਦੀ ਪੁਰੀ ਦਾ।

ਇਮ ਜਬਿ ਰਾਮਰਾਇ ਨੇ ਕਹ੍ਯੋ।
ਜਲ ਤੇ ਅਸੁ ਨਿਕਸ੍ਯੋ ਸਭਿ ਲਹ੍ਯੋ।
ਬਿਸਦ[1] ਬਰਨ ਸੁੰਦਰ, ਬਲ ਭਰ੍ਯੋ।
ਨਖ ਸ਼ਿਖ ਤੇ ਜਨੁ ਸੰਚੈ ਢਰ੍ਯੋ ॥੪੩॥
ਮਣਿ ਮਯ ਜ਼ੀਨ ਪ੍ਰਕਾਸ਼ ਕਰੰਤਾ।
ਅਤਿ ਚੰਚਲ ਜਨੁ ਨਾਚ ਕਰੰਤਾ।
ਦੇਖਤਿ ਸ਼ਾਹਿ ਪ੍ਰਮੋਦ ਨ ਥੋਰਾ।
ਆਗੇ ਕਬਿ ਨ ਪਿਖ੍ਯੋ ਅਸ ਘੋਰਾ ॥੪੪॥
ਗਹਿ ਕਰਿ ਬਾਗ ਚਢ੍ਯੋ ਤਤਕਾਲਾ।
ਸਤਿਗੁਰ ਨੰਦ ਸਰਾਹਿ ਬਿਸਾਲਾ।
'ਜਲ ਮਹਿਂ ਤੇ ਨਿਕਸਾਇ ਤੁਰੰਗ।
ਮੁਝ ਕੋ ਦਿਯੋ ਏਕ ਬਚ ਸੰਗ' ॥੪੫॥
ਆਇ ਸਭਾ ਮਹਿਂ ਸਤੁਤਿ ਬਖਾਨੀ।
ਸੁਨਿ ਸੁਨਿ ਸਕਲ ਮਾਨਿ ਹੈਰਾਨੀ।
'ਅਤਿ ਅਚਰਜ ਕੀ ਬਾਤ ਕਰੰਤਾ।
ਅਜ਼ਮਤ ਸਭਿ ਤੇ ਅਧਿਕ ਧਰੰਤਾ' ॥੪੬॥

[1]ਚਿੱਟਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥੫੨॥

## ੫੩. [ਭੂਮ ਉੱਚੀ ਕੀਤੀ। ਸੁਜਨੀ ਹੇਠੋਂ ਪੱਤਰੇ ਕੱਢੇ]

੫੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੪

ਦੋਹਰਾ:
ਕੀਨਿ ਸ਼ਰਈਅਨਿ ਮੰਤ੍ਰ ਮਿਲਿ 'ਇਕ
ਹਿੰਦੂ ਸਭਿ ਮਾਂਹਿ।
ਊਚੋ ਬੈਠਹਿ ਗਰਬ ਕਰਿ, ਇਹ ਲਾਇਕ
ਕਛੁ ਨਾਂਹਿ' ॥੧॥
ਚੌਪਈ:
ਗਨ ਉਲਮਾਉ ਮੁਲਾਨੇ ਕਾਜ਼ੀ।
ਦੁਖਹਿਂ ਦੇਖਿ ਕਰਿ ਮੂਢ ਸਦਾ ਜੀ।
ਹੋਇ ਨ ਆਵਤਿ ਹੈ ਕਿਮ ਸਮਤਾ।
ਤਿਸ ਅਜ਼ਮਤ ਕੋ ਸਭਿ ਜਗ ਨਮਤਾ[1]
॥੨॥
ਤਿਸ ਕੋ ਲੇਸ਼ ਨ ਮੂਢ ਮਤਨ ਮੈਂ[1]।
ਏਕ ਸ਼ਰ੍ਹਾ ਗਹਿ ਗਾਢੇ ਮਨ ਮੈਂ।
ਕਹੈਂ ਪਰਸਪਰ 'ਸ਼ਾਹੁ ਸੁਨਾਵਹੁ।
ਤੁਮ ਕਜੋਂ ਸ਼ਰ੍ਹਾ ਵਹਿਰ ਪਗ ਪਾਵਹੁ
॥੩॥
ਸਰਬ ਤੁਰਕ ਕਰ ਜੋਰਹਿਂ ਖਰੇ।
ਸਾਥ ਅਦਾਬ ਸਭਾ ਮਹਿਂ ਬਰੇ।
ਕੋ ਬੈਠਤਿ ਹੁਇ ਨੀਚੇ ਥਾਨ।
ਨਾਂਹਿ ਤ ਖਰੇ ਰਹੈਂ ਡਰ ਮਾਂਨਿ ॥੪॥
ਇਕ ਹਿੰਦੂ ਆਵਤਿ ਹੰਕਾਰਤਿ।
ਤਿਸ ਕੋ ਸਭਿ ਤੇ ਊਚ ਬਿਠਾਰਤਿ।
ਕਹੈ ਨ ਕਲਮਾ ਦੀਨ ਨ ਮਾਨਹਿਂ।
ਅਪਨੇ ਮਤ ਕੋ ਮਹਿਦ ਬਖਾਨਹਿ ॥੫॥
ਯਾਂ ਤੇ ਤੁਮਨੇ ਸਰ੍ਹਾ ਬਿਗਾਰੀ।
ਇਮ ਚਲਿ ਭਾਖਹੁ ਸ਼ਾਹੁ ਅਗਾਰੀ।'
ਕਰਿ ਮਸਲਤ ਨੌਰੰਗ ਢਿਗ ਆਏ।
ਪੂਰਬ ਅਪਰ ਪ੍ਰਸੰਗ ਚਲਾਏ ॥੬॥
ਪੁਨ ਨਿਜ ਮਤ ਕੋ ਮਤਾ[1] ਬਖਾਨਾ।
'ਸੁਨਹੁ ਸ਼ਾਹੁ ਜੀ ! ਬਡ ਬੁਧਿਵਾਨਾ।

[1]ਨਿਉਂਦਾ ਹੈ।

[1]ਮੂਰਖਾਂ ਦੀ ਮਤ ਵਿਚ ਤਿਸ ਕਰਾਮਾਤ ਦਾ ਲੇਸ਼ ਭੀ (ਭਰੋਸਾ) ਨਹੀਂ।

[1]ਮਸਲਾ, ਸਿੱਧਾਂਤ।

ਸ਼ਰ੍ਹਾ ਵਹਿਰ ਜੇ ਹਿੰਦੁਨਿ ਮਤ ਹੈ।
ਤਿਸ ਕਹੁ ਨਿਤ ਸਨਮਾਨਤਿ ਅਤਿ ਹੈ ॥੭॥
ਜਿਨ ਕੋ ਬੋਲਿਨਿ ਮਿਲਿਨਿ ਸ ਦੋਸ਼ਾ।
ਤਿਸ ਪਰ ਸਾਦਰ ਰਖਹੁ ਭਰੋਸਾ।
ਤੁਰਕ ਲੋਕ ਗਨ ਖੇਤ ਬਿਸਾਲਾ।
ਸਿੰਚਨਹਾਰ ਆਪ ਸਭਿ ਕਾਲਾ ॥੮॥
ਸ਼ਰ੍ਹਾ ਬਾਰ[1] ਚਹੁ ਦਿਸ਼ਿ ਮਹਿਂ ਯਾਂ ਕੇ।
ਕਰਤਾ ਪੁਸ਼ਟ ਸਦਾ ਤੁਮ ਤਾਂ ਕੇ।
ਜੇ ਨ ਲੇਹੁ ਸੁਧ ਦੇਹੁ ਬਿਗਾਰੀ।
ਅਪਰ ਖਜਾਲ ਲਗਿ ਰਿਦੇ ਬਿਸਾਲੀ ॥੯॥
ਤਬਿ ਨ ਥਿਰਹਿ, ਇਹ[†] ਤੁਰਤ ਬਿਨਾਸ਼ੀ।
ਹੋਹਿ ਕੁਤੋ[1] ਪੁਨ ਜਗਤ ਪ੍ਰਕਾਸ਼ੀ।
ਮੁਸਲਮਾਨ ਕੀ ਸਭਾ ਮਝਾਰੀ।
ਪ੍ਰਵਿਸ਼ਹਿ ਆਨਿ ਹਿੰਦੂ ਹੰਕਾਰੀ ॥੧੦॥
ਤੁਮ ਸਭਿ ਤੇ ਤਿਹ ਊਚ ਬਿਠਾਵਉ।
ਨਿਤਪ੍ਰਤਿ ਪ੍ਰੇਮ ਬਿਸਾਲ ਬਧਾਵਉ।
ਇਹ ਅਜੋਗ ਹੁਇ ਰਿਦੇ ਬਿਚਾਰਹੁ।
ਸ਼ਰ੍ਹਾ ਬਾਰ ਕੋ[1] ਨਹਿੰਨ ਬਿਗਾਰਹੁ ॥੧੧॥
ਕਰਤਿ ਤੁਰਕ ਤਕਰਾਰ ਤਹਕੀਕੀ[1]।
ਕਿਸਹੁੰ ਨ ਮਨ ਕਹੁ ਲਾਗਹਿ ਨੀਕੀ।'
ਸੁਨਤਿ ਸ਼ਾਹੁ ਨੇ ਤਿਨਹਿਂ ਸੁਨਾਯੋ।
'ਅਜ਼ਮਤ ਓਜ ਅਜਬ ਅਜ਼ਮਾਯੋ ॥੧੨॥
ਜਿਮ ਹਮ ਬਿਖਮ ਬਖਾਨੀ ਤਾਂਹਿ।
ਕਰਿ ਦਿਖਾਇ ਤਨਕ ਨ ਬਿਲਮਾਹਿ।
ਅਪਨੀ ਕਰਾਮਾਤ ਕੇ ਓਜ।
ਬੈਠਹਿ ਸਭਿ ਤੇ ਊਚੋ ਰੋਜ਼ ॥੧੩॥
ਨਹਿਂ ਕਿਸਹੂੰ ਤੇ ਹਟੈ ਹਟਾਯੋ।
ਜਿਸ ਕੋ ਜਸੁ ਸਭਿਹਿਨਿ ਪਰ ਛਾਯੋ।
ਕਰਿ ਕਰਿ ਬੰਦਨ ਹੋਵਹਿਂ ਸਿੱਖਜ।
ਸੋ ਗਤਿ ਭਾਖਤਿ ਭੂਤ ਭਵਿੱਖਜ' ॥੧੪॥

[1]ਵਾੜ।
[†]ਪਾ:-ਦੇ।
[1]ਕਿਵੇਂ।
[1]ਸ਼ਰ੍ਹਾ ਰੂਪੀ ਵਾੜ ਨੂੰ।
[1]ਨਿਸ਼ਚੇ ਕਰਕੇ ਝਗੜਾ ਕਰਦੇ ਹਨ।

ਸ਼ਾਹੁ ਸਾਥ ਪੁਨ ਤੁਰਕ ਬਖਾਨੈਂ।
'ਹਮ ਸਮ ਤੁਰਕ ਨ ਤਿਨ ਕਹੁ ਮਾਨਹਿਂ।
ਅਜ਼ਮਤ ਰੋਜ਼ ਹਜ਼ਾਰਹੁਂ ਕਰੈ।
ਤਨਕ ਨ ਨਿਸ਼ਚਾ ਕਜੋਂ ਹੂੰ ਧਰੈਂ ॥੧੫॥
ਹਮ ਤੋਂ ਸ਼ਰ੍ਹਾ ਬੀਚ ਰਹਿਂ ਠਾਢੇ।
ਅਪਨੇ ਮਤ ਕਹੁ ਰਾਖੈਂ ਗਾਢੇ।
ਤੁਮ ਜੇ ਅਜ਼ਮਤ ਓਜ ਬਤਾਵਹੁ।
ਆਜ ਨ ਚੌਕੀ ਬੀਚ ਡਸਾਵਹੁ ॥੧੬॥
ਸਭਿ ਮੈਂ ਬੈਠਿ ਜਾਇਗੋ ਸੋਇ।
ਨਾਂਹਿ ਤ ਆਗੈ ਠਾਂਢੋ ਹੋਇ।
ਇਮ ਕਰਿ ਅਪਨੋ ਦੋਸ਼ ਮਿਟਾਵਹੁ।
ਗਨ ਤੁਰਕਨਿ ਮਹਿਂ ਭਲੇ ਕਹਾਵਹੁ'
॥੧੭॥
ਇੱਤਯਾਦਿਕ ਬਹੁ ਕਹਿ ਸਮੁਝਾਯਹੁ।
ਨਿਸ਼ਚਾ ਰਿਦੇ ਸ਼ਾਹਿ ਮਿਟਵਾਯਹੁ।
ਤਿਸ ਦਿਨ ਸਭਾ ਲਗੀ ਜਬਿ ਆਇ।
ਤਹਾਂ ਨ ਚੌਂਕੀ ਦਈ ਬਿਛਾਇ ॥੧੮॥
ਅਪਨੋ ਸਮੋ ਜਾਨਿ ਕਰਿ ਮਨ ਮੈਂ।
ਗੁਰੁ ਨੰਦਨ ਆਯੋ ਤਿਸ ਛਿਨ ਮੈਂ।
ਦੇਖਿ ਸਭਾ ਕਉ ਸਭਿਨਿ ਖੁਟਾਈ।
ਕਹਿ ਕਹਿ ਸ਼ਾਹੁ ਲੀਨਿ ਭਰਮਾਈ
॥੧੯॥
ਗਨ ਤੁਰਕਨਿ ਕਹੁ ਦੋਸ਼ ਬਿਚਾਰਾ।
ਬਹੁ ਮੂਰਖ ਮਤਿਮੰਦ ਗਵਾਰਾ।
ਦੇਖੀ ਸੁਜਨੀ ਜਹਾਂ ਡਸਾਈ।
ਤਹਿਂ ਤੇ ਊਚੀ ਭੂਮਿ ਉਠਾਈ ॥੨੦॥
ਚੌਂਕੀ ਕੇ ਸਮ ਉਰਧ ਉਠਾਇ।
ਸਭਿ ਤੇ ਊਚੇ ਹਇ ਅਧਿਕਾਇ।
ਸਮ ਹਮੇਸ਼ ਕੇ ਭਯੋ ਉਤੰਗ।
ਬੈਠਿ ਗਯੋ ਸਭਿ ਮਹਿਂ ਦੁਤਿ ਸੰਗਿ
॥੨੧॥
ਬਿਗਸਜੋ ਸ਼ਾਹੁ ਰੁਮਾਲ ਬਦਨ ਦੇ।

ਨਿਸ਼ਚੈ ਬਿਖੈ ਅਧਿਕ ਹੀ ਮਨ ਦੇ।
ਕਜਾ ਅਬਿ ਕਹੈਂ ਨ ਬਸ ਸੁ ਬਸਾਵੈ।
ਕੌਨ ਮੂਢ ਹੁਇ ਤਰੇ ਬਿਠਾਵੈ ॥੨੨॥
ਚੌਂਕੀ ਸਮ ਊਚੀ ਕਰਿ ਧਰਨੀ।
ਬੈਠਜੋ ਅਜ਼ਮਤ ਕੀ ਕਰਿ ਕਰਨੀ।
ਸਭਿ ਤੇ ਊਚੋ ਬੈਠਿ ਸੁਹਾਵਤਿ।
ਮਹਦ ਸ਼ਕਤਿ ਜੁਤਿ ਸਭਾ ਦਬਾਵਤਿ
॥੨੩॥
-ਕਿਮ ਜ਼ਮੀਨ ਊਚੀ ਹ੍ਵੈ ਗਈ-।
ਸਕਲ ਸਭਾ ਪਿਖਿ ਬਿਸਮੈ ਭਈ।
ਸਭਿ ਤੇ ਊਚੋ ਆਇ ਬਿਰਾਜੈ।
ਦੇਖਿ ਦੇਖਿ ਦੁਸ਼ਟਨਿ ਗਨ ਲਾਜੈ ॥੨੪॥
ਸਨਮਾਨਤਿ ਨੌਰੰਗ ਕਹਿ ਬਾਤ।
ਕਰਹਿ ਕੁਟਿਲਤਾ ਨਹਿਂ ਬੱਖਜਾਤ।
ਸਭਾ ਉਠੀ ਪੁਨ ਡੇਰਨਿ ਆਏ।
ਮਿਲਿ ਮਿਲਿ ਕਹੇ ਰਹੇ ਬਿਸਮਾਏ
॥੨੫॥
ਅਗਲੇ ਦਿਨ ਪੁਨ ਗਏ ਮੁਲਾਨੇ।
'ਪਿਖਜੋ ਓਜ ਤਿਨ?' ਸ਼ਾਹੁ ਬਖਾਨੇ।
'ਅਜ਼ਮਤਿ ਮਹਿਂ ਬਿਸਾਲ ਸਭਿ ਰੀਤੀ।
ਕਹਹੁ ਕੌਨ ਕਿਮ ਲੇਵਹਿ ਜੀਤੀ?
॥੨੬॥
ਗੁਪਤ ਰਿਦਨਿ ਕੋ ਅੰਤਰਜਾਮੀ।
ਕਰਹਿ ਬਿਖਮ ਤੇ ਬਿਖਮ ਜੁ ਕਾਮੀ।'
ਸੁਨਤਿ ਸ਼ਰੀਯਨਿ ਪੁਨਹਿ ਬਖਾਨੀ।
'ਇਕ ਬਿਧਿ ਸੋਂ ਅਜ਼ਮਤ ਹੁਇ ਹਾਨੀ
॥੨੭॥
ਲਿਖਜੋ ਗ੍ਰੰਥ ਸਾਹਿਬ ਹੈ ਜੋਈ।
ਤਿਨ ਸਭਿਹਿਨਿ ਕਹੁ ਗੁਰ ਹੈ ਸੋਈ।
ਚੌਂਕੀ ਊਪਰ ਸੁਜਨੀ ਤਰੇ।
ਕਤਰਹੁ ਪਤਰੇ ਤਹਿਂ ਦਿਹੁ ਧਰੇ ॥੨੮॥
ਕਰਹਿ ਅਵੱਗਜਾ ਗੁਰ ਕੀ ਜਬਿਹੂੰ।

ਕਰਾਮਾਤ ਹਤਿ ਹੋਇਸੁ ਤਬਿਹੂੰ।
ਤਿਸ ਕੇ ਊਪਰ ਬੈਠਹਿ ਆਇ।
ਪੀਛੇ ਹਾਸ ਰਚਹੁ ਮਨ ਭਾਇ' ॥੨੯॥
ਸ਼ਾਹੁ ਸਿਖਾਯੋ ਸੋ ਬਿਧਿ ਕੀਨਿ।
ਪੁਰਿ ਮਹਿਂ ਤੇ ਮੰਗਵਾਇ ਸੁ ਲੀਨਿ।
ਜਿਲਤ ਗ੍ਰੰਥ ਸਾਹਿਬ ਕੀ ਕਤਰੀ।
ਪ੍ਰਿਥਕ ਪ੍ਰਿਥਕ ਸੈਂਚੀ ਕਿਯ ਪਤਰੀ ॥੩੦॥
ਕੇਤਿਕ ਲੈ ਕੇ ਕਰਿ ਚਤੁਰਾਈ।
ਸੰਚੀ ਸੁਜਨੀ ਤਰੇ ਦਬਾਈ।
ਇਕ ਸਮਾਜ ਚੌਂਕੀ ਪਰ ਰੱਖੀ।
ਜੇ ਕੈਸੇ ਕਰਿ ਜਾਇ ਨ ਲੱਖੀ ॥੩੧॥
ਇਸ ਬਿਧਿ ਕਰਿ ਪੁਨ ਸਭਾ ਲਗਾਈ।
ਮਿਲਿ ਉਮਰਾਉ ਭਏ ਸਮੁਦਾਈ।
ਤਬਿ ਸਤਿਗੁਰ ਨੰਦਨ ਚਲਿ ਆਯੋ।
ਉਤਰਿ ਪਾਲਕੀ ਤੇ ਪ੍ਰਵਿਸ਼ਾਯੋ ॥੩੨॥
ਜਾਇ ਸਭਾ ਮੈਂ ਠਾਢੋ ਰਹਜੋ।
ਲਖੀ ਖੁਟਾਈ ਮੂਢਨਿ, ਕਹਜੋ।
'ਖੋਟ ਕਾਜ ਆਜ ਬਡ ਕਰਜੋ।
ਸੁਜਨੀ ਤਰੇ ਨਾਮ ਸਤਿ ਧਰਜੋ ॥੩੩॥
ਕਰਤਾ ਹਰਤਾ ਸਭਿ ਜਗ ਕੇਰੋ।
ਸੱਤਿਨਾਮ ਤਿਹ[1] ਬਡੋ ਬਡੇਰੋ।
ਸੋ ਹਮਰੇ ਗੁਰੁ ਬਰਨਨ ਕਰਜੋ।
ਗੁਰੂ ਗ੍ਰੰਥ ਸਾਹਬ ਮੈਂ ਧਰਜੋ ॥੩੪॥
ਸੋ ਹਮਰੇ ਸਤਿਗੁਰੂ ਸਮਾਨ।
ਰਾਖਹਿਂ ਨਿਸਦਿਨ ਮਹਿਂ ਬਹੁ ਮਾਨ।
ਤਿਸ ਕੋ ਪਤਰੇ ਛੇਦਨਿ ਕਰੇ।
ਹਮਰੀ ਸੁਜਨੀ ਕੇ ਤਰ[1] ਧਰੇ ॥੩੫॥
ਮਹਾਂ ਅਯੋਗ ਕਰਜੋ ਤੁਮ ਕਾਜੂ।
ਅਬਿ ਲੌ ਠਾਨਹੁ ਪਰਖਨਿ ਕਾਜੂ।'
ਇਮ ਕਹਿ ਪਤਰੇ ਹਾਥ ਉਠਾਏ।
ਨਮਸਕਾਰ ਕਰਿ ਪਾਸ ਰਖਾਏ ॥੩੬॥

[1]ਤਿਸ (ਅਕਾਲ ਪੁਰਖ) ਦਾ।

[1]ਹੇਠ।

ਬਿਸਮ ਰਹੇ ਮੂਰਖ ਮਨ ਮਾਨੀ।
-ਬਿਨਾਂ ਭਨੇ ਕਿਮ ਲੀਨਸਿ ਜਾਨੀ।
ਹਮਰੇ ਦਾਵ ਤਰੇ ਨਹਿਂ ਆਵਤਿ।
ਜੋ ਹਮ ਕਰਹਿਂ ਸੁ ਪੂਰਬ ਪਾਵਤਿ-
॥੩੭॥
ਬਚਨ ਬਿਲਾਸ ਸਭਾ ਮਹਿਂ ਭਏ।
ਕਰਹਿਂ ਪ੍ਰਸ਼ਨ ਜਿਮ ਉੱਤਰ ਦਏ।
ਉਰ ਅਚਰਜ ਕੋ ਧਾਰਿ ਬਿਸਾਲਾ।
ਉਠੇ ਸਭਾ ਸਦ ਸਭਿ ਤਿਸ ਕਾਲਾ
॥੩੮॥
ਅਪਨੇ ਅਪਨੇ ਡੇਰੇ ਗਏ।
ਮਿਲਿ ਮਿਲਿ ਅਪਰਨਿ ਸੋਂ ਕਹਿ ਦਏ।
ਕਵਿ ਸੰਤੋਖ ਸਿੰਘ ਕੀਰਤਿ ਸੇਤ।
ਪੁਰਿ ਮਹਿਂ ਪਸਰੀ ਸਰਬ ਨਿਕੇਤ
॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥੫੩॥

## ੫੪. [ਬੂਹਿਆਂ ਦੇ ਜੰਦਰੇ ਖੁਹਲੇ। ਸ਼ਰਾਬ ਮਾਸ]

੫੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੫

ਦੋਹਰਾ:

ਸ਼ਾਹੁ ਸਿਖਾਵਨਿ ਪੁਨ ਕੀਯੋ,
'ਅਸ ਨਰ ਅਜ਼ਮਤ ਸਾਥ।
ਹੋਹਿ ਤੁਰਕ ਕੈਸੇ ਜਬਹਿ,
ਬਧਹਿ ਦੀਨ ਕੀ ਗਾਥ ॥੧॥

ਚੌਪਈ:

ਜਿਸ ਮਤ ਮਹਿਂ ਐਸੋ ਨਰ ਹੋਇ।
ਰਹਿ ਅਨੁਸਾਰ ਹੇਰਿ ਸਭਿ ਕੋਇ।
ਤਿਸ ਮਤ ਕੋ ਮਾਨਹਿਂ ਮਨਮਾਨਵ।
ਗ੍ਰਹਨ ਕਰਹਿਂ ਸ਼ਰਧਾ ਉਰ ਠਾਨਵ ॥੨॥
ਸਰਬ ਪ੍ਰਕਾਰ ਬ੍ਰਿਧਾਵਨ ਕਰੈ।
ਤੁਮ ਕੋ ਇਤੋ ਜਤਨ ਨਹਿਂ ਪਰੈ।
ਇਹੀ ਏਕ ਜਗ ਤੁਰਕ ਬਨਾਵੈ।
ਦੇ ਸ਼ਰਧਾ ਅਜ਼ਮਤ ਦਿਖਰਾਵੈ[1] ॥੩॥

[1]ਕਰਾਮਾਤ ਦਿਖਾਵੇ ਤਾਂ ਸ਼ਰਧਾ ਦਾਨ ਕਰੇਗਾ, ਭਾਵ ਕਰਾਮਾਤ ਤੱਕ ਤੇ (ਹਿੰਦੂਆਂ ਨੂੰ) ਇਸਲਾਮ ਤੇ ਸ਼ਰਧਾ ਹੋ ਆਵੇਗੀ।

ਅਚਰਜ ਕਰਹਿ ਬਿਲੋਕਹਿਂ ਜਬਿਹੂੰ।
ਸਭਿ ਉਠਿ ਪਾਇਨ ਪਰਿ ਹੈਂ ਤਬਿਹੂੰ।
ਜਿਸ ਬਿਧਿ ਕੀ ਸਿੱਖਜਾ ਸਿਖਰਾਵਹਿ।
ਨੀਕੇ ਧਾਰਹਿਂ, ਨਿਸ਼ਚਾ ਲਜਾਵਹਿਂ ॥੪॥
ਬਲ ਛਲ ਤੇ ਇਸ ਤੁਰਕ ਬਨਾਵਹੁ।
ਰਾਵਰ ਮਨ ਬਾਂਛਤਿ ਕੋ ਪਾਵਹੁ।
ਬਧਹਿ ਦੀਨ ਹੁਇ ਸ਼ਰ੍ਹਾ ਮਝਾਰੀ।
ਕਲਮਾ ਪਠਹਿ ਹਰਖ ਕਰਿ ਭਾਰੀ' ॥੫॥
ਸੁਨਤਿ ਸ਼ਾਹੁ ਮਨ ਤੇ ਲਲਚਾਵਾ।
-ਤੁਰਕ ਬਨਹਿ, ਕੋ ਰਚਹਿਂ ਉਪਾਵਾ।
ਸਭਿ ਸੁਖੇਨ ਤਬਿ ਹੁਇ ਮਨ ਭਾਈ।
ਇਸ ਪੀਛੇ ਬਨਿ ਹੈਂ ਸਮੁਦਾਈ ॥੬॥
ਆਜ ਨਿਸਾ ਮਹਿਂ ਸਭਾ ਲਗਾਇ।
ਰੋਕਹਿਂ ਦੁਰਗ ਬਿਖੈ ਨਹਿਂ ਜਾਇ।
ਅਪਨੋ ਖਾਨਾ ਪੁਨਹਿ ਖਵਾਵਹਿਂ।

ਜਨੋਂ ਕਨੋਂ ਕਰਿ ਇਸ ਧਰਮ ਗਿਰਾਵਹਿੰ-
॥੭॥
ਦਰਵਾਨਨਿ ਸੰਗ ਸ਼ਾਹੁ ਉਚਾਰੇ।
'ਗੁਰ ਸੁਤ ਅੰਦਰ ਰਖਿ, ਦਿਹੁ ਤਾਰੇ[1]। [1]ਜੰਦਰੇ।
ਨਿਕਸਨਿ ਕਉ ਜਬਿ ਤੁਮ ਢਿਗ ਆਵਹਿ।
ਨਹਿਂ ਖੋਲਹੁ, ਤਬਿ ਅਟਕ ਰਹਾਵੈ ॥੮॥
ਤੁਮ ਕਹਿ ਦੇਹੁ -ਨ ਤਾਰੀ ਇਹਾਂ।
ਪਹੁੰਚੀ ਸ਼ਾਹੁ ਸਥਿਤ ਹੈ ਜਹਾਂ-।
ਇਮ ਕਹਿ, ਤੂਸ਼ਨਿ ਹੁਇ ਕਰਿ ਰਹੋ।
ਨਿਕਸਨਿ ਥਾਨ ਪਾਇ ਨਹਿਂ ਲਹੋ ॥੯॥
ਸਾਦਰ ਕਹਹੁ, ਨ ਬੋਲਹੁ ਫੇਰ।
ਹਟਕ ਰਹਹਿਗੋ ਤਾਰੋ ਹੇਰਿ।'
ਇਮ ਸਲਾਹ ਨੌਰੰਗ ਨੈ ਕਰੀ।
ਮੂਢ ਮੁਲਾਨ ਕਹੇ ਮਤ ਹਰੀ ॥੧੦॥
ਸਭਾ ਜਾਮਨੀ ਬਿਖੈ ਲਗਾਈ।
ਆਨਿ ਭਏ ਮਾਨਵ ਸਮੁਦਾਈ।
ਤਬਿ ਸ਼੍ਰੀ ਰਾਮਰਾਇ ਚਲਿ ਆਏ।
ਜਿਸ ਪ੍ਰਤਾਪ ਤੁਰਕਨਿ ਪਰ ਛਾਏ ॥੧੧॥
ਉਤਰਿ ਪਾਲਕੀ ਤੇ ਤਹਿਂ ਗਯੋ।
ਸ਼ਾਹ ਸਭਾ ਮਹਿਂ ਹੇਰਤਿ ਭਯੋ।
ਸਨਮਾਨਤਿ ਕਹਿ ਸ਼ਾਹੁ ਬਿਠਾਵਾ।
ਸਭਿਨਿ ਬਿਖੈ ਊਚੋ ਦੁਤਿ ਪਾਵਾ ॥੧੨॥
ਅਨਿਕ ਪ੍ਰਕਾਰਨਿ ਕੇਰਿ ਪ੍ਰਸੰਗ।
ਬੋਲਤਿ ਸੁਨਤਿ ਸਰਬ ਹਿਤ ਸੰਗ।
ਰਹਨਿ ਸਭਾ ਕੋ ਸਮਯ ਜਿਤੇਕ।
ਬਿਗਸਤਿ ਦਿਯੋ ਬਿਤਾਇ ਤਿਤੇਕ
॥੧੩॥
ਸਨੇ ਸਨੇ ਪੁਨ ਉਠਿ ਕਰਿ ਚਾਲੇ।
ਜੇ ਉਮਰਾਵ ਸਮਾਜ ਬਿਸਾਲੇ।
ਰਾਮਰਾਇ ਸੰਗ ਬਾਤਨਿ ਛਿਰਜੋ।
ਸਮਾਂ ਬਿਤਾਵਨਿ ਅਧਿਕੈ ਕਰਜੋ ॥੧੪॥
ਦੋਨਹੁਂ ਰਹਿ ਗਏ ਬੋਲਤਿ ਜਬੈ।

ਸਰਬ ਪੌਰ ਤਾਰੇ ਦਿਯ ਤਬੈ।
ਲਘੁ ਦੀਰਘ ਕੋ ਰੋਕਨਿ ਕਰੇ।
ਦ੍ਰਿੜ ਸਾਂਕਰ[1] ਕਪਾਟ ਬਡ ਖਰੇ ॥੧੫॥
ਸਭਿਨਿ ਪਿਛੇਰੇ ਘਟੀ ਬਿਤਾਈ।
ਉਠ੍ਯੋ ਸ਼ਾਹੁ ਮਨ ਮੋਦ ਉਪਾਈ।
ਅੰਤਹਪੁਰਿ ਕੋ ਕਿਯਸਿ ਪਯਾਨਾ।
ਪਹੁੰਚੇ ਅਪਰ ਆਪਨੇ ਥਾਨਾ ॥੧੬॥
ਗੁਰ ਸੁਤ ਸਿਵਕਾ ਪਰ ਅਸਵਾਰ।
ਗਮਨ੍ਯੋ ਨਿਜ ਡੇਰੇ ਹੁਇ ਤ੍ਯਾਰ।
ਜਬਹਿ ਪੌਰ ਆਯੋ ਕ੍ਯਾ ਹੇਰਾ।
ਕਹ੍ਯੋ ਅਸੰਜਤਿ ਤਾਰੋ ਭੇਰਾ ॥੧੭॥
ਦਰਵਾਨਨਿ ਸੋਂ ਗੁਰ ਸੁਤ ਭਾਖਾ।
'ਹਮ ਕਹੁ ਕ੍ਯੋਂ ਤੁਮ ਅੰਤਰ ਰਾਖਾ?
ਸਾਂਕੁਰ ਮੋਚਹੁ, ਗਮਨਹਿਂ ਡੇਰੇ।
ਬਹੁਰ ਲੇਹੁ ਇਸ ਹੀ ਬਿਧਿ ਭੇਰੇ' ॥੧੮॥
ਉਚੋ ਚਢ੍ਯੋ ਕਹੈ ਦਰਵਾਨ।
'ਅਬਿ ਨਹਿਂ ਤਾਰੀ ਹੈ ਇਸ ਥਾਨ।
ਜਬਿ ਸਭਿ ਪੌਰਨਿ ਤਾਰੇ ਭੇਰੇ।
ਸਭਿ ਤਾਰੀ ਅੰਤਰ ਇਸ ਬੇਰੇ ॥੧੯॥
ਅਪਰ ਉਪਾਇ ਨਹੀਂ ਅਬਿ ਜਾਨੇ।
ਅੰਤਰ ਹੀ ਰਹੀਐ ਕਿਸ ਥਾਨੇ।
ਬਹੁਰ ਪੌਰ ਕਿਮ ਖੁਲਹਿਂ ਸੁ ਨਾਂਹੀ[1]।
ਤਾਰੀ ਗਈ ਬਿਖਮ ਥਲ ਜਾਂਹੀ' ॥੨੦॥
ਇਮ ਦਰਵਾਨਨਿ ਗਿਰਾ ਅਲਾਈ।
ਗੁਰ ਸੁਤ ਜਾਨੀ ਸਗਲ ਖੁਟਾਈ।
-ਅਤਿ ਮਤਿਮੰਦ ਨ ਸਮਝਹਿਂ ਕੈਸੇ।
ਸਭਿ ਨਿਕਸੇ ਰੋਕ੍ਯੋ ਮੁਝ ਐਸੇ- ॥੨੧॥
ਕਰ੍ਯੋ ਬਚਨ 'ਛੁਟਹਿਂ ਸਭਿ ਤਾਰੇ।
ਨਿਕਸਹਿਂ ਸਾਂਕਰ, ਖੁਲਹਿਂ ਕਿਵਾਰੇ।
ਹਮ ਸੁਖੇਨ ਜਿਮ ਡੇਰਨਿ ਜਾਹਿਂ।
ਸਕਲ ਪੌਰ ਇਸ ਰੀਤਿ ਖੁਲਾਹਿਂ[1]' ॥੨੨॥

[1]ਸੰਗਲ।

[1]ਡਿਓੜੀਆਂ ਬਹੁਤ ਹਨ ਸੋ ਕਿਵੇਂ ਬੀ ਖੁੱਲ੍ਹ ਨਹੀਂ ਸੱਕਦੀਆਂ।

[1]ਖੁਲ੍ਹ ਜਾਣ।

ਇਮ ਕਹਿ ਨਿਜ ਦਾਸਨਿ ਕਹੁ ਪ੍ਰੇਰੇ।
'ਚਲਹੁ ਪਾਲਕੀ ਕਰਹੁ ਅਗੇਰੇ।'
ਜਬਿ ਗਮਨੇ ਦਰ ਨਿਕਟੀ ਭਯੋ।
ਛੁਟਿ ਸਾਂਕਰ ਤਾਰੋ ਖੁਲ੍ਹਿ ਗਯੋ ॥੨੩॥
ਚਲੀ ਨਿਕਸਿ ਸਿਵਕਾ ਜਬਿ ਪੌਰ।
ਸਭਿ ਬਿਸਮਾਇ ਰਹੇ ਤਿਸ ਠੌਰ।
ਸ਼ਾਹੁ ਸਮੀਪ ਜਾਇ ਸੁਧ ਦਈ।
'ਅਚਰਜ ਗਤਿ ਕੁਛ ਲਖੀ ਨ ਗਈ ॥੨੪॥
ਆਪਹਿ ਛੁਟਿ ਸਾਂਕਰ ਖੁਲ੍ਹਿ ਤਾਰੇ।
ਗੁਰ ਸੁਤ ਗਮਨਜੋ ਵਹਿਰ ਸੁਖਾਰੇ।
ਜਿਮ ਤੁਮ ਕਹਹੁ ਕਰਹਿਂ ਤਿਮ ਜਾਇ।'
ਸੁਨਤਿ ਸ਼ਾਹੁ ਹਰਖਜੋ ਬਿਸਮਾਇ ॥੨੫॥
ਥਿਤ ਸੁਧ ਹਿਤ ਅੰਤਹਿਪੁਰ ਬਾਹਰ[1]।
-ਅਜ਼ਮਤਿ ਅਤਿ ਜੁਤਿ ਇਹ ਜਗ ਜ਼ਾਹਿਰ।
ਕਹਾਂ ਰੁਕਹਿ ਗਤਿ ਬਡ ਬਲਵਾਨਾ-।
ਦਰਵਾਨਨਿ ਸੋਂ ਪੁਨਹਿਂ ਬਖਾਨਾ ॥੨੬॥
'ਕਛੂ ਨ ਬੋਲਹੁ ਜਾਨੇ ਦੇਹੁ।
ਪੌਰ ਅਰਾਇ ਤਿਸੀ ਬਿਧਿ ਲੇਹੁ।'
ਗੁਰ ਸੁਤ ਆਇ ਸੈਨ ਕਹੁ ਕੀਨਾ।
ਤੁਰਕ ਉਪਾਇ ਨਿਫਲ ਕਰਿ ਦੀਨਾ ॥੨੭॥
ਭਈ ਪ੍ਰਾਤਿ ਉਲਮਾਉ ਹਕਾਰੇ।
ਨਿਸ ਬ੍ਰਿਤਾਂਤ ਤਿਨ ਪਾਸ ਉਚਾਰੇ।
'ਰਹਜੋ ਨ ਰੁਕਜੋ, ਗਯੋ ਨਿਜ ਡੇਰੇ।
ਸਾਂਕਰ ਤਾਰੇ ਖੁਲ੍ਹੇ ਘਨੇਰੇ' ॥੨੮॥
ਤਬਿ ਉਲਮਾਉਨਿ ਸ਼ਾਹੁ ਸੁਨਾਯੋ।
'ਹਮ ਕਉ ਅਚਰਜ ਬਡ ਉਰ ਆਯੋ।
ਸੁਨਜੋ ਕਿਸੂ ਤੇ ਕੈਫ[1] ਰੁ ਮਾਸ।
ਨਿਤ ਖਾਵਤਿ ਹੈ ਕਰਤਿ ਬਿਲਾਸ

[1]ਪਾਤਸ਼ਾਹ ਸ਼੍ਰੀ ਰਾਮਰਾਇ ਜੀ ਦੀ) ਸੁਧ ਲੈਣ ਵਾਸਤੇ ਅਜੇ ਮਹਿਲੋਂ ਬਾਹਰ ਹੀ ਖੜਾ ਸੀ।

[1]ਸ਼ਰਾਬ।

॥ ੨੯ ॥
ਨਹਿਂ ਮਾਨਉ ਤਉ ਇਕ ਦਿਨ ਚਲਉ।
ਤਹਿਂ ਅਹਾਰ ਦੇਖਹੁ ਤਿਹ ਮਿਲਉ।'
ਸੁਨਿ ਕੈ ਸ਼ਾਹੁ ਕਹ੍ਯੋ 'ਹਮ ਜੈ ਹੈਂ।
ਜੁ ਕਛੁ ਖਾਇ ਔਚਕ ਪਿਖਿ ਲੈਂ ਹੈਂ
॥ ੩੦ ॥
ਇਕ ਜਸੂਸ ਤਹਿਂ ਰਾਖਹੁ ਲਾਇ।
ਸੁਧ ਅਹਾਰ ਕੀ ਜੋ ਕਹਿਆਇ[1]।'
ਸੁਨਤਿ ਸ਼ਰੀਅਨਿ ਤੈਸੇ ਕੀਨਸਿ।
ਸੁਧ ਲੈਬੇ ਹਿਤ ਨਰ ਪਠਿ ਦੀਨਸਿ
॥ ੩੧ ॥
ਭੋਜਨ ਕਰਨਿ ਲਗ੍ਯੋ ਜਿਸ ਛਿਨ ਮੈਂ।
ਆਇ ਜਸੂਸ ਕਹੀ ਸੁ ਸਭਿਨਿ ਮੈਂ।
ਉਲਮਾਉਨਿ ਸੁਧ ਸ਼ਾਹੁ ਸੁਨਾਈ।
'ਚਲਹੁ ਆਪ ਅਬਿ ਦੇਖਹੁ ਜਾਈ
॥ ੩੨ ॥
ਅਜ਼ਮਤਵੰਤ ਕਹਾਵਤਿ ਜੋਇ।
ਕਰਤਿ ਕੁਕਰਮਨਿ ਦੁਰ ਕਰਿ ਸੋਇ।
ਸਭਿਹਿਨਿ ਮੈਂ ਦਰਵੇਸ਼ ਕਹਾਵੈ।
ਕਰਹਿ ਬੰਦਗੀ ਸਭਿਨਿ ਜਨਾਵੈ' ॥ ੩੩ ॥
ਕਹਤਿ ਸੁਨਤਿ ਇਮ ਆਪਸ ਮਾਂਹਿ।
ਪਹੁੰਚੇ ਗੁਰ ਸੁਤ ਡੇਰੇ ਜਾਂਹਿ।
ਬੋਤਲ[†] ਧਰੀ ਦੇਖਿ ਕੈ ਸ਼ਾਹੂ।
ਕਹ੍ਯੋ[1] 'ਕਹਾਂ ਹੈ ਇਸ ਕੇ ਮਾਂਹੂ? ॥ ੩੪ ॥
ਤੁਮਰੇ ਦਰਵੇਸ਼ਨਿ ਕੋ ਬੇਸ।
ਇਹ ਦੁਰ ਕਰਿ ਕਜਾ ਕਰਹੁ ਹਮੇਸ਼।
ਹਮ ਨੇ ਆਜ ਸੁਨੀ ਤੁਮ ਰੀਤਿ।
ਦੇਖੀ ਆਇ, ਕਰਹੁ ਵਿੱਪ੍ਰੀਤ ॥ ੩੫ ॥
ਰਹਿਨੀ ਸੰਤਨ ਕੀ ਸ਼ੁਭ ਕਹਾਂ।
ਤੁਮ ਭੱਖਜਤਿ ਜਿਮ ਬਿਸ਼ਈ ਮਹਾਂ।

[1]ਜੋ ਆ ਕੇ (ਖਬਰ) ਕਹੇ।

[†]ਇਹ ਪਦ ਅੰਗ੍ਰੇਜ਼ੀ ਦਾ ਹੈ, ਸੰਸੇ ਵਾਲੀ ਗੱਲ ਹੈ ਕਿ ਔਰੰਗਜ਼ੇਬ ਦੇ ਸਮੇਂ 'ਬੋਤਲ' ਪਦ ਦਾ ਰਿਵਾਜ ਇੱਡਾ ਹੋ ਗਿਆ ਹੋਵੇ। ਤਦੋਂ ਸ਼ਰਾਬ ਲਈ 'ਸੁਰਾਹੀ' ਯਾ ਪਤਲੇ ਕੱਚ ਦੇ ਦੇਸੀ ਬਣੇ 'ਸ਼ੀਸ਼ੇ' ਵਰਤੀਂਦੇ ਸਨ।

[1](ਪਾਤਸ਼ਾਹ ਨੇ) ਕਹਿਆ।

ਕਰਾਮਾਤ ਕਿਮ ਤੁਮ ਕੋ ਹੋਈ?
ਚਲਿਤ ਆਪ ਕੋ ਸ਼ੁਭ ਨਹਿਂ ਕੋਈ[1]' ॥੩੬॥
ਤਬਿ ਸ਼੍ਰੀ ਰਾਮਰਾਇ ਤਿਨ ਕਹ੍ਯੋ।
'ਕਜਾ ਬੋਤਲ ਮੈਂ ਤੁਮ ਨੇ ਲਹ੍ਯੋ?'
ਖੋਲਿ ਬਦਨ ਜਬਿ ਪਾਇ ਕਟੋਰੇ।
ਨਿਕਸ੍ਯੋ ਦੂਧ ਹੇਰਿ ਭਏ ਹੌਰੇ ॥੩੭॥
ਆਮਿਖ ਕੀ ਹੋਈ ਤਰਕਾਰੀ[1]।
ਬ੍ਰਿੰਦਾਰਕ ਕੀ ਫਾਂਕ[1] ਸੁਧਾਰੀ।
ਤੂਸ਼ਨਿ ਭਏ ਨ ਕੁਛ ਬਸ ਚਾਲਾ।
ਹੇਰਿ ਹੇਰਿ ਹੈਰਾਨ ਬਿਸਾਲਾ ॥੩੮॥
-ਕੁਛ ਤੇ ਕੁਛ ਕਰਿ ਕੈ ਦਿਖਰਾਵਤਿ।
ਕੋਇ ਨ ਸਰਬਰ ਇਹੁ ਸੰਗ ਆਵਤਿ-।
ਬਹੁਰ ਸ਼ਾਹੁ ਹਸਿਬੇ ਕੀ ਬਾਤ।
ਕਰਤਿ ਰਹ੍ਯੋ ਕੇਤਿਕ ਬੱਖਜਾਤ ॥੩੯॥
ਹੋਇ ਪਰਸਪਰ ਮਹਦ ਪ੍ਰਸੰਨ।
ਕਹਤਿ ਭਯੋ 'ਤੁਮ ਸਤਿਗੁਰ ਧੰਨ।
ਜਿਨ ਕੀ ਸਮਤਾ ਕਰਹਿ ਨ ਕੋਈ।'
ਕਵਿ ਸੰਤੋਖ ਸਿੰਘ 'ਦੀਰਘ ਸੋਈ' ॥੪੦॥

ਦੋਹਰਾ:
ਬਿਸਮਾਵਤਿ ਸਭਿ ਨਰਨਿ ਯੁਤਿ ਸ਼ਾਹੁ ਦੁਰਗ ਮਹਿਂ ਆਇ।
-ਕਜ੍ਯੋਂਹੂੰ ਹੋਤਿ ਨ ਤਰੇ ਇਹੁ-, ਪਚ ਹਾਰੇ ਸਮੁਦਾਇ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥੫੪॥

[1]ਭਾਵ ਆਪ ਦੇ ਕਰਮ ਸ਼ੁਭ ਨਹੀਂ ਹਨ।
[1]ਸਬਜ਼ੀ।
[1]ਵਤਾਊ ਦੀਆਂ ਫਾੜੀਆਂ।

## ੫੫. [ਕਹਾਰਾਂ ਤੋਂ ਬਿਨਾਂ ਪਾਲਕੀ ਚਲਾਈ]

੫੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੬

ਦੋਹਰਾ:

ਸਤਿਗੁਰ ਪੁੱਤ੍ਰ ਪ੍ਰਸੰਨ ਅਤਿ, ਅਜ਼ਮਤਿ
ਪਰਮ ਦਿਖਾਇ।
ਸਭਿ ਕੂਰੇ ਬਹੁ ਬਾਰ ਕਿਯ, ਹਾਰੇ ਮੂਢ
ਉਪਾਇ ॥੧॥

ਚੌਪਈ:

ਅਧਿਕ ਰਹ੍ਯੋ ਸਭਿਹਿਨਿ ਪਰ ਬਲੀ।
ਸ਼ਾਹੁ ਸਮੇਤ ਸਭਿਨਿ ਮਤਿ ਛਲੀ।
'ਕਿਮ ਇਹ ਹਾਰਹਿ ਤੁਰਕ ਬਨਾਵਹਿਂ।'
ਮੂਢ ਮੁਲਾਨੇ ਸ਼ਾਹੁ ਸਿਖਾਵਹਿਂ ॥੨॥
ਨਹਿਂ ਬਸ ਚਲ੍ਯੋ ਉਪਾਇ ਨਿਫਲਤੇ[1]।
[1]ਵਿਅਰਥ ਹੋਏ।
ਪਚ ਪਚ ਹਾਰੇ ਸਤਿਗੁਰ ਬਲ ਤੇ[1]।
[1]ਸਤਿਗੁਰੂ ਜੀ ਦੀ ਤਾਕਤ ਨਾਲ।
ਤੀਨ ਲੋਕ ਮਹਿਂ ਅਸ ਨਹਿਂ ਕੋਈ।
ਜੀਤ ਸਕੈ ਗੁਰ ਘਰ ਕਹੁ ਜੋਈ ॥੩॥
ਤੁਰਕ ਬਾਪੁਰੇ ਗਿਨਤੀ ਕਜਾ ਹੈਂ।
ਅਰ ਕਰਿ ਮੂਰਖ ਸਮਤਾ ਚਾਹੈਂ।
ਆਗਜਾ ਸਭਿ ਬ੍ਰਹਮੰਡ ਕੇ ਮਾਂਹੀ।
ਨਿਤ ਅਨੁਸਾਰਿ, ਬਿਪਰਜੈ ਨਾਂਹੀ ॥੪॥
ਜਿਮ ਸਤਿਗੁਰ ਕੇ ਉਰ ਕਹੁ ਭਾਵੈ।
ਤਿਸ ਪ੍ਰਕਾਰ ਨਿਜ ਚਲਤਿ ਦਿਖਾਵੈਂ।
ਚੌਦਹਿ ਲੋਕ ਬਿਖੈ ਚਹਿਂ ਜੈਸੇ।
ਉਚਿਤਾਨੁਚਿਤ ਰਚਤਿ ਤਬਿ ਤੈਸੇ ॥੫॥
ਜੇ ਕਰਿਬੋ ਨਹਿਂ ਚਹਿਤ ਗੁਸਾਈਂ[1]।
[1]ਜੇ (ਕਰਾਮਾਤ) ਲਗਾਵਣੀ ਨਾ ਚਾਹੁਣ ਸਤਿਗੁਰੂ ਜੀ।
ਸਿਰ ਹਰਿਬੋ ਲਗਿ ਮੌਨ ਰਹਾਈਂ।
ਸ਼੍ਰੀ ਸਤਿਗੁਰ ਪੂਰਨ ਭਗਵਾਨ।
ਸ਼ੁਭ ਸਰਬੱਗਜ ਉਤੰਗ ਮਹਾਨ ॥੬॥
ਨਿਜ ਸੁਤ ਕੀ ਰਸਨਾ ਪਰ ਬਾਸੇ।
ਜਿਮ ਬੋਲਹਿ ਤਿਮ ਕਰਤਿ ਪ੍ਰਕਾਸ਼ੇ।
ਬਿਲਮ ਨ ਲਗਹਿ ਬਨਹਿ ਤਤਕਾਲਹਿ।
ਤੀਨ ਲੋਕ ਪਰ ਆਯਸੁ ਚਾਲਹਿ ॥੭॥

ਪੁਨ ਸ੍ਰੀ ਰਾਮਰਾਇ ਮਨ ਜਾਨਾ।
ਸਭਾ ਲਗੀ ਚਾਹਜੋ ਪ੍ਰਸਥਾਨਾ।
ਅਸਵਾਰੀ ਸਿਵਕਾ ਮੰਗਵਾਈ।
ਨਹਿਂ ਕਹਾਰ ਢਿਗ, ਗਏ ਕਿਥਾਈ ॥੮॥
ਕੁਛਕ ਬਿਲਮ ਤਿਨ ਆਵਤਿ ਲਾਗਹਿ।
ਕਹਤਿ ਦਾਸ 'ਮੈਂ ਲਜਾਵਹੁਂ ਭਾਗਹਿ।'
ਗੁਰ ਨੰਦਨ ਮਨ ਮੈਂ ਇਹ ਠਾਨਾ।
-ਬਿਨ ਕਹਾਰ ਮੈਂ ਕਰਿਵ ਪਯਾਨਾ ॥੯॥
ਦੇਖਿ ਦੇਖਿ ਦੁਖ ਦੁਸ਼ਟਨਿ ਦਹੈ।
ਅਪਰ ਜਿ ਨਰ ਸੁ ਅਚੰਭੈ ਰਹੈਂ।
ਮਹਿਮਾਂ ਮਹਾਂ ਹੋਇ ਬਿਸਤਾਰਾ।
ਬਨਹਿ ਸਿੱਖ ਸੁਨਿ ਆਇੰ ਹਜ਼ਾਰਾਂ ॥੧੦॥
ਹੁਇ ਸੰਗਤਿ ਜਹਿਂ ਕਹਿਂ ਬਹੁ ਮੇਰੀ।
ਕਹੈਂ ਕੀਰਤੀ ਸਭਿਨਿ ਬਡੇਰੀ-।
ਰਿਦੇ ਮਨੋਰਥ ਕਰਤੇ ਐਸੇ।
ਬੀਚ ਪਾਲਕੀ ਕੇ ਚਢਿ ਬੈਸੇ ॥੧੧॥
ਮੁਖ ਤੇ ਕਹਜੋ 'ਕਹਾਰ ਬਿਹੀਨੀ।
ਚਲਹਿ ਪਾਲਕੀ ਰੀਤਿ ਨਵੀਨੀ।'
ਤਿਸ ਛਿਨ ਸ਼ਿਵਕਾ ਉਠਿ ਕਰਿ ਚਾਲੀ।
ਦਿਪਤ ਜਵਾਹਰ ਲਗੇ ਬਿਸਾਲੀ ॥੧੨॥
ਚਮਤਕਾਲ ਨਿਜ ਅਜ਼ਮਤ ਸੰਗ।
ਚਹੁੰਦਿਸ਼ਿ ਕੀਨਸਿ ਅਦਭੁਤ ਰੰਗ।
ਆਗੈ ਨਰ ਢਲੈਤ ਕੁਛ ਚਾਲੇ।
ਅਪਰ ਸਿੱਖ ਸੇਵਕ ਗਨ ਨਾਲੇ ॥੧੩॥
'ਧੰਨ ਧੰਨ ਸ੍ਰੀ ਸਤਿਗੁਰੁ ਧੰਨ।'
ਬੋਲਹਿਂ ਚਹੁੰਦਿਸ਼ਿ ਭਏ ਪ੍ਰਸੰਨ।
ਚਲੀ ਬੀਥਕਾ ਕੁਛਕ ਅਗਾਰੀ।
ਸਿਵਕਾ ਬਿਨਾਂ ਕਹਾਰ ਨਿਹਾਰੀ ॥੧੪॥
ਅਦਭੁਤ ਭਏ ਮਨੁਜ ਗਨ ਮਿਲੇ।
ਹੇਰਿ ਹੇਰਿ ਕਰਿ ਪੀਛੇ ਚਲੇ।
ਕਾਰਨ ਬਹੁਤਨਿ ਕੋ ਦਿਖਰਾਵਨਿ।

ਮੰਦਮੰਦ ਹੀ ਕਰਹਿਂ ਚਲਾਵਨਿ ॥੧੫॥
ਉੱਤਮ ਪੋਸ਼ਿਸ਼ ਅੰਗਨਿ ਧਰੇ।
ਬੈਠ੍ਯੋ ਬੀਚ ਸੁ ਆਸਨ ਕਰੇ।
ਨੇਤ੍ਰ ਬਿਸਾਲਕ ਮਲ ਦਲ ਮਨੋ।
ਬਹੁ ਬਿਸਤ੍ਰਿਤਿ ਸੁ ਛਬਿ ਕੇ ਸਨੋ ॥੧੬॥
ਦੀਰਘ ਦਰਸ਼ਨ ਬਦਨ ਸੁਹਾਵਤਿ।
ਭਰ੍ਯੋ ਅਨੰਦ ਮਨਹੁਂ ਮੁਸਕਾਵਤਿ।
ਸ਼੍ਯਾਮਲ ਕੇਸ਼[1] ਸੁ ਬੇਸ ਅਸ਼ੇਖ।
ਜਨੁ ਰਾਂਕਾਪਤਿ ਤਿਮਰ ਪ੍ਰਵੇਖ[1] ॥੧੭॥
ਸਕਲ ਦੇਹ ਦੀਰਘ ਦੁਤਿਵੰਤਿ।
ਆਯੁਤ ਛਾਤੀ ਭੁਜਾ ਸੁਭੰਤਿ।
ਗੌਰ ਰੰਗ ਤਪਨੀਯ[1] ਸਮਾਨਾ।
ਰੁਚਿਰ ਬਿਭੂਖਨ ਪਹਿਰੇ ਨਾਨਾ ॥੧੮॥
ਬ੍ਰਿੰਦ ਮਸੰਦ ਮੇਵੜੇ ਦਾਸ।
ਸੰਗ ਸਿੱਖ ਸ਼ੁਭ ਸੰਗਤਿ ਰਾਸ।
ਚਾਮਰ ਚਾਰੁ ਢੁਰਤਿ ਚਹੁਂਦਿਸ਼ਿ ਮੈਂ।
ਉਡਤਿ ਮਰਾਲ ਸੰਭਾਵਨਿ ਜਿਸ ਮੈਂ[1] ॥੧੯॥
ਸ਼ੋਭਤਿ ਸੂਰਜ ਮੁਖੀ ਅਗਾਰੀ।
ਚਮਕਤਿ ਚਾਰੁ ਤਰਨਿ ਅਨੁਹਾਰੀ[1]।
ਦਿਪਤਿ ਬੀਜਨਾ ਲਗੇ ਜਵਾਹਰ।
ਕਰਤਿ ਅਨਿਕ ਸ਼ੋਭਾ ਕਹੁ ਜ਼ਾਹਰ ॥੨੦॥
ਬੋਲਤਿ ਜਾਤਿ ਨਕੀਬ ਅਗਾਰੀ।
ਚਹੁਂਦਿਸ਼ਿ ਨਰ ਗਨ ਹ੍ਵੈ ਪਰਵਾਰੀ।
ਸ਼ਰਧਾ ਜੁਤਿ ਜੋਰਤਿ ਜੁਗ ਹਾਥ।
ਦਿਖਰਾਵਹਿਂ ਨਿਜ ਨਿੰਮ੍ਰੀ ਮਾਥ ॥੨੧॥
ਪੰਥ ਪਾਲਕੀ ਚਲਤਿ ਨਿਹਾਰੈਂ।
ਹਾਰੈ ਮਤਿ ਬਹੁ ਰਿਦੈ ਬਿਚਾਰੈਂ।
ਚਾਰੈ ਦਿਸ਼ਿ ਚਿਤਵੰਤਿ ਪਧਾਰੈਂ।
ਧਾਰੈਂ ਅਚਰਜ, ਬਚਨ ਉਚਾਰੈਂ ॥੨੨॥
ਸਨੈ ਸਨੈ ਗਮਨਤਿ ਮਗ ਬੀਚ।

[1]ਕਾਲੇ ਕੇਸ।
[1]ਮਾਨੋਂ ਚੰਦਰਮਾਂ ਹਨੇਰੇ ਵਿਚ ਪ੍ਰਵੇਸ਼ਿਆਂ ਹੈ।
[1]ਸੋਨੇ ਵਰਗਾ।
[1]ਜਿਸ ਵਿਚ ਉਡਦੇ ਹੰਸ ਦੀ ਸੰਭਾਵਨਾ ਹੁੰਦੀ ਹੈ।
[1]ਸੂਰਜ ਵਾਂਙੂ।

ਭਏ ਹਜ਼ਾਰਹੁਂ ਊਚ ਅਰੁ ਨੀਚ।
ਬਿਸਮਾਵਹਿਂ ਸੁਨਿ ਧਾਵਤਿ ਆਵਹਿਂ।
ਮਿਲਿ ਮਿਲਿ ਦੇਖਹਿਂ ਸੀਸ ਝੁਕਾਵਹਿਂ ॥੨੩॥
ਹੀਰੇ ਸੁੰਦਰ ਮੁਕਤਾ ਲਰੀ।
ਲਰੀ ਬਿਸਾਲਨਿ ਦਿਪਤਹਿਂ ਜ਼ਰੀ[1]।
ਜ਼ਰੀਦੋਜ਼ ਤੇ ਸ਼ੋਭਾ ਖਰੀ।
ਖਰੀ ਹੋਤਿ ਚਿਤ ਚਾਹੇ ਤੁਰੀ[1] ॥੨੪॥

[1]ਜ਼ਰੀ ਦੀਆਂ ਲੜੀਆਂ ਬਹੁਤ ਪ੍ਰਕਾਸ਼ਦੀਆਂ ਹਨ।

[1]ਸ੍ਰੀ ਰਾਮਰਾਇ ਜੀ ਦੇ) ਚਿਤ ਚਾਹਿਆਂ (ਪਾਲਕੀ) ਤੁਰਦੀ ਹੈ ਅਥਵਾ ਖੜੇਂਦੀ ਹੈ।

ਘਰ ਘਰ ਮਹਿਂ ਸੁਧ ਸੁਨਿ ਸੁਨਿ ਦੌਰੇ।
ਮਿਲਿ ਮਿਲਿ ਹੇਰਿ ਹੇਰਿ ਤਿਸ ਠੌਰੇ।
ਕਰਿ ਕਰਿ ਬੰਦਨ ਚਲਿ ਚਲਿ ਸਾਥ।
ਹਰਖ ਹਰਖ ਉਰ ਕਹਿ ਕਹਿ ਗਾਥ ॥੨੫॥
ਪੁਰੀ ਬੀਥਕਾ ਬੀਚ ਬਜ਼ਾਰ।
ਪਰਜੋ ਰੌਰ ਸੁਨਿ ਥਾਇਂ ਹਜ਼ਾਰ।
ਚਲਹਿ ਪਾਲਕੀ ਬਿਨਾਂ ਨਰਨ ਤੇ।
ਬਿਸਮਤਿ ਸਕਲ ਅਚਰਜ ਕਰਨ ਤੇ ॥੨੬॥
ਭਈ ਭੀਰ ਸਘਰੀ ਚਹੁੰ ਓਰ।
ਖਰੌ ਹੋਨਿ ਨਹਿਂ ਪੱਯਤਿ ਠੌਰ।
ਧਨੀ ਰੰਕ ਆਵਤਿ ਸਮੁਦਾਏ।
ਪੰਡਿਤ ਮੂਰਖ ਸਭਿ ਦਰਸਾਏ ॥੨੭॥
ਹਿੰਦੂ ਤੁਰਕ ਸਮੂਹ ਉਮਾਹਤਿ।
ਏਕ ਬਾਰ ਹੇਰਨਿ ਚਿਤ ਚਾਹਤਿ।
ਕੋਠਨਿ ਬੀਚ ਝਰੋਖਨਿ ਬਾਲਾ[1]।
ਅਵਿਲੋਕਤਿ ਉਤਲਾਵਤਿ ਜਾਲਾ ॥੨੮॥

[1]ਬਾਰੀਆਂ ਵਿਚ ਇਸਤ੍ਰੀਆਂ।

ਆਗੇ ਤੇ ਬਡ ਭੀਰ ਹਟਾਵੈਂ।
ਤਰੁਨ ਢਲੈਤ[1] ਉਤੰਗ ਅਲਾਵੈਂ।
'ਬੰਦਨ ਕਰਿ ਕਰਿ ਗਮਨਹੁ ਘਰ ਕੋ।
ਦਰਸ਼ਨ ਕਰਿ ਲੀਨਹੁ ਸੁਤ ਗੁਰ ਕੋ

[1]ਜੁਵਾਨ ਸੂਰਮੇ।

॥੨੯॥
ਤਜਹੁ ਪੰਥ ਇਤ ਉਤ ਕੋ ਹੋਵਹੁ।
ਸ਼ਰਧਾ ਧਰਹੁ ਨੰਮ੍ਰਿ ਹੁਇ ਜੋਵਹੁ।'
ਇਮ ਸੁਨਿ 'ਧੰਨ ਧੰਨ ਗੁਰ' ਕਹੈਂ।
ਸੁਠ ਮੂਰਤਿ ਲਖਿ ਤਜਹੁ ਨ ਚਹੈਂ
॥੩੦॥
ਮੁਕਤਾ ਜੁਗਤ ਜਿ ਗੁੰਫੇ ਜ਼ਰੀ।
ਬੀਚ ਪਾਲਕੀ ਲਰਕਤਿ ਲਰੀ[1]। [1]ਲੜੀਆਂ।
ਨਿਜ ਕਰ ਮਹਿਂ ਗਹਿ ਸਤਿਗੁਰ ਨੰਦਨ।
ਦੇਖਹਿ ਇਤ ਉਤ ਕਰਤਿਹੁ ਬੰਦਨ[1] [1]ਨਮਸਕਾਰ ਕਰਦਿਆਂ ਨੂੰ।
॥੩੧॥
ਸਨੇ ਸਨੇ ਗਮਨਤਿ ਇਮ ਗਏ।
ਦੁਰਗ ਪੌਰ ਲੌ ਪਹੁੰਚਤਿ ਭਏ।
ਲੋਕ ਹਜ਼ਾਰਨਿ ਕੀ ਸੰਗ ਭੀਰ।
ਕਿਨਹੂੰ ਕਹਜੋ ਸ਼ਾਹ ਕੇ ਤੀਰ ॥੩੨॥
'ਗੁਰ ਸੁਤ ਆਵਤਿ ਸਭਿ ਬਿਸਮਾਵਤਿ।
ਬਿਨ ਕਹਾਰ ਸਿਵਕਾ ਗਮਨਾਵਤਿ।
ਨਗਰ ਸੰਗ ਜਿਸ ਕੋ ਦਰਸਾਵਤਿ।
ਅਬਿ ਸੁਨਿ ਸੁਨਿ ਧਾਵਤਿ ਉਤਲਾਵਤਿ'
॥੩੩॥
ਕਹਜੋ ਸ਼ਾਹੁ ਹਰਖਤਿ ਹੁਇ ਚੀਤ।
'ਮਮ ਢਿਗ ਲਗਿ ਆਵੈ ਤਿਸਿ ਰੀਤਿ।
ਪਿਖਹਿ ਕਚਹਿਰੀ ਅਜ਼ਮਤ ਭਾਰੀ।
ਨਰ ਬਿਹੀਨ ਸਿਵਕਾ ਅਸਵਾਰੀ ॥੩੪॥
ਪੌਰ ਦੁਰਗ ਕੇ ਜਬਹਿ ਪ੍ਰਵੇਸ਼ਾ।
ਭੀਰ ਨਰਨਿ ਕੀ ਸੰਗ ਵਿਸ਼ੇਸ਼ਾ।
ਸਾਵਧਾਨ ਭੇ ਉਠਿ ਦਰਵਾਨ।
ਬਰਜਨ ਕੀਨਸਿ ਤਰਜਿ[1] ਮਹਾਨ [1]ਰੋਕ ਕੇ, ਤਾੜ ਕੇ (ਲੋਕਾਂ) ਨੂੰ ਰੋਕਿਆ।
॥੩੫॥
ਦੁਰਗ ਦ੍ਵਾਰ ਪਰ ਭੀਰ ਹਟਾਈ।
ਸ਼ਾਹੁ ਨਿਕਟਿ ਸਿਵਕਾ ਗਮਨਾਈ।
ਊਚੀ ਊਚੀ ਚਲਿ ਨਰ ਹੀਨੀ।

ਸ਼ਾਹੁ ਸਭਾ ਜੁਤਿ ਸਭਿ ਨੇ ਚੀਨੀ ॥੩੬॥
ਦੇਖਿ ਦੇਖਿ ਬਿਸਮਾਵਤਿ ਸਾਰੇ।
-ਇਸ ਕੀ ਅਜ਼ਮਤ ਤੋਟ ਨ ਪਾਰੇ-।
ਜਬਿ ਸਭਿਹਿਨਿ ਅਵਿਲੋਕ ਲਈ ਹੈ।
ਅਵਨੀ ਪੁਨਹਿ ਟਿਕਾਇ ਦਈ ਹੈ
॥੩੭॥
ਤਜਿ ਸਿਵਕਾ ਕੋ ਸਭਾ ਪ੍ਰਵੇਸ਼ਾ।
ਚੌਂਕੀ ਊਚ ਸਭਿਨਿ ਤੇ ਬੈਸਾ।
ਬੂਝਯੋ ਸ਼ਾਹੁ 'ਆਜ ਇਹ ਥਾਏ।
ਨਰ ਹੀਨੀ ਸਿਵਕਾ ਚਢਿ ਆਏ' ॥੩੮॥
ਸੁਨਿ ਸ਼੍ਰੀ ਰਾਮਰਾਇ ਨੇ ਕਹਯੋ।
'ਸਮੋ ਕਚਹਿਰੀ ਕੋ ਹਮ ਲਹਯੋ।
ਨਿਕਟਿ ਕਹਾਰ ਨਹੀਂ ਤਬਿ ਪਏ।
ਹਮ ਅਰੂਢਿ ਕਰਿ ਇਮ† ਚਲਿ ਆਏ †ਪਾ:-ਭੇ ਕਿਮ।
॥੩੯॥
ਮੁਖ ਤੇ ਕਹਯੋ -ਕਹਾਰ ਜਿ ਨਾਂਹੀ।
ਸਿਵਕਾ ਆਪ ਚਲੈ ਮਗ ਤਾਂਹੀ-।
ਬਾਕ ਹਮਾਰੇ ਤੇ ਗਮਨਾਈ।
ਹੇਰਿ ਹੇਰਿ ਭੇ ਨਰ ਸਮੁਦਾਈ' ॥੪੦॥
ਇੱਤਯਾਦਿਕ ਜੇ ਬਾਕ ਬਿਲਾਸ।
ਬੈਠੇ ਕਰਤਿ ਸ਼ਾਹੁ ਕੇ ਪਾਸ।
ਸਭਾ ਉਠਨਿ ਕੋ ਸਮਾਂ ਜਿ ਹੋਵਾ।
ਸ਼ਾਹੁ ਸਮਾਜ ਸਮੇਤ ਖਰੋਵਾ ॥੪੧॥
ਅਪਨੇ ਅਪਨੇ ਗਏ ਸਥਾਨ।
ਬਿਮਨਤਿ ਕਰਤੇ ਬਾਕ ਬਖਾਨਿ।
ਸਤਿਗੁਰ ਸੁਤ ਆਯੋ ਨਿਜ ਡੇਰੇ।
ਬੰਦਤਿ ਜੇ ਨਰ ਮਗ ਮਹਿਂ ਹੇਰੇ ॥੪੨॥
ਤਿਸ ਛਿਨ ਜਿਸ ਨ ਬਿਲੋਕਯੋ ਤੈਸੇ।
ਪਛੁਤਾਵਤਿ ਜਿਮ ਕਹੁੰ ਠਗੇ ਸੇ[1]। [1]ਕਿਸੇ ਨੇ ਠੱਗ ਲਿਆ ਹੋਵੇ।
ਕਵਿ ਸੰਤੋਖ ਸਿੰਘ ਇਸੀ ਪ੍ਰਕਾਰ।
ਕਰਾਮਾਤ ਦਿਖਰਾਇ ਅਪਾਰ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਰਾਮਰਾਇ'ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੫॥

## ੫੬. [ਰਾਮਰਾਇ ਜੀ ਦੀ ਸਖਾਵਤ। ਸਾਹਨ ਸਾਹ]

੫੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੭

ਦੋਹਰਾ:
ਪੁਨਿ ਇਕ ਦਿਨ ਗਮਨੇ ਸਭਾ,
ਨੰਦਨ ਸ਼੍ਰੀ ਹਰਿਰਾਇ।
ਬੈਠੇ ਊਚੇ ਜਾਇ ਕਰਿ,
ਜਿਸ ਪ੍ਰਤਾਪ ਰਹ੍ਯੋ ਛਾਇ ॥੧॥
ਚੌਪਈ:
ਸਰਬ ਰੀਤਿ ਤੇ ਸਰਬ ਹਟਾਏ।
ਦੋਖੀ ਦੁਸ਼ਟ ਬਿਸਾਲ ਦਬਾਏ।
ਕਰਿ ਨ ਸਕਹਿ ਕੈ ਸਿਉਂ ਬੁਰਿਆਈ।
ਬਾਰ ਬਾਰ ਅਜ਼ਮਤਿ ਪਤਿਆਈ ॥੨॥
ਸੂਰਜ ਸਮ ਪ੍ਰਤਾਪ ਕੋ ਕਰਿ ਕੈ।
ਤੁਰਕ ਤੇਜ ਤਾਰਨ ਤੁਲ ਹਰਿ ਕੈ।
ਅਚਲ ਸੁਜਸੁ ਅਪਨੋ ਬਿਸਤਾਰਾ।
ਸਭਿ ਕੇ ਊਪਰ ਭਯੋ ਅਪਾਰਾ ॥੩॥
ਸ਼ਾਹੁ ਕਰ੍ਯੋ ਅਪਨੇ ਅਨੁਸਾਰੀ।
ਦੋਖੀ ਦੁਖਹਿਂ ਦੇਖਿ ਦੁਤਿ ਭਾਰੀ।
ਭਰੀ ਕਚਹਿਰੀ ਬੈਠ੍ਯੋ ਸ਼ਾਹੂ।
ਤਬਿ ਸੁ਼ਗਾਤ ਆਈ ਚਲਿ ਪਾਹੂ ॥੪॥
ਕਿਸੀ ਦੇਸ਼ ਤੇ ਪਠਈ ਕਾਹੂੰ।
ਵਸਤੁ ਅਮੋਲਕ ਦੇਖਹਿ ਤਾਹੂੰ।
ਕੰਚਨ ਕੇ ਕੰਕਨ ਸ਼ੁਭ ਬਨੇ।
ਜਿਸ ਪਰ ਲਗੇ ਜਵਾਹਰ ਘਨੇ ॥੫॥
ਹੀਰੇ ਜਟਤਿ ਦਮਕ ਬਡ ਉਠੇ।
ਪਹਿਰਨਿ ਸ਼ਾਹੁ ਹੇਤੁ ਕਿਨ ਪਠੇ।
ਸਭਾ ਬਿਲੋਕਤਿ ਰਹੇ ਲੁਭਾਏ।
ਪਿਖਹਿ ਨੁਰੰਗਾ ਹਾਥ ਉਠਾਏ ॥੬॥
ਤਬਿ ਸ਼੍ਰੀ ਰਾਮਰਾਇ ਬਚ ਕਹੇ।
'ਕੰਕਨ ਅਜਬ ਆਜ ਇਹੁ ਲਹੇ।
ਹਮ ਕਹੁ ਦੇਹੁ ਪਹਿਰ ਹੈਂ ਹਾਥ।
ਲੇ ਕਰਿ ਤੁਮ ਤੇ ਦਿੱਲੀ ਨਾਥ! ॥੭॥
ਨਹੀਂ ਅਪਰ ਬਲ ਐਸੇ ਹੋਇ।

ਨਤੁ ਕਰਵਾਇ ਲੇਤਿ ਇਮ ਦੋਇ।
ਯਾਂ ਤੇ ਭਏ ਪਸੰਦ ਹਮਾਰੇ।
ਪਹਿਰਹਿਂ ਹਾਥਨਿ ਸ਼ੁਭਤਿ ਉਦਾਰੇ'
॥ ੮ ॥
ਸੁਨਿ ਨੌਰੰਗ ਮਨ ਬਿਖੈ ਬਿਚਾਰੇ।
-ਇਹ ਤੋ ਰਾਖਨਿ ਉਚਿਤ ਹਮਾਰੇ।
ਇਨ ਪਰ ਗੁਰ ਸੁਤ ਕੀਨਿ ਸਵਾਲ।
ਕੈਸੇ ਦੇਉਂ ਇਨਹੁਂ ਕਹੁ ਟਾਲਿ ॥ ੯ ॥
ਅੰਤਰਜਾਮੀ ਜਾਨਹਿਂ ਮਨ ਕੀ।
ਨਹਿਂ ਮਾਨਹਿ ਇਹ ਟਾਲ ਬਚਨ ਕੀ।
ਮੋਲ ਬਿਸਾਲ ਜਵਾਹਰ ਲਾਗੇ।
ਅਦਭੁਤ ਜੋਤਿ ਸਭਿਨਿ ਕੀ ਜਾਗੇ
॥ ੧੦ ॥
ਨਹਿ ਜਬਿ ਦੇਉਂ ਬਿਰਸ ਹੁਇ ਜਾਇ।
ਇਨ ਬਹੁ ਦੀਨੀ ਵਸਤੁ ਮੰਗਾਇ।
ਕ੍ਰਿਪਨ ਲਖਹਿ ਮੋ ਕਹੁ ਮਨ ਛੋਟੋ।
ਜਿਸ ਤੇ ਦੁਤਿਯ ਨ ਕਾਰਜ ਖੋਟੋ[1]-
॥ ੧੧ ॥
ਇਮ ਬਿਦਾਰਿ ਕਰਿ ਰਿਦੈ ਬਡੇਰਾ।
ਦੇਤਿ ਭਯੋ ਕੰਕਨ ਤਿਸ ਬੇਰਾ।
ਗੁਰ ਨੰਦਨ ਨਿਜ ਹਾਥਨਿ ਪਾਏ।
ਇਤ ਉਤ ਡੋਲਤਿ ਦੁਤਿ ਦਮਕਾਏ
॥ ੧੨ ॥
ਦੇਖਤਿ ਦੁਸ਼ਟ ਦਹੇ ਦੁਖਿਆਰੇ।
ਹਿਤੂ ਹੇਰਿ ਕਰਿ ਭਏ ਸੁਖਾਰੇ।
ਉਠੀ ਸਭਾ ਪੁਨ ਡੇਰਨਿ ਗਏ।
ਮਿਲਤਿ ਪਰਸਪਰ ਭਾਖਤਿ ਭਏ ॥ ੧੩ ॥
ਕੇਤਿਕ ਦਿਨ ਸੋ ਕੰਕਨ ਪਹਿਰਤਿ।
ਸ਼ਾਹ ਸਮੀਪ ਆਇ ਰਹਿ ਨਿਤਪ੍ਰਤਿ।
ਅਧਿਕ ਸਮਾਜ ਬਧ੍ਯੋ ਬਹੁ ਰੀਤੀ।
ਸਿੱਖਜ ਅਨੇਕ ਹੋਤਿ ਚਿਤ ਪ੍ਰੀਤੀ ॥ ੧੪ ॥
ਬ੍ਰਿੰਦ ਤੁਰੰਗ ਸੈਨ ਸੰਗ ਹੋਈ।

[1]ਜਿਸ (ਕ੍ਰਿਪਣਤਾ ਤੋਂ) ਦੂਜਾ ਕਾਰਜ ਕੋਈ ਖੋਟਾ ਨਹੀਂ।

ਸ਼ਸਤ੍ਰ ਬਸਤ੍ਰ ਮਹਿਂ ਸ਼ੋਭਤਿ ਜੋਈ।
ਨਰ ਅਨੇਕ ਆਗੂ ਪਿਛਵਾਏ।
ਸਨਮਾਨਤਿ ਸਭਿ ਸੁਜਸੁ ਅਲਾਏ ॥੧੫॥
ਜਹਿਂ ਤਹਿਂ ਸੰਗਤਿ ਭਈ ਘਨੇਰੀ।
ਅਰਪਹਿਂ ਆਨਿ ਉਪਾਇਨ ਫੇਰੀ।
ਆਦਿ ਅਮਾਵਸ ਪਰਬ ਬਡੇਰੇ।
ਦਰਸ਼ਨ ਕਰਨਿ ਆਇਂ ਬਹੁਤੇਰੇ ॥੧੬॥
ਦੀਪਕ ਮਾਲ, ਦੁਸਹਿਰਾ, ਹੋਰੀ।
ਦਰਸਹਿਂ ਸੰਗਤਿ ਕਰਿ ਕਰ ਜੋਰੀ।
ਬਹੁ ਅਰਦਾਸ ਮੇਵੜੇ ਕਰਿਹੀਂ।
ਸੰਗਤਿ ਅੱਗ੍ਰ ਮਸੰਦ ਸੁ ਥਿਰਿਹੀਂ ॥੧੭॥
ਨਿਤਪ੍ਰਤਿ ਬਡ ਸਮਾਜ ਬਿਰਧਾਵੈ।
ਲੋਕ ਅਨੇਕ ਦਰਬ ਅਰਪਾਵੈਂ†।
ਕੇਤਿਕ ਸਮੋਂ ਬਿਤਾਵਨ ਕਰੇ।
ਏਕ ਦਿਵਸ ਗਮਨਤਿ ਪੁਰਿ ਚਰੇ[1] ॥੧੮॥
ਸੰਗ ਢਲੈਤ[1] ਨਕੀਬ ਬੁਲੰਤਾ।
ਬਹੁ ਨਰ ਭੀਰ ਪਾਛ ਗਮਨੰਤਾ।
ਰੀਤਿ ਸਮਾਜ ਰਾਜ† ਸੰਗ ਚਾਲਹਿਂ।
ਜਾਤਿ ਬਜਾਰ ਨਰਨਿ ਅਲਬਾਲਹਿਂ[1] ॥੧੯॥
ਹੁਤੋ ਬੇਨਵਾ ਏਕ ਫਕੀਰ।
ਤਿਨ ਪਿਖਿ ਸਤਿਗੁਰ ਸੁਤ ਸੰਗ ਭੀਰ।
ਹੇਰਤਿ ਬੋਲਜੋ ਊਚ ਅਵਾਜ।
'ਕਰਾਮਾਤ ਸਾਹਿਬ ਸੁਨਿ ਆਜਿ ॥੨੦॥
ਸ਼ਾਹੁਨ ਸ਼ਾਹ ਕਛੂ ਦਿਲਵਾਵਹੁ।
ਸ਼੍ਰੀ ਸਤਿਗੁਰ ਨੰਦਨ ! ਜਸੁ ਪਾਵਹੁ।
ਨਹੀਂ ਆਪ ਕੇ ਅਪਰ ਸਮਾਨ।
ਹਮਹਿਂ ਖ਼ਰਾਇਤ ਦੇਹੁ ਮਹਾਨ' ॥੨੧॥
ਸੁਨਿ ਸ਼੍ਰੀ ਰਾਮਰਾਇ ਜਸੁ ਕਾਨੇ[1]।
-ਸ਼ਾਹੁਨ ਸ਼ਾਹ ਮਹਾਨ ਬਖਾਨੇ-।

†ਪਾ:-ਬਹੁ ਪਾਵੈਂ।
[1]ਪਾਲਕੀ ਵਿਚ ਚੜ੍ਹੇ ਹੋਏ ਸ਼ਹਿਰ ਵਿਚ ਜਾ ਰਹੇ ਹਨ।
[1]ਸਿਪਾਹੀ।
†ਪਾ:-ਰਾਜਸ ਰੀਤਿ ਸਮਾਜ।
[1]ਘੇਰੇ ਹੋਏ।
[1]ਕੰਨਾਂ ਵਿਚ।

ਜੇ ਅਵਰੰਗ ਤੇ ਕੰਕਨ ਲਏ।
ਕਰ ਨਿਕਾਸਿ ਬੇਨਵ ਕੌ ਦਏ ॥੨੨॥
ਬਹੁ ਮੋਲੇ ਗਨ ਲਾਇਸਿ ਹੀਰਾ।
ਚਮਤਕਾਰ ਕੋਰਨ ਕਰਿ ਚੀਰਾ[1]।

[1]ਭਾਵ ਪਹਿਲ ਐਸੇ ਕੱਢੇ ਹੋਏ ਕਿ ਚਮਤਕਾਰ (ਬਹੁਤ ਦੇਂਦੇ ਸਨ)।

ਸ਼ਾਹੁ ਲੁਭਾਯੋ ਹੇਰਤਿ ਜੋਇ।
ਜਾਚੇ ਦਏ ਬੇਨਵੇ ਸੋਇ ॥੨੩॥
ਲਾਖਹੁੰ ਧਨ ਖਰਚੵੋ ਜਿਹ ਕਾਰਨ।
ਪਠੇ ਸ਼ਾਹੁ ਕਰਿ ਹੈ ਕਰ ਧਾਰਨ[1]।

[1]ਸ਼ਾਹ ਨੂੰ ਭੇਜੇ ਸਨ ਕਿਸ ਨੇ ਕਿ (ਸ਼ਾਹ) ਹੱਥੀਂ ਪਾਈ ਰੱਖੇਗਾ।

ਰਹਿ ਲੁਭਾਇ ਦੇ ਸਕਹਿ ਨ ਕੋਇ।
ਜਾਚੇ ਦਏ ਬੇਨਵੇ ਸੋਇ ॥੨੪॥
ਜਾਚਤਿ ਸੁਨੵੋ ਤੁਰਕ ਗਨ ਤਹਾਂ।
ਮਿਲਿ ਮਿਲਿ ਕਹਹਿਂ ਜਰਹਿਂ ਦੁਖ ਮਹਾਂ।
'ਦੇਖਹੁ ਕਰਤਿ ਬਧੀਕੀ ਬਾਤ।
ਸ਼ਾਹਨ ਸ਼ਾਹੁ ਕਹਾਇ ਬਖਜਾਤ ॥੨੫॥
ਨੌਰੰਗ ਤੇ ਜੋ ਕੰਕਨ ਲੀਨੇ।
ਅਲਪ ਜਾਨਿ ਬੇਨਵ ਕੋ ਦੀਨੇ।
ਨਹੀਂ ਤ੍ਰਾਸ ਕੁਛ ਮਨ ਮਹਿਂ ਠਾਨਾ।
ਬਧੵੋ ਬਿਸਾਲ ਰਿਦੇ ਗੁਰਬਾਨਾ ॥੨੬॥
ਸ਼ਾਹੁਨ ਸ਼ਾਹਿ ਕਹਾਵਹਿ ਜੈਸੇ।
ਨਹਿਂ ਚਵਗੱਤਾ ਕੋ ਸੁਧ ਐਸੇ।
ਅਬਿ ਹਮ ਚਲਹਿਂ ਸੁਨਾਵਹਿਂ ਸ਼ਾਹੂ।
ਸੁਨਹਿ, ਉਪਾਵਹਿ ਰਿਸ ਉਰ ਮਾਂਹੂ' ॥੨੭॥
ਇਮ ਕਾਜ਼ੀ ਉਲਮਾਉ ਮੁਲਾਨੇ।
ਹੁਇ ਇਕਠੇ ਢਿਗ ਸ਼ਾਹ ਬਖਾਨੇ।
ਮਿਲਿ ਕਰਿ ਸਭਿਨਿ ਸੁਨਾਵਨਿ ਕੀਨਸਿ।
'ਰਾਵਰ ਕਟਕ[1] ਜਰਾਊ ਦੀਨਸਿ ॥੨੮॥

[1]ਕੜੇ।

ਆਪ ਕਹਾਯਹੁ ਸ਼ਾਹਿਨ ਸ਼ਾਹੂ।
ਦਿਏ ਨਿਕਾਸਿ ਬੇਨਵੇ ਪਾਹੂ।
ਨਹਿਂ ਰਾਵਰ ਕੋ ਤ੍ਰਾਸ ਕਰੰਤਾ।
ਤੁਮ ਤੇ ਅਧਿਕ ਆਪ ਜਾਨੰਤਾ' ॥੨੯॥

ਇੱਤਜ਼ਾਦਿਕ ਦੂਤੀ ਬਹੁ ਕਰੀ।
ਜਿਸ ਤੇ ਸ਼ਾਹੁ ਰਿਦੈ ਰਿਸ ਭਰੀ।
ਜਬਹਿ ਕਚਹਿਰੀ ਸ਼ਾਹੁ ਲਗਾਈ।
ਆਇ ਸਭਾਸਦ ਭੇ ਸਮੁਦਾਈ ॥੩੦॥
ਗੁਰ ਨੰਦਨ ਤਬਿ ਚਲਿ ਕਰਿ ਆਵਾ।
ਸਭਾ ਪ੍ਰਵੇਸ਼ਜੋ ਬੈਠਿ ਸੁਹਾਵਾ।
ਕਿਤਿਕ ਬਾਰ ਪੀਛੇ ਕਰਿ ਸ਼ਾਹੂ।
'ਕੰਕਨ ਆਜ ਨਹੀਂ ਤੁਮ ਪਾਹੂ ॥੩੧॥
ਕਿਸ ਕਾਰਨ ਕਰਿ ਕਰ ਨਹਿਂ ਪਾਏ?
ਛੂਛੇ ਆਜ ਸਭਾ ਮਹਿਂ ਆਏ।'
ਸੁਨਿ ਗੁਰ ਨੰਦਨ ਬਚਨ ਉਬਾਚਾ।
'ਹਮੇ ਬੇਨਵੇ ਨੇ ਮਗ ਜਾਚਾ ॥੩੨॥
ਤਿਸ ਕਹੁ ਦੋਨਹੁਂ ਦੇ ਕਰਿ ਆਏ।
ਭਯੋ ਆਪ ਕੋ ਜਸੁ ਅਧਿਕਾਏ।
ਲੇ ਕਰਿ ਬਹੁ ਪ੍ਰਸੰਨ ਮਨ ਹੋਵਾ।
ਅਦਭੁਤ ਸਭਿਨਿ ਪਦਾਰਥ ਜੋਵਾ'
॥੩੩॥
ਰਿਸ ਕਰਿ ਕੁਛ ਨੌਰੰਗ ਉਚਾਰਾ।
'ਕੰਕਨ ਜੋਰੀ[1] ਮੋਲ ਉਦਾਰਾ।
ਜਾਗਤਿ ਜੋਤਿ ਜਵਾਹਰ ਜਾਂਹੂ।
ਮੈਂ ਹਿਤ ਕਰਿ ਦੀਨੇ ਤੁਮ ਪਾਹੂ ॥੩੪॥
ਲੇ ਕਰਿ ਅਪਰ ਥਾਨ ਸੋ ਦੀਨਿ।
ਮੋਹਿ ਤ੍ਰਾਸ ਨਹਿਂ ਰੰਚਕ ਕੀਨਿ।
ਅਬਿ ਕੰਕਨ ਸੋਈ ਮੁਝ ਦੇਹੁ।
ਮੰਗਵਾਵਹੁ ਨਹਿਂ ਬਿਲਮ ਕਰੇਹੁ ॥੩੫॥
ਉਚਿਤ ਪਹਿਰਬੇ ਕਰ ਬਰ ਮੇਰੇ[1]।
ਨਾਂਹਿ ਤ ਰਹਤਿ ਹਾਥ ਮਹਿਂ ਤੇਰੇ।
ਅਪਰਨ ਕੀ ਲਾਇਕ ਸੋ ਨਾਂਹੀ।
ਵਸਤੁ ਅਮੋਲਕ ਨਹਿਂ ਕਿਸ ਪਾਹੀ'
॥੩੬॥
ਸੁਨਿ ਸ੍ਰੀ ਰਾਮਰਾਇ ਨੇ ਭਾਖਾ।
'ਅਬਿ ਤਿਨ ਕੀ ਕਜਾ ਕਰਹੁ ਭਿਲਾਖਾ।

[1]ਕੜਿਆਂ ਦੀ ਜੋੜੀ।

[1]ਮੇਰੇ ਸ੍ਰੇਸ਼ਟ ਹੱਥਾਂ ਦੇ।

ਜਾਚਤਿ ਦੀਨਿ ਦਏ ਕਰਿ ਦਾਨ।
ਪੁਨ ਕਿਮ ਲੇਹੁਂ ਆਪਨੇ ਪਾਨ ॥੩੭॥
ਅਪਰ ਜਿ ਹੋਤਿ, ਦੇਤਿ ਭੀ ਫੇਰ।
ਲਿਏ ਬੇਨਵੇ ਕ੍ਰੂਰ ਬਡੇਰ।
ਜਾਚੇ ਤਿਸ ਤੇ ਹਾਥ ਨ ਆਵਹਿਂ।
ਬਲ ਤੇ ਛੀਨਹਿਂ ਤਊ ਨ ਪਾਵਹਿ ॥੩੮॥
ਯਾਂ ਤੇ ਰਿਦੇ ਬਿਸਾਰਹੁ ਸੋਇ।
ਨਹਿਂ ਅਬਿ ਲੋਭਹੁ[1] ਉਚਿਤ ਨ ਕੋਇ।' — [1]ਲਾਲਸਾ ਬੀ ਹੁਣ ਨਾ ਕਰੋ।
ਪੁਨਹਿ ਸ਼ਾਹੁ ਨੇ ਕਹਯੋ ਸੁਨਾਇ।
'ਇਮ ਮੇਰੇ ਮਨ ਮਹਿਂ ਨਹਿਂ ਆਇ ॥੩੯॥
ਮੋਹਿ ਸਭਾ ਮਹਿਂ ਕੰਕਨ ਸੋਇ।
ਤੁਮ ਪਹਿਰਹੁ ਕੈ ਮੁਝ ਢਿਗ ਹੋਇ।
ਅਬਿ ਮੰਗਵਾਇ ਦੇਹੁ ਮੁਝ ਤਾਂਈ।
ਜਿਮ ਜਾਨਹੁ ਤਿਮ ਰਚਹੁ ਉਪਾਈ ॥੪੦॥
ਤਿਨ ਬਿਨ ਮੋਹਿ ਪ੍ਰਸੰਨਤਾ ਨਾਂਹੀ।
ਵਸਤੁ ਅਮੋਲ ਰੰਕ ਕੇ ਪਾਹੀ।
ਅਨਿਕ ਬਾਤ ਕਿਮ ਕਹਉ ਕਹਾਵਉ।
ਸੋ ਕੰਕਨ ਬਿਨ ਬਿਲਮ ਮੰਗਵਾਉ' ॥੪੧॥
ਇਮ ਰੁਖ਼ ਲਖਿ ਕਰਿ ਨੌਰੰਗ ਕੇਰਾ।
ਗੁਰਸੁਤ ਅਜ਼ਮਤ ਕਰਿ ਤਿਸ ਬੇਰਾ।
ਜਿਹ ਸਥਾਨ ਕੰਕਨ ਸ਼ੁਭ ਧਰੇ।
ਬਹੁਤ ਜਤਨ ਤੇ ਗੁਪਤੀ ਕਰੇ[1] ॥੪੨॥ — [1]ਲੁਕਾਏ ਹੋਏ ਸਨ।
ਇਕ ਦੁਇ ਰਾਖੇ[1] ਤਿਸ ਥਲ ਰਹੈਂ। — [1]ਰਖਵਾਲੇ।
ਮਣਿ ਕੀ ਸਮ ਪੰਨਗ ਨਿਤ ਲਹੈਂ[1]। — [1]ਸੱਪ ਮਣੀ ਨੂੰ ਨਿੱਤ (ਜਿਵੇਂ) ਵੇਖਦਾ ਹੈ, ਤਿਸ ਵਾਂਙੂ (ਦੇਖਦੇ ਰਹਿੰਦੇ ਸਨ ਰਾਖੇ)।
ਗੁਰ ਸੁਤ ਨੇ ਤਹਿਂ ਤੇ ਨਿਕਸਾਏ।
ਆਗੇ ਧਰਿ ਕਰਿ ਸ਼ਾਹੁ ਦਿਖਾਏ ॥੪੩॥
ਬੈਠੇ ਤਹਾਂ ਮੰਗਾਵਨਿ ਕਰੇ।
ਪਿਖੇ ਸ਼ਾਹੁ ਕੁਛ ਸਮਤਾ[1] ਧਰੇ। — [1]ਸ਼ਾਤੀ।

ਤਜੀ ਬਿਖਮਤਾ ਬੋਲਤਿ ਜੈਸੇ।
ਤਊ ਲਗ੍ਯੋ ਬੂਝਨਿ ਕਹਿ ਐਸੇ ॥੪੪॥
'ਕ੍ਯੋਂ ਤੁਮ ਸ਼ਾਹੁਨ ਸ਼ਾਹੁ ਕਹਾਵਊ?
ਸੁਨਿ ਸੁਨਿ[1], ਦਰਬ ਦੇਹੁ ਹਰਖਾਵਊ।

[1]ਆਪਣਾ ਜੱਸ) ਸੁਣ ਸੁਣਕੇ।

ਕਿਸ ਪ੍ਰਕਾਰ ਤੁਮ ਸ਼ਾਹਿਨ ਸ਼ਾਹੂ?
ਇਹ ਉੱਤਰ ਦੀਜੈ ਮੁਝ ਪਾਹੂ' ॥੪੫॥
ਤਬਿ ਸ਼੍ਰੀ ਰਾਮਰਾਇ ਨੇ ਕਹ੍ਯੋ।
'ਇਸ ਕੋ ਅਰਥ ਨਹੀਂ ਤੁਮ ਲਹ੍ਯੋ।
ਨਿਕਸ੍ਯੋ ਸਾਹੁ ਆਇ ਕੈ ਨਾਂਹੀ।
ਅਸ ਨਿਸਚਾ ਹਮਰੇ ਮਨ ਮਾਂਹੀ ॥੪੬॥
ਯਾਂ ਤੇ ਸ਼ਾਹੁ ਨ ਸਾਹੁ ਕਹੰਤੇ[1]।

[1]ਭਾਵ ਸ੍ਵਾਸ ਨਿਕਲਦੇ ਫੇਰ ਅੰਦਰ ਆਵੇਗਾ ਕਿ ਨਹੀਂ, ਇਸ ਦਮ ਦਾ ਇਤਨਾ ਭਰਵਾਸਾ ਨਹੀਂ ਹੈ, ਇਸ ਕਰਕੇ ਅਸੀਂ 'ਸਾਹ ਨ ਸਾਹ' ਕਹਾਉਂਦੇ ਹਾਂ। ਉਂਞ ਤਾ ਇਸ ਵਿਚ ਸ਼ਾਹ ਪਦ ਨੂੰ ਸਾਹ ਵਿਚ ਬਦਲ ਕੇ ਇਕ ਸ਼ਬਦ ਚਮਤਕਾਰ ਦੱਸਿਆ ਹੈ, ਪਰ ਧ੍ਵਨੀ ਵਿਚ ਇਹ ਹੈ ਕਿ ਅਸੀਂ ਦਮ ਦਾ ਭਰੋਸਾ ਨਹੀਂ ਕਰਦੇ, ਇਸ ਵਾਸਤੇ ਹਰ ਸ੍ਵਾਸ ਤੇ ਹੀ ਨਹੀਂ ਪਰ ਸ੍ਵਾਸ ਦੇ ਬਾਹਰ ਨਿਕਲੀ ਬੀ ਤੇ ਅੰਦਰ ਗਏ ਬੀ ਨਾਮ ਸਿਮਰਨ ਵਿਚ ਸਾਵਧਾਨ ਰਹਿੰਦੇ ਹਾਂ। ਇਸ ਸਦਾ ਸਾਵਧਾਨਤਾ ਕਰਕੇ ਦੀਨ ਵਿਚ ਸਾਨੂੰ ਸ਼ਾਹਨ ਸ਼ਾਹ ਕਿਹਾ ਜਾਂਦਾ ਹੈ। ਵਿਚ ਵਿਚ ਜੁਗਤ ਬੀ ਹੈ ਕਿ ਤੈਨੂੰ ਦਮ ਦਾ ਭਰੋਸਾ ਹੈ ਇਸ ਕਰਕੇ ਤੂੰ ਰੱਬ ਵਲੋਂ ਗ਼ਫਲਤ ਵਿਚ ਹੈਂ ਤੇ ਮਾਇਆ ਵਿਚ ਲਿਪਤ ਹੈਂ।

ਇਸ ਬਿਧਿ ਹਮਰੋ ਮਤੋ ਲਖੰਤੇ।'
ਕਵੀ ਸੰਤੋਖ ਸਿੰਘ ਰੁਖ਼ ਲਖਿ ਸ਼ਾਹੂ।
ਗਏ ਸਕਲ ਨਿਜ ਡੇਰਨਿ ਮਾਂਹੂ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਖਸ਼ਟਮਪੰਚਾਸਤੀ ਅੰਸੂ ॥੫੬॥

## ੫੭. [ਮਿੱਟੀ ਮੁਸਲਮਾਨ ਕੀ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਪੁਨ ਇਕ ਦਿਨ ਗਮਨੇ ਸਭਾ,
ਨੰਦਨ ਸ਼੍ਰੀ ਹਰਿ ਰਾਇ।
ਉਮਰਾਵਨਿ ਮਹਿਂ ਸ਼ਾਹੁ ਢਿਗ,
ਬੈਠ੍ਯੋ ਉਚੀ ਥਾਇਂ ॥੧॥

ਚੌਪਈ:

ਪੂਰਬ ਦੁਸ਼ਟਨਿ ਸ਼ਾਹੁ ਸਿਖਾਯੋ।
'ਸ਼੍ਰੀ ਨਾਨਕ ਨਿਜ ਸ਼ਬਦ ਬਨਾਯੋ।
ਤਿਸ ਮਹਿਂ ਕਰ੍ਯੋ ਤੁਰਕ ਮਤਿ ਖੰਡਨ।
ਹਿੰਦੁਨਿ ਮਤਿ ਕੋ ਕੀਨਸਿ ਮੰਡਨ ॥੨॥
ਪ੍ਰਿਥੀ ਬਿਖੈ ਜੁ ਤੁਰਕ ਦਫਨਾਵੈਂ।
ਸੋ ਭੀ ਜਰਹਿਂ ਅਗਨਿ ਦਿਪਤਾਵੈਂ।
ਬੂਝਹੁ ਰਾਮਰਾਇ ਕੇ ਆਏ।
ਕਜਾ ਉੱਤਰ ਇਸ ਕਹੁ ਬਤਲਾਏ' ॥੩॥
ਇੱਤ੍ਯਾਦਿਕ ਕਹਿ ਸ਼ਾਹੁ ਸਿਖਾਯੋ।
ਜਬਿ ਸ਼੍ਰੀ ਰਾਮਰਾਇ ਚਲਿ ਆਯੋ।
ਅਪਰ ਪ੍ਰਸੰਗ ਅਨੇਕ ਚਲਾਏ।
ਜੇ ਉਲਮਾਉ ਤਹਾਂ ਸਮੁਦਾਏ ॥੪॥
ਜੁਕਤਿ ਉਕਤਿ ਕਰਿ ਮਤਿ ਚਤੁਰਾਈ।
ਸ਼ਾਹੁ ਸੁਨਾਵਹਿਂ ਹਰਖ ਉਪਾਈ।
ਚਲੇ ਪ੍ਰਸੰਗ ਬੂਝਨੋ ਚਹ੍ਯੋ।
'ਸ਼੍ਰੀ ਨਾਨਕ ਜੀ ਇਹ ਕਜਾ ਕਹ੍ਯੋ:-
॥੫॥

ਸ਼੍ਰੀ ਮੁਖਵਾਕ:

ਮਃ ੧ ॥
ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥

ਚੌਪਈ:

ਕਰਹੁ ਮਾਇਨਾ ਸਭਿਨਿ ਸੁਨਾਇ।

ਇਹ ਕਜ਼ਾ ਕਹਜੋ ਦੇਹੁ ਸਮੁਝਾਇ?'
ਸੁਨਿ ਸ਼੍ਰੀ ਰਾਮਰਾਇ ਮਨ ਜਾਨਾ।
-ਗਨ ਦੋਖੀ ਸਿਖਰਾਇ ਮਹਾਨਾ ॥੬॥
ਕਹੈਂ ਵਾਸਤਵ[1] ਅਰਥ ਜਿ ਅਬੈ।
ਦੋਖੀ ਤਰਕ ਬਧਾਵਹਿਂ ਸਬੈ।
ਜਿਸ ਤੇ ਸ਼ਾਹੁ ਫਰਕ ਉਰ ਪਾਵੈ।
ਤਿਮ ਇਹ ਦੁਸ਼ਟ ਕੁਬਾਦ ਉਠਾਵੈ ॥੭॥
ਸ਼ਰ੍ਹਾ ਬਿਖੈ ਮਨ ਬੰਧਜੋ ਸ਼ਾਹੂ।
ਠਾਨਹਿਂ ਦ੍ਵੈਸ਼ ਅਧਿਕ ਮਨ ਮਾਂਹੂ।
ਬਨੀ ਬਾਤ ਮੇਰੀ ਬਿਗਰੈ ਹੈ।
ਬਹੁਰ ਕਿਸੂ ਬਿਧਿ ਨਹਿਂ ਸੁਧਰੈ ਹੈ ॥੮॥
ਕਰਤਿ ਰਹੇ ਨਿਤਪ੍ਰਤਿ ਦੁਸ਼ਟਾਈ।
ਮੈਂ ਅਜ਼ਮਤ ਕੇ ਜ਼ੋਰ ਬਚਾਈ।
ਮੁਝ ਕੋ ਧਨ ਲਾਖਹੁਂ ਇਹ ਦੇਤਿ।
ਬਿਗਰ ਜਾਇ ਪੁਨ ਰਹੈ ਨ ਹੇਤ[1]- ॥੯॥
ਇੱਤਜਾਦਿਕ ਉਰ ਬਹੁਤ ਬਿਚਾਰੇ।
ਪਦ ਕੇ ਅੱਛਰ ਅਪਰ ਉਚਾਰੇ।
'ਮਿੱਟੀ ਬੇਇਮਾਨ ਕੀ ਕਹੀ।
ਸਕਲ ਤੁਰਕ ਕੀ ਇਹ ਗਤਿ ਨਹੀਂ ॥੧੦॥
ਬੇਇਮਾਨ ਕੀ ਨਿੰਦਜਾ ਸਾਰੇ।
ਬਿਚ ਕੁਰਾਨ ਭੀ ਕਹਜੋ ਤੁਮਾਰੇ।
ਕਜ਼ਾ ਸੰਸੈ ਹੋਯਹੁ ਇਸ ਮਹੀ।
ਬੇਇਮਾਨ ਕੀ ਦੁਰਗਤਿ ਕਹੀ ॥੧੧॥
ਹਮਰੇ ਤੁਮਰੇ ਸਕਲ ਸਥਾਨ।
ਨਿੰਦਤਿ ਹੈਂ ਜਿਨ ਤਜਜੋ ਇਮਾਨ।
ਸਭਿ ਕੋ ਮਤੋ ਏਕ ਬਿਧਿ ਕਹੈਂ।
ਜਜੋਂ ਕਜੋਂ ਧਰਮ ਭਲੇ ਨਿਰਬਹੈਂ ॥੧੨॥
ਸਭਿ ਗੁਨ ਮੂਲ ਧਰਮ ਹੈ ਏਕ।
ਹੋਤਿ ਧਰਮ ਤੇ ਰਿਦੇ ਬਿਬੇਕ।
ਸਥਿਤ ਜਗਤ ਕੋ ਧਰਮ ਰਖੰਤਾ[1]।
ਧਰਮ ਸਦਾ ਸੁਖ ਕੋ ਉਪਜੰਤਾ ॥੧੩॥

[1]ਅਸਲੀ।

[1]ਪਿਆਰ।

[1]ਧਰਮ ਹੀ ਜਗਤ ਨੂੰ ਥਿਰ ਰੱਖਦਾ ਹੈ।

ਧਮਰ ਰੂਪ ਹੈ ਖੇਤ ਬਿਸਾਲਾ।
ਸਤਿ ਸੰਤੋਖ ਬੀਜ ਸਭਿ ਕਾਲਾ।
ਸਮਤਾ, ਸੁਚਤਾ, ਮੁਦਤਾ, ਖਿਮਾਂ।
ਸ਼ਰਧਾ, ਦਯਾ ਕਰਤਿ ਇਮ ਜਮਾਂ ॥੧੪॥
ਪ੍ਰਾਨੀ ਜੀਵਹਿ ਜਗ ਮਹਿਂ ਜਾਵਦ।
ਰੱਛਜਾ ਧਰਮ ਕਰਤਿ ਹੈ ਤਾਵਦ।
ਤਜਾਗੈ ਪ੍ਰਾਨ ਮ੍ਰਿਤਕ ਜਬਿ ਕੋਇ।
ਚਲਹਿ ਬਡੇ ਮਗ[1] ਏਕਲ ਹੋਇ ॥੧੫॥

[1]ਭਾਵ ਪ੍ਰਲੋਕ ਦੇ ਰਾਹ।

ਤਬਹਿ ਸਹਾਇਕ ਧਰਮ ਅਸ਼ੋਕ।
ਸਭਿ ਸੁਖ ਦੇਤਿ ਬੀਚ ਪਰਲੋਕ।
ਯਾਂ ਤੇ ਸ਼ੁਭ ਇਮਾਨ ਸਭਿ ਹੀ ਕੋ।
ਤਜਹਿ ਨ ਕਬਹੂੰ ਚਹਿ ਸੁਖ ਜੀ ਕੋ ॥੧੬॥
ਬੇਇਮਾਨ ਦੁਖ ਦੋਨਹੁ ਲੋਕ।
ਬੇਇਮਾਨ ਕੇ ਸਦ ਹੀ ਸ਼ੋਕ।
ਬੇਇਮਾਨ ਦੋਜ਼ਕ ਮਹਿਂ ਜਾਇ।
ਬੇਇਮਾਨ ਕੀ ਗੋਰ[1] ਜਲਾਇ' ॥੧੭॥

[1]ਕਬਰ।

ਇੱਤਜਾਦਿਕ ਗੁਰ ਸਤ ਨੇ ਕਹਜੋ।
ਸ਼ਾਹੁ ਕੁਸ਼ਾਮਦ ਕੋ ਚਿਤ ਚਹਜੋ।
ਅਪਨੇ ਬਲ ਕੀ ਸੁਧ ਬਿਸਰਾਈ।
ਸਤਿਗੁਰ ਗਿਰਾ ਦੀਨਿ ਉਲਟਾਈ ॥੧੮॥
ਅਦਬ ਨ ਸਮਝਜੋ ਪਹਿਲੇ ਗੁਰ ਕੋ।
ਖੋਟੋ ਕਰਜੋ ਮਨੋਰਥ ਉਰ ਕੋ।
-ਗੰਢ ਸ਼ਾਹੁ ਸੋਂ ਮੇਰੋ ਰਹੈ।
ਲਾਖਹੁ ਦਰਬ ਦੇਤਿ ਨਿਤ ਅਹੈ- ॥੧੯॥
ਤਿਸ ਦਿਨ ਤੇ ਟੂਟਜੋ ਗੁਰ ਦਿਸ਼ਿ ਤੇ।
ਕਰੇ ਖੁਸ਼ਾਮਤ ਪਲਟਜੋ ਜਿਸ ਤੇ[1]।

[1]ਕੁਸ਼ਾਮਤ ਕੀਤੀ ਜਿਸ ਤੇ (ਗੁਰੂ ਜੀ ਦਾ ਵਾਕ) ਬਦਲਾਯਾ।

ਅਪਰ ਪ੍ਰਸੰਗ ਅਨੇਕ ਚਲੇ ਹੈਂ।
ਉੱਤਰ ਸਭਿ ਕੋ ਦਿਯੇ ਭਲੇ ਹੈਂ ॥੨੦॥
ਸਭਾ ਉਠੀ ਪੁਨ ਆਯਹੁ ਡੇਰੇ।

ਖਾਨ ਪਾਨ ਕਰਿ ਹਰਖ ਬਡੇਰੇ।
ਆਗੇ ਜੇਤਿਕ ਅਜ਼ਮਤ ਦਈ।
ਲਿਖਿ ਲਿਖਿ ਸਕਲ ਪਠਾਵਨਿ ਕਈ ॥੨੧॥
ਇਹ ਬ੍ਰਿਤਾਂਤ ਸੁਨਿ ਕੈ ਸਿਖ ਕੋਈ।
ਲਿਖਿ ਅਰਦਾਸ ਚਲਯੋ ਲੇ ਸੋਈ।
ਸਕਲ ਕੁਸ਼ਲ ਕੀ ਗਾਥ ਪਠਾਈ।
ਸ਼ਾਹੁ ਸਾਥ ਜਿਮ[1], ਲਿਖਯੋ ਤਥਾਈ ॥੨੨॥ [1]ਜਿਵੇਂ ਸ਼ਾਹ ਨਾਲ (ਗੱਲ ਹੋਈ)।
ਦਿੱਲੀ ਤੇ ਚਲਿ ਕੈ ਸਿਖ ਤੂਰਨ।
ਕ੍ਰਮ ਤੇ ਉਲੰਘਯੋ ਪੰਥ ਸਪੂਰਨ।
ਕੀਰਤਿਪੁਰਿ ਸਤਿਗੁਰ ਹਰਿਰਾਇ।
ਤਿਨ ਢਿਗ ਪਹੁੰਚਯੋ ਬੰਦੇ ਪਾਇ ॥੨੩॥
ਸਕਲ ਕੁਸ਼ਲ ਅਰਦਾਸ ਸੁਨਾਈ।
ਅਪਰ ਹਕੀਕਤ ਪੁਨਹਿ ਬੁਝਾਈ[1]। [1]ਸਮਝਾਈ।
'ਅੰਤਰਜਾਮੀ ਰਾਵਰ ਸਾਰੇ।
ਬਿਨਾਂ ਕਹੇ ਜਾਨਹੁ ਜਗੁ ਕਾਰੇ' ॥੨੪॥
ਸ਼੍ਰੀ ਹਰਿਰਾਇ ਨਿਕਟਿ ਸਿਖ ਸੰਗਤਿ।
ਬੈਠੇ ਹੁਤੇ ਨਿਕਟਿ ਕਰਿ ਪੰਗਤਿ।
ਸਭਿਹਿਨਿ ਕੇ ਸੁਨਾਇਬੇ ਕਾਰਨ।
ਸਿਖ ਸੋਂ ਸਤਿਗੁਰ ਕੀਨਿ ਉਚਾਰਨਿ ॥੨੫॥
'ਕਹੁ ਬ੍ਰਿਤਾਂਤ ਦਿੱਲੀ ਮਹਿਂ ਜੈਸਾ।
ਤੁਰਕੇਸ਼ੁਰ ਬਰਤੈ, ਕਹੁ ਕੈਸਾ?
ਰਾਮਰਾਇ ਕੋ ਮਿਲਿਬੋ ਭਯੋ।
ਕਿਸ ਪ੍ਰਕਾਰ ਪੂਰਬ ਚਲਿ ਗਯੋ? ॥੨੬॥
ਬਚਨ ਸਪਰਸ਼ਨ ਕੈਸੇ ਕੀਏ?
ਕਿਮ ਉੱਤਰ ਬਾਦੀ ਕਹੁ ਦੀਏ?
ਲੇਨਿ ਦੇਨਿ ਕੋ ਕਿਮ ਬਿਵਹਾਰ?
ਕਿਮ ਸਨਮਾਨ ਅਮਾਨ[1], ਉਚਾਰ? ॥੨੭॥ [1]ਆਦਰ ਨਿਰਾਦਰ।

ਕਿਤਿਕ ਦਿਵਸ ਮਹਿਂ ਮੇਲ ਕਰੰਤੇ?
ਕਰਾਮਾਤ ਕਿਮ ਤਿਸੈ ਦਿਖੰਤੇ?
ਕਿਮ ਸਤਿਗੁਰ ਘਰ ਕੀ ਵਡਿਆਈ।
ਰਾਖਹਿ ਸ਼ਾਹੁ ਕਿ ਬਾਦ ਉਠਾਈ?
॥੨੮॥
ਆਗੈ ਭੀ ਸੁਧਿ ਆਵਤਿ ਰਹੀ।
ਜਿਮ ਬੀਤੀ ਨਰ ਗਨ ਤਿਮ ਕਹੀ।
ਤਉ ਸਮੀਪੀ ਤੂੰ ਨਿਤ ਰਹੈਂ।
ਅਲਪ ਅਧਿਕ ਗਤਿ ਸਭਿ ਹੂੰ ਲਹੈਂ
॥੨੯॥
ਜਬਿ ਕੇ ਦਿੱਲੀ ਨਗਰ ਪ੍ਰਵੇਸ਼ੇ।
ਤਬਿ ਕੋ ਸਭਿ ਬ੍ਰਿਤਾਂਤ ਕਹੁ ਤੈਸੇ।'
ਇਮ ਸਤਿਗੁਰ ਤੇ ਸੁਨਿ ਸਿਖ ਸੋਇ।
ਕਰੀ ਅਰਦਾਸ ਬੰਦਿ ਕਰ ਦੋਇ ॥੩੦॥
'ਜਬਿ ਕੇ ਪੁਰੀ ਪ੍ਰਵੇਸ਼ੇ ਜਾਇ।
ਰਹੇ ਤਹਾਂ ਆਨੰਦ ਉਪਜਾਇ।
ਅਜ਼ਮਤ ਜਾਚਤਿ ਜਿਮ ਤੁਰਕੇਸ਼।
ਪੁੱਤ੍ਰ ਆਪ ਕੋ ਦੇ ਤਿਮ ਬੇਸ਼[1] ॥੩੧॥ [1]ਚੰਗੀ।
ਦਸ ਅਰੁ ਤੀਨ ਹਜ਼ਾਰ ਦਰਬ ਦੇ।
ਨਿਤਪ੍ਰਤਿ ਬਾਂਛਤਿ ਅਪਰ ਸਰਬ ਦੇ।
ਬਧਜੋ ਸਮਾਜ ਤੁਰੰਗਮ ਆਦਿ।
ਢਿਗ ਸਿਖ ਸੰਗਤਿ ਬਹੁ ਅਹਿਲਾਦ[1] [1]ਅਨੰਦ ਹੈ।
॥੩੨॥
ਸਿੱਖ ਹਜ਼ਾਰਹੁਂ ਹੋਏ ਆਨਿ।
ਅਧਿਕ ਪ੍ਰਤਾਪ ਭਯੋ ਤਿਸ ਥਾਨ।
ਨਿਕਟਿ ਨੁਰੰਗੇ ਕੇ ਨਿਤ ਜਾਤਿ।
ਸਨਮਾਨਤਿ ਕਹਿ ਮਾਧੁਰ ਬਾਤ ॥੩੩॥
ਵਸਤੁ ਅਮੋਲਕ ਅਰਪਨਿ ਕਰੈ।
ਅਜ਼ਮਤ ਦੇਖਿ ਭਾਉ ਉਰ ਧਰੈ।
ਚਢਹਿ ਕਿਤਹੁਂ ਨਿਜ ਸਾਥ ਚਢਾਵਹਿਂ।
ਸ਼ੁਭ ਬਾਤਨਿ ਕਹੁ ਕਹੈ ਕਹਾਵਹਿ
॥੩੪॥

ਬ੍ਰਿੱਤ ਅਖੇਰ ਜਾਤਿ ਹੈ ਸੰਗ।
ਗਜ ਸਿਵਕਾ ਕੈ ਚਢਹਿ ਤੁਰੰਗ।
ਗੁਰ ਅਰਜਨ ਸ਼੍ਰੀ ਹਰਿਗੋਬਿੰਦ।
ਇਨ ਕੋ ਭਾ ਜਿਮ ਮਾਨ ਬਿਲੰਦ ॥੩੫॥
ਤਿਸੀ ਰੀਤਿ ਰਾਵਰ ਕੇ ਸੁਤ ਕੋ।
ਕਰਹਿ ਸ਼ਾਹੁ ਅਰੁ ਰਾਖਹਿ ਹਿਤ ਕੋ।
ਬਹਿਲੋ ਕੇ ਭਾਈ ਗੁਰਦਾਸ।
ਇੱਤਜਾਦਿਕ ਸਿਖ ਸਭਿ ਰਹਿਂ ਪਾਸ ॥੩੬॥
ਬਡੀ ਭੀਰ ਨਿਤਪ੍ਰਤਿ ਢਿਗ ਹੋਵੈ।
ਧਰਹਿਂ ਭਾਵ ਦਰਸ਼ਨ ਕਹੁ ਜੋਵੈਂ।
ਬਹੁ ਧਨ ਧਰਹਿਂ ਉਪਾਇਨ ਅਰਪਹਿਂ।
ਬਰ ਕੋ ਜਾਚਿ ਸ੍ਰਾਪ ਤੇ ਡਰਪਹਿਂ ॥੩੭॥
ਜੈ ਜੈ ਕਾਰ ਗੁਰਨਿ ਕੋ ਸਾਰੇ।
ਨਮੋ ਕਰਹਿਂ ਅਰੁ ਬਿਨੈ ਉਚਾਰੇਂ।
ਜਾਨਤਿ ਹੋ ਬਰਤੈ ਜਗ ਜਿਤੀ।
ਅਜ਼ਮਤ ਦੀਨਿ ਕਹੌਂ ਅਬਿ ਤਿਤੀ- ॥੩੮॥

ਕਬਿੱਤ:

ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ,
ਫਲ ਮੱਕੇ ਤੇ ਮੰਗਾਇ, ਹਿਤੂ ਬੇਗਮ ਬਤਾਈਐ।
ਪਦਮਨੀ ਆਨਿ, ਚੰਦ ਦੂਜੋ ਅਸਮਾਨ ਭਯੋ,
ਤੋਸ਼ੇ ਖਾਨੇ ਥਾਨ ਕਰਿ ਗਿਨਤੀ ਸੁਨਾਈਐ।
ਕੇਹਰੀ ਅਖੇਰ ਕੋ, ਜਨਮ ਬਾਜ ਪੂਰਬ ਕੋ,
ਫਲ ਦੇਵਰੁਖ ਕੋ[1], ਚਿਕਰ† ਸਜਾਮਤਾਈਐ[2]।
ਜਮਨਾ ਪੈ ਫਿਰੇ, ਓਰੇ ਹਰੇ, ਮੱਤਜ ਕਰੀ ਚਰੇ[1],
ਜੀਹ ਠਾਕ[1], ਤਾਰੇ ਦਿਨ[2], ਧਨ ਜੀਤ ਪਾਈਐ[3] ॥੩੯॥

[1]ਕਲਪ ਬ੍ਰਿੱਛ ਦੇ। [2]ਕੇਸ ਕਾਲੇ ਬਣਾ ਦਿੱਤੇ।
†ਪਾ:-ਚਿਕਨ।

[1]ਮਸਤ ਹਾਥੀ ਉੱਤੇ ਚੜ੍ਹੇ।

[1](ਨਿੰਦਕ) ਦੀ ਜ਼ਬਾਨ ਠਾਕੀ। [2]ਦਿਨੇ ਤਾਰੇ (ਦਿਖਾਏ)। [3]ਚੌਂਪੜ) ਵਿਚੋਂ ਧਨ ਜਿਤਿਆ।

ਮਰੀ ਕੋ ਹਟਾਇ, ਛਾਉ ਛਾਈ ਪੈ[1], ਪ੍ਰਸੂਤ ਸਿਸ,
ਉਜਬਕ ਢਾਹਿ, ਅਲਾਵਈਨ ਮ੍ਰਿਤੁ ਉਕਤਾ[1]।
ਸੁਪਨੋ ਬਤਾਇ, ਨੌਕਾ ਜੋਰਿ ਕੈ, ਲੁਕਾਂਜਨ ਦੇ,
ਧੇਨੁ ਕੋ ਜਿਵਾਇ, ਦਈ ਤਸਬੀ, ਸੁ ਮੁਕਤਾ।
ਖਾਯੋ ਸੋ ਬਤਾਯੋ[1], ਖਟ ਰਿਤੁ ਫਲ ਏਕਠੈ ਕੈ,
ਆਗ ਪਰ ਬਾਗ ਭਾ, ਸਮਾਧਿ ਸੰਗ ਜੁਗਤਾ[1]।
ਅੱਸੂ ਦਰਿਆਈ, ਜੇਠ ਸੀਤਲ ਚਲਾਈ ਬਾਉ,
ਭੂਮ ਕੋ ਉਚਾਈ[1], ਕਹਿ ਸੰਤੋਖ ਸਿੰਘ ਬਕਤਾ[2] ॥੪੦॥

[1]ਉਪਰ (ਬੱਦਲਾਂ) ਦੀ ਛਾਉਂ ਛਾਈ।
[1]ਅਲਾਦੀਨ ਦੀ ਮੌਤ ਦੱਸੀ।
[1]ਖਾਧਾ ਹੋਇਆ ਦੱਸਿਆ।
[1]ਸਮਾਧੀ ਨਾਲ ਜੁੜ ਰਹੇ।
[1]ਚੌਂਕੀ ਜਿਤਨੀ) ਭੂਮ ਉੱਚੀ ਕਰਕੇ (ਉੱਪਰ ਬੈਠੇ)। [2]ਕਵੀ।

ਪੱਤਰੇ ਨਿਕਾਸੇ ਤਰੇ ਸੁਜਨੀ ਤੇ ਬੈਠੇ ਪੁਨ,
ਪੌਰਨਿ ਕੇ ਤਾਰੇ ਪਾਟ ਸਾਂਕਰ ਛੁਟਾਵਨੇ[1]।
ਆਮਿਖ ਸੁਰਾ ਕੋ ਕਰਯੋ ਚਾਵਰ ਦੁਗਧ ਤਬਿ,
ਪਾਲਕੀ ਚਲਾਈ ਬਿਨਾ ਨਰ ਦਿਖਰਾਵਨੇ।
ਕੰਚਨ ਕੇ ਕੰਕਨ ਮੰਗਾਇ ਤਾਤਕਾਲ ਢਿਗ
ਨੌਰੰਗ ਕੋ ਦਿਯੇ ਹੇਤੁ ਰਸ ਕੇ ਰਖਵਾਨੇ।
ਜਗ ਬਿਸਮਾਯੋ ਦੇਖਿ ਸੁਨਿ ਕੈ ਲੁਭਾਏ ਬਹੁ
ਸ਼ਾਹ ਕੇ ਸਹਿਤ ਸਭਾ ਅਚਰਜ ਪਾਵਨੇ ॥੪੧॥

[1]ਜੰਦਰੇ, ਤਖਤੇ, ਕੁੰਡੇ ਖੋਲ੍ਹੇ।

ਚੌਪਈ:

ਇਮ ਅਜ਼ਮਤ ਬਹੁ ਬਾਰ ਦਿਖਾਈ।
ਤਊ ਤੁਰਕ ਜੇ ਬਾਦ ਉਠਾਈ।
ਕਰਤੇ ਰਹੈ ਦ੍ਵੈਸ਼ ਬਹੁ ਤੇਰੇ।
ਫਸੇ ਸ਼ਰ੍ਹਾ ਮਹਿਂ ਮੂਢ ਬਡੇਰੇ ॥੪੨॥
ਕਰਾਮਾਤ ਕੇ ਜ਼ੋਰ ਦਬਾਏ।

ਸਭਾ ਬਿਖੇ ਨਹਿਂ ਬੋਲਨਿ ਪਾਏ।
ਦੂਨ ਚਊਨੀ ਬਹੁ ਵਡਿਆਈ।
ਰਾਵਰ ਕੇ ਸੁਤ ਨਿਤਪ੍ਰਤਿ ਪਾਈ' ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

## ੫੮. [ਸ਼੍ਰੀ ਗੁਰੂ ਹਰਿਰਾਇ ਜੀ ਨੇ ਪੁੱਤ੍ਰ ਤਿਆਗਣਾ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:
'ਕਾਜ਼ੀ ਗਨ ਉਲਮਾਉ ਜੇ, ਕਰਤਿ ਦ੍ਵੈਖ ਕੀ ਬਾਤ।
ਕਈ ਬਾਰ ਤਰਕਤਿ ਰਹੈਂ, ਕਰਿ ਦਲੀਲ ਬੱਖਜਾਤ ॥੧॥
ਚੌਪਈ:
ਕਰਤਿ ਬਾਦ ਦੁਇ ਚੰਦ ਦਿਖਾਏ।
ਦਿਵਸ ਬਿਖੈ ਤਾਰੇ ਨਿਕਸਾਏ।
ਇੱਤਜਾਦਿਕ ਅਜ਼ਮਤਿ ਤਿਨ ਕਾਰਨ।
ਸਾਹਿਬਜ਼ਾਦੇ ਕਰੀ ਦਿਖਾਰਨਿ ॥੨॥
ਪੁਨ ਇਕ ਦਿਨ ਬਹੁ ਬਾਦ ਉਠਾਵਾ।
ਸ਼੍ਰੀ ਨਾਨਕ ਕੌ ਸ਼ਬਦ ਅਲਾਵਾ।
-ਮਿੱਟੀ ਮੁਸਲਮਾਨ ਕੀ ਜੋਇ।
ਇਸ ਕੋ ਅਰਥ ਕਹੋ ਕਿਮ ਹੋਇ? - ॥੩॥
ਏਵ ਸ਼ਰਈਅਨਿ ਸ਼ਾਹੁ ਸਿਖਾਯੋ।
ਸੋ ਪ੍ਰਸੰਗ ਬਿਚ ਸਭਾ ਚਲਾਯੋ।
ਤਬਿ ਹੀ ਤੁਮਰੇ ਪੁੱਤ੍ਰ ਬਿਚਾਰਾ।
-ਅਰਥ ਵਾਸਤਵ ਕਰੈਂ ਉਚਾਰਾ ॥੪॥
ਬਿਗਰਹਿ ਸ਼ਾਹੁ ਸ਼ਰ੍ਹਾ ਮੈਂ ਗਾਢੋ।
ਹਿੰਦੁਨਿ ਸੰਗ ਬਾਦ ਜਿਸ ਬਾਢੋ-।
ਯਾਂ ਤੇ ਨਹੀਂ ਜਥਾਰਥ ਕਹਜੋ।
ਰਸ ਨੌਰੰਗ ਸੋਂ ਰਾਖਨਿ ਚਹਜੋ ॥੫॥
ਅਧਿਕ ਦਰਬ ਤਿਹ ਤੇ ਨਿਤ ਆਵੈ।
ਬਡ ਡੇਰੇ ਕੀ ਕਾਰ ਚਲਾਵੈ।
ਮਾਨ ਰਾਖਿਬੇ ਕਾਰਨ ਸ਼ਾਹੂ।
ਨਾਤੁਰ ਬਹਸ ਪਰਤਿ ਰਿਸ ਮਾਂਹੂ ॥੬॥
ਤੌਰ ਕਚਹਿਰੀ ਕੋ ਪਿਖਿ ਕਰਿ ਕੈ।
ਅਪਰ ਰੀਤਿ ਸੋਂ ਸ਼ਬਦ ਉਚਰਿ ਕੈ।
ਰਾਖਜੋ ਸ਼ਾਹੁ ਸੰਗ ਰਸ ਨੀਕੋ।
ਬੋਲਤਿ ਹੋਤਿ ਭਏ ਨਹਿਂ ਫੀਕੋ[1] ॥੭॥

[1] (ਇਸ ਤਰ੍ਹਾਂ) ਬੋਲਦੇ ਰਹੇ (ਜਿਸ ਤਰ੍ਹਾਂ) ਫਿੱਕ ਨ ਪੈ

ਜਾਵੇ।

-ਮਿੱਟੀ ਬੇਇਮਾਨ ਕੀ ਅਹੈ।
ਸਗਲ ਤੁਰਕ ਕੀ ਨਹਿਂ ਗਤਿ ਇਹੈ-।
ਪੁਨ ਇਮਾਨ ਕੀ ਸਤੁਤਿ ਬਖਾਨੀ।
ਇਮ ਦਲੀਲ ਕੀਨਸਿ ਤਿਨ ਹਾਨੀ[1]' ॥੮॥

[1]ਭਾਵ ਇੰਵ ਉੱਤਰ ਦਿੱਤਾ।

ਇਮ ਸੁਨਿ ਸ਼੍ਰੀ ਸਤਿਗੁਰੂ ਹਰਿਰਾਇ।
ਸੁਤ ਦਿਸ਼ਿ ਤੇ ਕੁਛ ਰਿਸ ਮਨ ਲ਼ਜਾਇ।
ਗੁਰਤਾ ਉਚਿਤ ਨਹੀਂ ਸ਼ੁਭ ਲਹ੍ਯੋ।
'ਭਯੋ ਨਲਾਇਕ ਧੀਰ ਨ ਰਹ੍ਯੋ ॥੯॥
ਤੁਰਕੇਸ਼ੁਰ ਕੋ ਰਾਖ੍ਯੋ ਮਾਨ।
ਸ਼ਬਦ ਬਿਪਰਜੈ ਕੀਨਿ ਬਖਾਨਿ।
ਪਹਿਲੇ ਪਾਤਿਸ਼ਾਹਿ ਕੇ ਬਾਕ।
ਛੇਰ ਸਕਹਿ ਕੋ ਇਨ ਮਤਿ ਰਾਂਕ[1] ॥੧੦॥

[1]ਕਿਹੜਾ ਰੰਕ (ਕੰਗਾਲ) ਇਨ੍ਹਾਂ ਦਾ ਮਤ ਬਦਲਾ ਸਕਦਾ ਹੈ। (ਅ) ਕੋਇ ਨ ਮਤਿਰਾਂਕ = ਕੋਈ ਰੰਕ ਬੁੱਧੀ ਵਾਲਾ ਨਹੀਂ ਉਲਟਾ ਸਕਦਾ।

ਬਾਨ ਅਮੋਘ ਤਜੈ ਧਨੁ ਧਾਰੀ।
ਜਿਮ ਤਿਸ ਕੇ ਨ ਸਕਹਿ ਕਿਮ ਟਾਰੀ।
ਬ੍ਰਹਮ ਅਸਤ੍ਰ ਜਿਮ ਸਫਲ ਸਦਾਈ।
ਜਿਨ ਮਹਿਂ ਪੂਰਨ ਸ਼ਕਤਿ ਮਹਾਂਈ ॥੧੧॥
ਪੀਰ ਮੀਰ ਸਿਧ ਸਾਧਿਕ ਬ੍ਰਿੰਦ।
ਜੇ ਅਜ਼ਮਤ ਕੋ ਧਰਿਤ ਬਿਲੰਦ।
ਤਿਨ ਕੇ ਬਚਨ ਸਭਿਨਿ ਸਿਰ ਧਰੇ।
ਕੋ ਅਸ ਮੂਢ ਤਰਕ ਜੋ ਕਰੇ ॥੧੨॥
ਔਚਕ ਦੰਡ ਮਿਲੈ ਤਿਸ ਤਾਂਈ।
ਦੁਖ ਤੇ ਦੁਖ ਪਾਵੈ ਸਭਿ ਥਾਂਈ।
ਚੱਕ੍ਰਵਰਤਿ ਨ੍ਰਿਪ ਜਥਾ ਦੁਹਾਈ।
ਨਹਿਂ ਮਾਨਹਿਂ ਜੋ ਕਰਿ ਦੁਸ਼ਟਾਈ ॥੧੩॥
ਤਿਸ ਕੋ ਜਹਾਂ ਕਹਾਂ ਗਹਿ ਲੇਹਿਂ।
ਮੂਢ ਜਾਨਿ ਤਿਹ ਸੰਕਟ ਦੇਹਿਂ।
ਤਿਮ ਸ਼੍ਰੀ ਨਾਨਕ ਦੇਸ਼ ਬਿਦੇਸ਼।

ਮੇਰੁ ਆਦਿ ਗਿਰ ਸਥਲ ਵਿਸ਼ੇਸ਼ ॥੧੪॥
ਸਿੰਧੁ ਦੀਪ ਕੇਤਿਕ ਸਭਿ ਗਿਨੀਅਹਿਂ।
ਬਡੇ ਸ਼ਕਤਿ ਜੁਤਿ ਹੁਤੇ ਸੁ ਜਨੀਅਹਿ।
ਜਿਨ ਜਿਨ ਕਰਜੋ ਬਾਦ ਸਭਿ ਜੀਤੇ।
ਭਰੇ ਗਰਬ ਸੋਂ, ਕੀਨਸਿ ਰੀਤੇ ॥੧੫॥
ਹੈ ਅਸ ਕੌਨ ਜੁ ਤਿਨ ਪਦ ਫੇਰੇ[1]।
ਅਪਨੀ ਕੁਸ਼ਲ ਹੋਨਿ ਪੁਨਿ ਹੇਰੇ।
ਹਮ ਨੈ ਕਰਜੋ ਪਠਾਵਨਿ ਜਬੈ।
ਨ੍ਰਿਭੈ ਕਰਜੋ ਕਹਿ ਕਰਿ ਬਿਧਿ ਸਬੈ ॥੧੬॥
-ਤੇਰੋ ਕਹਜੋ ਨਿਫਲ ਨਹਿਂ ਹੋਇ।
ਜੋ ਚਿਤ ਚਹਹਿ ਬਨਹਿ ਬਿਧਿ ਸੋਇ।
ਸ਼ਾਹੁ ਖੁਸ਼ਾਮਦ ਕਰਹੁ ਨ ਕੈਸੇ।
ਹੋਇ ਜਥਾਰਥ ਬੋਲਹੁ ਤੈਸੇ- ॥੧੭॥
ਮਿੱਟੀ ਮੁਸਲਮਾਨ ਕੀ ਜੋਇ।
ਕਰ ਕੁਲਾਲ ਕੇ ਪ੍ਰਾਪਤਿ ਹੋਇ।
ਈਂਟ ਰੁ ਭਾਂਡੇ ਘਰਿ ਘਰਿ ਧਰੈ।
ਪੁਨ ਚਹੁਂਦਿਸ਼ਿ ਪਾਵਕ ਪਰ ਜਰੈ ॥੧੮॥
ਇਸ ਮਹਿਂ ਅਸਮੰਜਸ ਕਸਾ ਜਾਨਾ।
ਜਿਸ ਤੇ ਪਦ ਉਲਟਾਇ ਬਖਾਨਾ।
ਸ੍ਰੀ ਨਾਨਕ ਕੋ ਅਦਬ ਨ ਰਾਖਾ।
ਤੁਰਕ ਮਾਨ ਹਿਤ ਬਿੱਪ੍ਰੈ[1] ਭਾਖਾ ॥੧੯॥
ਇਕ ਤੌਂ ਇਹ ਅਸਮੰਜਸ ਕੀਨਿ।
-ਗੁਰਤਾ ਉਚਿਤ ਨਹੀਂ- ਲਖਿ ਲੀਨਿ।
ਦੁਤੀਏ ਜਬਿ ਕੇ ਦਿੱਲੀ ਗਯੋ।
ਬਾਰ ਬਾਰ ਅਜ਼ਮਤ ਕੋ ਦਯੋ ॥੨੦॥
ਬਿਨ ਕਾਰਜ ਤੇ ਕਰਤਿ ਰਹਜੋ ਹੈ।
ਇਸ ਮਹਿਂ ਇਮ ਅਨੁਮਾਨ ਲਹਜੋ ਹੈ।
ਜਾਚੀ ਵਸਤੁ ਲੇਤਿ ਜਿਮ ਕੋਇ।
ਨਹਿਂ ਅਪਨੀ ਪਹਿਚਾਨਤਿ ਸੋਇ ॥੨੧॥
ਜਿਤਨੋ ਲਾਭ ਲੀਯੋ ਤਿਸ ਜਾਇ।
ਤਿਤੋ ਲੇਤਿ, ਨਹਿਂ ਧੀਰ ਧਰਾਇ।

[1]ਵਾਕ ਨੂੰ ਉਲਟਾਏ।

[1]ਉਲਟ।

-ਮੁਝ ਢਿਗ ਰਹੈ ਨ- ਜਾਨੈ ਐਸੇ।
ਖਰਚ ਲੇਉਂ ਮੈਂ ਜੈਸੇ ਕੈਸੇ ॥੨੨॥
ਅਸ ਪੁਰਸ਼ਨਿ ਢਿਗ ਇਹ ਪਹੁੰਚੈ ਹੈਂ[1]।
ਨਹਿਂ ਦਿਖਰਾਇਂ, ਸੀਸ ਕਉ ਦੈ ਹੈਂ[1]।
ਪੂਰਬ ਸ਼੍ਰੀ ਗੁਰ ਨਾਨਕ ਅਰਜਨ ਭਏ।
ਰੁਕੇ ਕੈਦ, ਦੁਖ ਤਨ ਪਰ ਲਏ ॥੨੩॥
ਪ੍ਰਾਨ ਹਾਨ ਲੌ ਸਰਬ ਸਹਾਰੀ।
ਮਹਾਂ ਸ਼ਕਤਿ ਜੁਤਿ ਧੀਰਜ ਧਾਰੀ।
ਤਊ ਨ ਅਜ਼ਮਤ ਕਿਤਹੁਂ ਦਿਖਾਈ।
ਕ੍ਰਿਪਨ ਦਰਬ ਲੌ ਦੁਲੰਭ ਦੁਰਾਈ ॥੨੪॥
ਆਗੈ ਭੀ ਗੁਰਤਾ ਅਸ ਲਹੈਂ।
ਸਿਰ ਦੇਵਹਿਂ, ਧੀਰਜ ਧਰਿ ਰਹੈਂ।
ਤਿਨ ਕੇ ਉਚਿਤ ਦੇਨ ਕਹੁ ਇਹੀ।
ਕਰਹਿਂ ਦੁਰਾਵਨਿ ਬਹੁ ਜਹਿਂ ਕਹੀ ॥੨੫॥
ਤ੍ਰਿਤੀਏ ਔਰ ਸੁਨਹੁ ਤਿਸ ਬਾਤ।
ਜਿਮ ਕੀਨਸਿ, ਸਭਿ ਕੋ ਬੱਖਜਾਤ।
ਕੀਰਤਿਪੁਰਿ ਤੇ ਜਬਿ ਕੋ ਗਯੋ।
ਆਇ ਨਹੀਂ ਪੁਨ ਦੇਖਤਿ ਭਯੋ ॥੨੬॥
ਮਨ ਮੈਂ ਲਖੀ -ਜੁ ਹੈ ਢਿਗ ਮੇਰੇ।
ਮਿਲੌਂ ਜਾਇ, ਸੋ ਲੇਹਿਂ ਨ ਫੇਰੇ-।
ਜਿਤ ਜਿਤ ਕੋ ਗਮਨਜੋ ਨੌਰੰਗ।
ਗਯੋ ਆਪ ਤਿਸ ਮਾਰਗ ਸੰਗ ॥੨੭॥
ਕਰਿ ਕਰਿ ਕਹੂੰ ਕਹੂੰ ਬਿਸਰਾਮ।
ਪੁਨ ਪਹੁੰਚਜੋ ਦਿੱਲੀ ਪੁਰਿ ਧਾਮ।
ਉਤ ਹੀ ਬਿਚਰਹਿ ਆਵਤਿ ਜਾਤੇ।
ਮਿਲਜੋ ਨ ਕਜੋਂਹੂੰ ਧਨ ਮਨ ਰਾਤੇ ॥੨੮॥
ਬਡ ਐਸ਼੍ਵਰਜ ਹੇਰ ਕਰਿ ਫੂਲਾ।
ਆਸ਼ੈ ਸਤਿਗੁਰ ਉਰ ਤੇ ਭੂਲਾ।
ਅਬਿ ਹਮਰੇ ਮੁਖ ਲਾਗਹਿ ਨਾਂਹੀ।
ਰਹਹੁ ਆਪ ਤੁਰਕੇਸ਼ੁਰ ਪਾਹੀ ॥੨੯॥

[1]ਭਾਵ ਕਰਾਮਾਤ ਸਹਤ ਗੁਰਤਾ ਪਹੁੱਚਾਵਾਂਗੇ ਕਿ।
[1](ਕਰਾਮਾਤ) ਨਹੀਂ ਦੱਸਣਗੇ ਪਰ ਸੀਸ ਦੇ ਦੇਣਗੇ।

ਛੋਰਹਿ ਅਬਿ ਤੇ ਮੇਲ ਹਮਾਰੋ।
ਕਰਿ ਐਸ਼੍ਵਰਜ ਕੋ ਰਹੋ ਸੁਖਾਰੋ[1]।
ਦਰਸ਼ਹਿ ਨਹਿਂ ਦਰਸਾਵਹਿ ਦਰਸ਼ਨ।
ਕਰਹੁ ਤੁਰਕ ਲਛਮੀ ਜੁ ਸਪਰਸ਼ਨ[1] ॥੩੦॥

[1]ਨਾ (ਸਾਡਾ) ਦਰਸ਼ਨ ਕਰੇ, ਨਾ ਆਪਣਾ ਦਿਖਾਵੇ।

[1]ਤੁਰਕ ਤੇ ਧਨ ਦੇ ਮੇਲ ਵਿਚ ਹੀ ਰਹੇ। (ਅ) ਤੁਰਕ ਦੀ ਮਾਯਾ ਦੇ ਮੇਲ ਵਿਚ (ਖੁਸ਼) ਰਹੇ।

ਇਤਿ ਮੁਖ ਕਰਿ ਇਸ ਦੇਸ਼ ਨ ਆਵਹੁ[†]।

[†]ਸਤਿਗੁਰੂ ਜੀ ਦੇ ਘਰ ਦਾ ਉਹ ਅਝੁਕ ਵਰਤਾਰਾ ਕਿ ਬਦੀ ਤੇ ਬਦਾਂ ਨਾਲ ਕਦੇ ਵਟਾਂਦਰਾ ਨਹੀਂ ਕਰਨਾ, ਸਾਰੇ ਸਤਿਗੁਰਾਂ ਦੇ ਅਮਲੀ ਜੀਵਨ ਵਿੱਚ ਰਿਹਾ ਹੈ। ਰਾਮਰਾਇ ਜੀ ਨੇ ਤੁਕ ਦੇ ਅਰਥ ਉਲਟਨ ਵਿਚ ਸੱਚ ਨੂੰ ਹੱਥੋਂ ਦੇਕੇ ਇੱਕ ਮਾਇਆ ਧਾਰੀ ਜ਼ੁਲਮ ਦੇ ਸਰਦਾਰ ਨਾਲ ਬਣਾਈ ਰੱਖਣੀ ਚਾਹੀ, ਇਹ ਸੱਚ ਨੂੰ ਕਿਸੇ ਲਾਭ ਲਈ ਗੁਵਾ ਦੇਣਾ ਰਾਮਰਾਇ ਜੀ ਦੇ ਤੁਰਕੇਸ਼ੁਰ ਅੱਗੇ ਦੱਬ ਜਾਣੇ ਦੀ ਨਿਸ਼ਾਨੀ ਹੈ ਤੇ ਐਸ਼੍ਵਰਜ ਨਾਲ ਪਿਆਰ ਦੀ ਦਲੀਲ ਹੈ। ਇਹ ਸਤਿਗੁਰ ਦੇ ਘਰ ਵਿਚ ਵਿਹਤ ਨਹੀਂ। ਐਸਾ ਨਰ ਚਾਹੋ ਕਿਤਨਾ ਸਿਆਣਾ ਤੇ ਕਰਾਮਾਤੀ ਹੋਵੇ 'ਸੱਚ ਦੀ ਨੀਉਂ ਪਰ ਬਣੇ ਸਤਿਸੰਗ' ਦਾ ਆਗੂ ਨਹੀਂ ਹੋ ਸਕਦਾ। ਇਹ ਕੁਰਬਾਨੀ ਦਾ ਉਲਾਦ ਦਾ ਪਿਆਰ ਅੱਗੇ ਨਹੀਂ ਆਇਆ, ਸਤਿਗੁਰ ਦੇ ਕਮਾਲ ਦੀ ਨਿਸ਼ਾਨੀ ਹੈ। ਕੌਣ ਹੈ ਜੋ ਅਸੂਲ ਪਿੱਛੇਂ ਲਾਇਕ ਤੇ ਪਿਆਰੇ ਪੁੱਤਰ ਦਾ ਤਿਆਗ ਕਰ ਦੇਵੇ। ਉਹ ਪੁੱਤਰ ਜਿਸਨੇ ਪਾਤਸ਼ਾਹ ਨਾਲ ਬਣਾ ਲਈ ਸੀ ਤੇ ਕਾਫੀ ਦਾਨਸ਼ਮੰਦੀ ਦਿਖਾਈ ਸੀ। ਧੰਨ ਗੁਰੂ ਕਰਤਾ ਹਰਿਰਾਇ ਜੀ ਹਨ ਕਿ ਜਿਨ੍ਹਾਂ ਨੇ ਸਚਿਆਈ ਨੂੰ ਐਨਾਂ ਉੱਚਾ ਰੁਖ ਦਿਖਾਇਆ। ਨਾਂ ਪਾਤਸ਼ਾਹ ਤੋਂ ਡਰੇ, ਨਾਂ ਰਾਮਰਾਇ ਦੇ ਪਾਤਸ਼ਾਹ ਨਾਲ ਰਸੂਖ ਤੋਂ ਡਰੇ, ਨਾ ਜੇਠੇ ਪੁੱਤਰ ਦੇ ਮੋਹ ਮਮਤਾ ਨੇ ਐਧਰ ਉਧਰ ਹੋਣ ਦਿਤਾ।

ਉਤ ਹੀ ਬਸਿ ਕਰਿ ਬੈਸ ਬਿਤਾਵਹੁ।
ਅਪਰਾਧੀ ਸ਼੍ਰੀ ਨਾਨਕ ਕੇਰ।
ਹਮ ਸੋਂ ਨੇਰ ਹੋਇ ਕਿਮ ਫੇਰ[†] ॥੩੧॥

[†]ਦੇਖੋ ਇਸੇ ਨਿਸ਼ਾਨ ਦੀ ਉਪਰ ਵਾਲੀ ਟੂਕ।

ਨਿਜ ਮਨ ਤੇ ਹਮ ਤਜਾਗਨਿ ਕਰਜੋ[†]।

[†]ਦੇਖੋ ਇਸੇ ਨਿਸ਼ਾਨ ਦੀ ਉਪਰ ਵਾਲੀ ਟੂਕ।

ਗੁਰਤਾ ਪਦ ਤੇ ਸੋ ਪਰਹਰਜੋ।
ਜਿਸ ਕੋ ਧੁਰ ਤੇ ਬਖਸ਼ਿਸ਼ ਕਰੀ।
ਤਿਸ ਕੋ ਹੁਇ ਪ੍ਰਾਪਤ, ਲੇ ਜਰੀ[1] ॥੩੨॥

[1]ਜਰ ਲੈਣਗੇ।

ਅਜਰ ਵਸਤੁ ਕੋ ਜੋ ਜਰਿ ਜਾਵੈ।
ਤਿਹ ਪ੍ਰਾਪਤਿ ਹੁਇ, ਅਪਰ ਨ ਪਾਵੈ।
ਰਿਦਾ ਗੰਭੀਰ ਸਧੀਰਜ ਹੋਇ।
ਖਿਮਾਂ ਆਦਿ ਗੁਣ ਸੰਗ੍ਰਹਿ ਜੋਇ ॥੩੩॥
ਸੋ ਇਸ ਕੋ ਬਾਸਨ ਅਤਿ ਸੂਚਾ[1]।

[1]ਭਾਵ ਗੁਰਤਾ ਦਾ ਉਹ ਸੁੱਚਾ ਭਾਂਡਾ ਹੈ।

ਕਰਿਹ ਪਚਾਵਨਿ, ਅਤਿ ਪਦ ਊਚਾ।
ਦੁਗਧ ਸ਼ੇਰਨੀ ਕੋ ਜੁ ਨਿਕਾਰੇ।
ਕੰਚਨ ਕੋ ਬਾਸਨ ਤਿਸ ਧਾਰੇ[1] ॥੩੪॥

[1]ਸੋਨੇ ਦਾ ਭਾਂਡਾ ਹੀ ਉਸਨੂੰ ਰੁਖ ਸਕਦਾ ਹੈ।

ਅਪਰ ਪਾਤ੍ਰ ਕੋ ਕਰਿ ਨਿਜ ਜੋਰ[1]।

[1]ਦੁੱਧ) ਆਪਣਾ ਜ਼ੋਰ ਕਰਕੇ।

ਪਰਜੋ ਦੇਤਿ ਹੈ ਤਤਛਿਨ ਫੋਰਿ।

ਤਿਮ ਅਤਿ ਸ਼ੁੱਧ ਰਿਦਾ ਹ੍ਵੈ ਜਾਂਹੀ।
ਉਚਿਤ ਅਹੈ, ਸੋ ਬਹੁਤੋ ਨਾਂਹੀ[1] ॥੩੫॥

[1]ਸੋ (ਗੁਰਤਾ) ਦੇ ਲਾਇਕ ਹੈ, ਪਰ ਐਸੇ ਬਹੁਤ ਨਹੀਂ ਹੋ ਸਕਦੇ।

ਜਰਹਿ ਅਜਰ ਨਹਿਂ ਕਿਸਹਿ ਦਿਖਾਵਹਿ।
ਸੀਸ ਹਾਨ ਲਗਿ ਸਿਰਰ ਪੁਗਾਵਹਿ।
ਨਿਜ ਧੀਰਜ ਤੇ ਚਲਹਿ ਨ ਐਸੇ।
ਲਗੇ ਬਾਉ ਗਿਰ ਮੇਰੁ ਜੈਸੇ' ॥੩੬॥
ਇੱਤਜਾਦਿਕ ਸੁਤ ਕੇ ਲਖਿ ਦੋਖ।
ਤਜਾਗੋ ਸ੍ਰੀ ਹਰਿਰਾਇ ਸਰੋਖ[1]।

[1]ਗੁੱਸੇ ਨਾਲ ਇਹ ਧਰਮਾਉ ਗੁੱਸਾ ਹੈ।

ਦੰਡ ਬਿਸਾਲ ਨ ਇਸ ਤੇ ਪਰੇ।
ਮਿਲਿ ਕੈ ਕਬਹੁਂ ਨ ਦਰਸ਼ਨ ਕਰੇ ॥੩੭॥
ਹੁਤੋ ਪੁੱਤ੍ਰ ਬਡ ਪਰਮ ਸੁ ਪਜਾਰੋ।
ਦੇਸ਼ ਬਿਦੇਸ਼ਨਿ ਜਸੁ ਬਿਸਤਾਰੋ।
ਐਸ਼੍ਵਰਜ ਪੂਰਬ ਤੇ ਬਿਰਧਾਯੋ।
ਆਪਾ ਤੁਰਕਨਿ ਬਿਖੈ ਜਨਾਯੋ ॥੩੮॥
ਸਿੱਖ ਕਰੇ ਜਹਿਂ ਕਹਿਂ ਸਮੁਦਾਯਾ।
ਅਪਨੋ ਅਧਿਕ ਪ੍ਰਤਾਪ ਬਧਾਯਾ।
ਬੁਧਿ ਬਿਸਾਲ ਲੌਕਿਕ ਬਿਵਹਾਰੂ।
ਗਿਨੌਂ ਕਹਾਂ ਲਗਿ ਗੁਨ ਜੁ ਉਦਾਰੂ ॥੩੯॥
ਤਉ ਸੁ ਨਿਸ਼ਚੈ ਬੀਚ ਕਚਾਈ[1]।

[1]ਭਰੋਸੇ ਵਿਚ ਕੱਚਿਆਈ।

ਤਨ ਹੰਤਾ ਮਹਿਂ ਜਿਸ ਚਪਲਾਈ।
ਸਤਿਗੁਰ ਰਿਦੈ ਨ ਰੰਚਕ ਭਾਯੋ।
ਅਤਿਸੈਤਾ[1] ਮਹਿਂ ਜਿਨ ਚਿਤ ਲਾਯੋ ॥੪੦॥

[1]ਅਤਸੈਤਾ ਵਾਲੇ। (ਪਦਾਰਥ) [ਸੰਸ. ਆਤਿਸ਼ਜ = ਬਹੁਲਤਾ]

ਜਗਤ ਪਦਾਰਥ ਲਖਿ ਮਨਿ ਨੀਕੇ।
ਜਿਸ ਤੇ ਪਰਜੋ ਗੁਰੂ ਦਿਸਿ ਫੀਕੇ।
ਤ੍ਰਿਣ ਸਮਾਨ ਪ੍ਰਿਯ ਸੁਤ ਕੋ ਤਜਾਗਾ।
ਫੇਰਜੋ ਸ਼ਬਦ ਨ ਆਛੋ ਲਾਗਾ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮ ਰਾਸ 'ਸ਼੍ਰੀ ਸਤਿਗੁਰ ਹਰਿਰਾਇ ਪੁੱਤ੍ਰ ਤਿਆਗਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

## ੫੯. [ਦੋਵੇਂ ਪੁੱਤ੍ਰ ਕਿਵੇਂ ਪਰਖੇ ਸਨ?]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੦

ਦੋਹਰਾ:

ਪੂਰਬ ਭੀ ਪਰਖੇ ਹੁਤੇ, ਦੋਨਹੁ ਪੁੱਤ੍ਰ ਬਿਸਾਲ।
ਜਗ ਗੁਰਤਾ ਕੇ ਉਚਿਤ ਕੋ, ਲੇ ਸਿਖ ਕਰਹਿ ਨਿਹਾਲ[1] ॥੧॥

ਚੌਪਈ:

ਸ਼੍ਰੋਤਾ ਇਮ ਸੁਨਿ ਕੈ ਸੁਖ ਪਾਇ।
ਬੂਝਨਿ ਲਗੇ ਕਥਾ ਇਸ ਭਾਇ।
'ਦੋਨੋ ਸੁਤ ਪਰਖੇ ਤਿਮ ਕਹੋ।
ਤੁਮ ਸਰਬੱਗਜ ਸਰਬ ਕਹੁ ਲਹੋ ॥੨॥
ਕੋ ਪੂਰਾ ਉਤਰਜੋ ਕੋ ਛੂਛਾ?
ਕਹੋ ਪ੍ਰਸੰਗ ਸਭਿਨਿ ਹਮ ਪੂਛਾ।'
ਸ਼੍ਰੀ ਗੁਰਬਖਸ਼ ਸਿੰਘ ਸੁਨਿ ਐਸੇ।
ਕਥਾ ਕਹਨਿ ਲਗਿ ਬੀਤੀ ਜੈਸੇ ॥੩॥

ਸ਼੍ਰੀ ਗੁਰਬਖਸ਼ ਸਿੰਘਉ ਵਾਚ ॥

ਚੌਪਈ:

ਸੁਨਹੁ ਕਥਾ ਬਾਂਛਤਿ ਫਲ ਦਾਨੀ।
ਸ਼੍ਰੀ ਸਤਿਗੁਰ ਸ਼ਰਧਾ ਰਜਧਾਨੀ।
ਜਿਸ ਤੇ ਜਨਮ ਮਰਨ ਕਟਿ ਜਾਇ।
ਅਬਚਲ ਪਦਵੀ ਬਿਖੈ ਸਮਾਇ ॥੪॥
ਏਕ ਸਮੇਂ ਸਤਿਗੁਰ ਕੇ ਤੀਰ।
ਏਕ ਸਿੱਖਜ ਆਯਹੁ ਮਤਿ ਧੀਰ।
ਬ੍ਰਿੰਦ ਸੰਗਤੀ ਸੰਗ ਲਗਾਏ।
ਦਰਸ਼ਨ ਕਰਨਿ ਹੇਤੁ ਚਲਿ ਆਏ ॥੫॥
ਅਨਿਕ ਉਪਾਇਨ ਅਰਪਨਿ ਕੀਨਿ।
ਅਘਨਾਸ਼ਨ ਚਰਨਨਿ ਚਿਤ ਦੀਨਿ।
ਬਿਕਸਜੋ ਰਿਦਾ ਕਮਲ ਅਨੁਹਾਰੀ।
ਸਤਿਗੁਰੂ ਸੂਰਜ ਦਰਸ ਨਿਹਾਰੀ ॥੬॥
ਸ਼੍ਰੀ ਹਰਿਰਾਇ ਮਯੰਕ ਮਨਿੰਦ।
ਚਖ ਚਕੋਰ ਭੇ ਸਿੱਖਜਨਿ ਬ੍ਰਿੰਦ।
ਮ੍ਰਿਦੁੱਲ ਚਰਨ ਸੁੰਦਰ ਅਰਬਿੰਦੁ।

[1]ਜੇ ਗੁਰਤਾ) ਲੈ ਕੇ ਸਿੱਖਾਂ ਨੂੰ ਨਿਹਾਲ ਕਰੇਗਾ। (ਅ) ਜੋ (ਸਾਡੀ ਸਿਖਿਆ ਨੂੰ ਲੈ ਕੇ) ਜਗਤ ਨੂੰ ਨਿਹਾਲ ਕਰੇਗਾ।

ਮਨ ਦਾਸਨਿ ਕੇ ਥਿਰੇ ਮਲਿੰਦ ॥੭॥
ਬਚਨ ਸੁਨਨਿ ਅਰੁ ਦਰਸ਼ ਕਰਨਿ ਕੀ।
ਬਧੀ ਲਾਲਸਾ ਤਿਨਹੁੰ ਉਰਨਿ ਕੀ।
ਕੇਤਿਕ ਦਿਨ ਸਮੀਪ ਹੀ ਰਹੇ।
ਨਿਤਪ੍ਰਤਿ ਸਤਿਗੁਰ ਦਰਸ਼ਨ ਲਹੇ ॥੮॥
ਇਕ ਦਿਨ ਬੈਠੇ ਸ਼੍ਰੀ ਹਰਿਰਾਇ।
ਨਿਕਟਿ ਸਿੱਖਜ ਗਨ ਮੁਦ ਉਪਜਾਇ।
ਚਲਜੋ ਪ੍ਰਸੰਗ ਸ਼ਭਾ ਮਹਿਂ ਕੋਈ।
ਹਾਥ ਜੋਰਿ ਸਿਖ ਬੂਝਤਿ ਸੋਈ ॥੯॥
'ਦੋਨਹੁੰ ਸੁੰਦਰ ਸਾਹਿਬਜ਼ਾਦੇ।
ਜਿਨਹੁ ਬਿਲੋਕਤਿ ਚਿਤ ਅਹਿਲਾਦੇ।
ਸ਼ੁਭ ਗੁਨ ਕੇ ਸਪੂੰਨ ਮ੍ਰਿਦੁ ਮੁਰਤਿ।
ਭਾਗਨਿ ਤੇ ਪੂਰਤ ਸ਼ੁਭ ਸੂਰਤਿ ॥੧੦॥
ਜਗ ਗੁਰਤਾ ਕੋ ਉਚਿਤੈ ਕੌਨ?
ਸਰਬ ਰੀਤਿ ਸੇ ਸਮ ਹੈਂ ਦੌਨ।
ਅਜਰ ਜਰਨ ਕੋ ਧੀਰਜ ਜੋਇ।
ਇਕ ਮਹਿਂ ਹੋਇ, ਕਿ ਜੁਗ ਮਹਿਂ ਹੋਇ ॥੧੧॥
ਕੋ ਲੇ ਸਰਬੋਤਮ ਬਡਿਆਈ?
ਕਰਹੁ ਕ੍ਰਿਪਾ ਇਹੁ ਦੇਹੁ ਬਤਾਈ।
ਹਮ ਬਿਦੇਸ਼ ਤੇ ਆਵਹਿਂ ਕਬੈ।
ਸੁਨਤਿ ਹੋਇ ਮਮ ਦ੍ਰਿੜਤਾ ਤਬੈ ॥੧੨॥
ਜਦਪਿ ਗੋਪ ਇਹ ਰਾਖਨਿ ਚਹੌਂ।
ਮੁਝ ਪਰਦੇਸੀ ਲਖਿ ਕਰਿ ਕਹੋ।
ਹੌਂ ਨਹਿ ਕਰੌਂ ਕਹੂੰ ਬੱਖਜਾਤੀ।
ਰਾਖੌਂ ਮੇਲ ਜਥਾ ਮਣਿ ਥਾਤੀ[1] ॥੧੩॥
ਹਮ ਰਾਵਰ ਕੇ ਦਾਸ ਕਦੀਮੀ[1]।
ਸਿਮਰਹਿਂ ਧਰਿ ਸ਼ਰਧਾ ਸੁਖ ਸੀਮੀ[1]।
ਆਪ ਕ੍ਰਿਪਾਲ ਦਾਸ ਰਖਾਵਾਰੇ।
ਦੁਖਤਿ ਲੋਕ ਤੇ ਲੇਹੁ ਉਬਾਰੇ ॥੧੪॥
ਪੁੱਤ੍ਰ ਆਪ ਕੇ ਦੋਇਨ ਮਾਂਹੀ।
ਜਿਹ ਸੋਂ ਪ੍ਰੀਤਿ ਬ੍ਰਿਧੈ ਇਮ ਚਾਹੀ।

[1]ਮਣੀਆਂ ਦੀ ਥੈਲੀ ਵਾਂਙ ਸਾਂਭ ਰੱਖਾਂਗਾ।
[1]ਪੁਰਾਣੇ।
[1]ਜੋ ਸੁਖ ਦੀ ਹੱਦ ਹੈ।

ਮਨ ਮਹਿਂ ਸਿਮਰਹਿਂ ਸ਼ਰਧਾ ਧਾਰਹਿਂ।
ਬਿਘਨ ਬਿਸ਼ਾਲ ਅਨੇਕਨਿ ਟਾਰਹਿਂ'
॥੧੫॥
ਇਮ ਸੁਨਿ ਸਿਖ ਤੇ ਸ਼੍ਰੀ ਹਰਿਰਾਇ।
ਕਹਜੋ ਮ੍ਰਿਦੁਲ ਮੁਖ ਤੇ ਮੁਸਕਾਇ।
'ਚਿਤ ਮਹਿਂ ਚਹਿਤ ਜੁ ਅਸੁ ਬਿਰਤਾਂਤ।
ਪਾਵਹਿਂ ਨਿਸ਼ਚੋ ਹੋਤਿ ਪ੍ਰਭਾਤਿ' ॥੧੬॥
ਸੁਨਿ ਸ਼੍ਰੀ ਮੁਖ ਤੇ ਸੀਸ ਨਿਵਾਯਹੁ।
ਸਮੋ ਜਾਨਿ ਨਿਜ ਡੇਰੇ ਆਯਹੁ।
ਬੀਤੀ ਰਿਦੇ ਬਿਚਾਰਤਿ ਰਾਤੀ।
ਸੁਚ ਸ਼ਨਾਨ ਉਠਿ ਕੀਨਸਿ ਪ੍ਰਾਤੀ
॥੧੭॥
ਸਿੱਖਜਨਿ ਬਿਖੈ ਮੁੱਖਜ ਪੁਨ ਗਯੋ।
ਬੰਦਤਿ ਚਰਨ ਗੁਰਨਿ ਕੇ ਭਯੋ।
ਸ਼ਰਧਾ ਸਲਿਤਾ ਕੋ ਮਨ ਮੀਨ।
ਪੁਨਹ ਨੇਤ੍ਰ ਭਰਿ ਦਰਸ਼ਨ ਕੀਨਿ ॥੧੮॥
ਪਿਖ ਸਤਿਗੁਰ ਸਿਖ ਕੀ ਅਭਿਲਾਖਾ।
ਨਿਰਨੈ ਕਰਨਿ ਬਿਖੈ ਅਸ ਭਾਖਾ।
'ਦ੍ਵੈ ਸਾਹਿਬਜ਼ਾਦੇ ਇਕ ਬਾਨੀ।
ਪਠਹਿਂ ਗ੍ਰਿੰਥ ਸਾਹਿਬ ਬਰ ਬਾਨੀ ॥੧੯॥
ਏਕ ਸੂਚਕਾ[1] ਨਿਜ ਕਰ ਲੇਹੁ।
ਜਾਹੁ ਤਹਾਂ ਤੁਮ ਦਰਸ ਕਰੇਹੁ।
ਬੰਦਨ ਕਰਿ ਬੈਠਹਿ ਤਿਨ ਤੀਰ।
ਬਾਨੀ ਸੁਨਹੁ ਪਠਹਿਂ ਜੁਗ ਬੀਰ ॥੨੦॥

[1]ਸੂਈ।

ਦੋਹਰਾ:
ਸ਼੍ਰੀ ਗ੍ਰੰਥ ਸਾਹਿਬ ਤਰੇ ਰੁਚਿਰ ਪੰਘੂਰੇ ਜੇਜ।
ਤਿਨ ਪਾਵੇ ਬਿਚ ਸੂਚਕਾ ਸੰਚਰਾਵਹੁ ਕਰ ਲੇਯ[1] ॥੨੧॥

[1]ਹੱਥ ਵਿਚ ਲੈ ਕੇ ਖੁਭਾਵੋ।

ਚੌਪਈ:
ਜਿਸ ਪਾਵੇ ਬਿਚਿ ਸੰਚਰਿ ਜਾਇ।
ਸ਼ਬਦ ਪਠਤਿ ਕਾਸ਼ਟ ਨਰਮਾਇ।
ਪਾਹਨ ਆਦਿ ਮੋਮ ਸਮ ਹੋਇਂ।

ਗੁਰਤਾ ਕੀ ਲਾਇਕ ਲਖਿ ਸੋਇ' ॥੨੨॥
ਇਮ ਸੁਨਿ ਗੁਰ ਤੇ ਸਿੱਖ ਸੁਜਾਨਾ।
ਗਮਨਜੋ ਤਹਿਂ ਤੇ† ਚਾਉ ਮਹਾਨਾਂ।
ਮਹਿਂ ਸ਼੍ਰੀ ਰਾਮਰਾਇ ਜੀ ਬੈਸੇ।
ਪੂਰਬ ਜਾਇ ਸਥਾਨ ਪ੍ਰਵੇਸ਼ੇ ॥੨੩॥
ਕੀਨਿ ਬੰਦਨਾ ਸੀਸ ਨਿਵਾਇ।
ਬੈਸਿ ਸਮੀਪ ਸੁਨਤਿ ਚਿਤ ਲਾਇ।
ਪਠਹਿ ਗ੍ਰੰਥ ਸਾਹਿਬ ਕੀ ਬਾਨੀ।
ਭਗਤਿ ਵਿਰਾਗ ਗਯਾਨ ਗੁਨ ਸਾਨੀ ॥੨੪॥
ਜਬਿ ਸੂਚੀ ਸੰਚਰਾਵਨਿ ਲਾਗੋ।
ਨਹਿਂ ਪਾਵੇ ਮਹਿਂ ਪ੍ਰਵਿਸ਼ਹਿ ਆਗੋ।
ਪਰਖਤਿ ਕੇਤਿਕ ਚਿਰ ਤਹਿਂ ਰਹਜੋ।
-ਗੁਰਤਾ ਪਦ ਨਹਿਂ ਲਾਇਕ- ਲਹਜੋ ॥੨੫॥
ਕਰਿ ਬੰਦਨ ਕੋ ਤਬਿ ਉਠਿ ਗਯੋ।
ਗੁਰ ਸੁਤ ਲਘੁ ਢਿਗ ਪਹੁੰਚਤਿ ਭਯੋ।
ਪਠਤਿ ਗ੍ਰੰਥ ਸਾਹਿਬ ਕੀ ਬਾਨੀ।
ਮ੍ਰਿਦੁਲ ਰਿਦਾ ਸਰਬੱਗਜ ਸੁ ਗਜਾਨੀ ॥੨੬॥
ਸਿੱਖਜ ਨਮੋ ਕਰਿ ਬੈਠਜੋ ਜਾਇ।
ਸੁਨਤਿ ਸ਼ਬਦ ਸਗਰੇ ਸੁਖਦਾਇ।
ਪੁਨ ਸ਼੍ਰੀ ਗ੍ਰੰਥ ਪੰਘੂਰੇ ਪਾਵਾ।
ਲੀਨਿ ਸੂਚਕਾ ਨੋਕ ਚੁਭਾਵਾ ॥੨੭॥
ਹੁਤੋ ਮੋਮ ਸਮ, ਸਭਿ ਗਡਿ ਗਈ।
ਰਹਜੋ ਨਿਕਾਸ ਬੀਚ ਲੈ ਭਈ†।
ਤੂਸ਼ਨਿ ਰਹਜੋ ਨ ਕਛੂ ਬਖਾਨਾ।

†ਪਾ:-ਹਿਰਦੇ। ਪੁਨਾ:-ਹਮਤੇ।

†ਭਾਵ ਇਹ ਹੈ ਕਿ ਸ਼੍ਰੀ ਹਰਿ ਕ੍ਰਿਸ਼ਨ ਜੀ ਬਾਣੀ ਪੜ੍ਹਦੇ ਇਤਨੇ ਦ੍ਰਵੇ ਕਿ ਵਾਹਿਗੁਰੂ ਵਿਚ ਜਾ ਢੁਲ ਮਿਲੇ, ਦ੍ਰਵਣਾ ਇਕ ਰੂਹਾਨੀ ਗੁਣ ਹੈ। ਯਥਾ:- 'ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ' ॥ ਸ਼੍ਰੀ ਰਾਮਰਾਇ ਜੀ ਬਾਣੀ ਪੜ੍ਹ ਰਹੇ ਸੇ, ਸਮਝ ਬੁਝ ਰਹੇ ਸੇ, ਪਰ ਦ੍ਰਵ ਕੇ 'ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੁਲਿ' ਵਾਲੀ ਅਵਸਥਾ ਨੂੰ ਪ੍ਰਾਪਤ ਨਹੀਂ ਸੇ ਹੋ ਰਹੇ।

ਗੁਰਤਾ ਕੇ ਲਾਇਕ ਪਹਿਚਾਨਾ ॥੨੮॥
ਸ਼ਰਧਾ ਧਰਿ ਕਰਿ, ਕਰ ਜੁਗ ਜੋਰੇ।
ਨਿੰਮ੍ਰਿ ਹੋਇ ਕਰਿ ਚਰਨ ਨਿਹੋਰੇ।
-ਸ਼੍ਰੀ ਹਰਿ ਕ੍ਰਿਸ਼ਨ ਕ੍ਰਿਸ਼ਨ ਅਵਤਾਰ।
ਇਹੀ ਸਹਾਰਹਿਂ ਗੁਰਤਾ ਭਾਰ- ॥੨੯॥
ਸ਼੍ਰੀ ਹਰਿਰਾਇ ਨਿਕਟਿ ਸਿਖ ਆਵਾ।
ਦੋਨਹੁਂ ਕੇਰ ਬ੍ਰਿਤੰਤ ਬਤਾਵਾ।
'ਕਾਸ਼ਟ ਹੋਯਹੁ ਮੈਨ ਸਮਾਨਾ†।

†ਭਾਵ ਇਹ ਹੈ ਕਿ ਜਿਸ ਦਾ ਆਪਣਾ ਮਨ ਸਾਈਂ ਲਿਵ ਵਿਚ ਦ੍ਰਵਦਾ ਹੈ, ਉਸ ਦੀ ਬਾਣੀ ਉਪਦੇਸ਼ ਨਾਲ ਜਗਤ ਦ੍ਰਵੇਗਾ।

ਉਚਿਤ ਕ੍ਰਿਪਾ ਤੁਮਾਰੀ ਤੇ ਜਾਨਾ ॥੩੦॥
ਜਿਨ ਕੈ ਸ਼ਬਦ ਬਿਖੈ ਅਤਿ ਸ਼ਕਤਿ।
ਹੋਇ ਕਠਨ ਮਨ[1] ਸੋ ਭੀ ਸੁਧਰਤਿ।

[1]ਕਠੋਰ ਮਨ।

ਮ੍ਰਿਦੁਲ ਰਿਦਨਿ ਕੀ ਕਆ ਹੈ ਗਿਨਤੀ।
ਉਧਰਹਿਂ ਸੇਵਕ ਕਰਿ ਕਰਿ ਬਿਨਤੀ ॥੩੧॥
ਨਿਰਨੈ ਕਰਿ ਨਿਸ਼ਚੈ ਮਨ ਠਾਨਾ।
ਜੋ ਹੋਵਹਿ ਸਤਿਗੁਰੂ ਸੁਜਾਨਾ।
ਨਹਿਂ ਬ੍ਰਿਤੰਤ ਬਹੁ ਤਿਨ ਬਿਦਤਾਵਾ।
ਜਾਨਜੋ ਚਹਿ ਸੁ ਜਾਨਿ ਹਰਖਾਵਾ ॥੩੨॥
ਕਿਤਿਕ ਦਿਵਸ ਰਹਿ ਸਤਿਗੁਰ ਪਾਸ।
ਪੁਨ ਰੁਖਸਦ ਹੁਇ ਗਯੋ ਅਵਾਸ[1]।

[1]ਵਾਸਾ ਰੱਖਾਂਗਾ।

ਇਸ ਪ੍ਰਕਾਰ ਪਰਖੇ ਸੁਤ ਗੁਰ ਕੇ।
ਤਿਸ ਪ੍ਰਾਪਤ ਹੁਇ, ਭਾਗ ਜੁ ਧੁਰ ਕੇ ॥੩੩॥
ਸ਼੍ਰੀ ਸਤਿਗੁਰ ਹਰਿਰਾਇ ਸੁਜਾਨਾ।
ਸੁਤ ਤਜਾਗਨਿ ਕੋ ਜਬਹਿ ਬਖਾਨਾ।
ਤਬਿ ਤੇ ਰਾਮਰਾਇ ਇਤ ਆਵਨਿ।
ਨਾਂਹਿਨ ਕੀਨਸਿ ਮਨ ਲਲਚਾਵਨ ॥੩੪॥
ਭਯੋ ਨਿਰਾਸ ਪਿਤਾ ਕੀ ਦਿਸ਼ਿ ਤੇ।
ਗੁਰਤਾ ਚਹਿਤਿ ਹੁਤੋ ਨਿਤ ਜਿਸ ਤੇ।
ਰਿਦੈ ਬਿਚਾਰਤਿ -ਮੈਂ ਸਭਿ ਲਾਯਕ।

ਭਏ ਹਜ਼ਾਰਹੁੰ ਸਿਖ ਧਨਦਾਯਕ ॥੩੫॥
ਸਕਲ ਸਮਾਜ ਬਧ੍ਯੋ ਅਧਿਕਾਇ।
ਸੈਨਾ ਅਦਿਕ ਬਹੁਤ ਸਹਾਇ।
ਧਨ ਕੀ ਕਮੀ ਨਹੀਂ ਕੁਛ ਮੇਰੇ।
ਅਬਿ ਅਰੁ ਆਗੇ ਆਇੰ ਘਨੇਰੇ ॥੩੬॥
ਤੁਰਕੇਸ਼ੁਰ ਸੰਗ ਰਸ ਮੈਂ ਰਾਖਾ।
ਦੇਤਿ ਮੋਹਿ ਕੋ ਜੋ ਅਭਿਲਾਖਾ।
ਇਤ ਹੀ ਦਿਸ਼ਿ ਮੈਂ ਕਰੌਂ ਅਵਾਸ।
ਕਜਾ ਹੁਇ ਜੌਂ ਨ ਜਾਉਂ ਪਿਤ ਪਾਸ
॥੩੭॥
ਸਭਿ ਬਿਧਿ ਮੈਂ ਬਿਸਾਲ ਸਮਰੱਥ।
ਕਰੌਂ ਚਹੌਂ ਚਿਤ ਸਭਿ ਮਮ ਹੱਥ।
ਇਕ ਤੌਂ ਸਿੱਖੀ ਬਹੁ ਜਗ ਮੇਰੀ।
ਸ਼ਾਹੁ ਸੰਗ ਰਸ ਰੀਤਿ ਘਨੇਰੀ ॥੩੮॥
ਆਜ ਕਮੀ ਕਿਸ ਬਾਤ ਨ ਮੋਹੀ।
ਨਿਤਪ੍ਰਤਿ ਸਕਲ ਅਧਿਕਤਾ ਹੋਹੀ-।
ਇੱਤਜਾਦਿਕ ਗਿਨਤੀ ਕਹੁ ਕਰਿ ਕੈ।
ਉਤ ਹੀ ਰਹ੍ਯੋ ਪੁਰੀ ਮਹਿਂ ਥਿਰਿ ਕੈ
॥੩੯॥
ਅਧਿਕ ਦਰਬ ਨਿਤ ਆਵਹਿ ਪਾਸ।
ਲ੍ਯਾਇ ਉਪਾਇਨ ਸੰਗਤਿ ਰਾਸ।
ਜਿਸ ਸਤਿਗੁਰ ਕੇ ਘਰ ਕੀ ਰੀਤਿ।
ਤਿਮ ਗੁਰ ਬਨ੍ਯੋ ਕਰਤਿ ਰਹਿ ਨੀਤ
॥੪੦॥
ਬ੍ਰਿੰਦ ਮਸੰਦ ਮੇਵੜੇ ਭਏ।
ਸਿੱਖਜਨਿ ਤੇ ਨਿਤ ਧਨ ਕੋ ਲਿਏ।
ਅਜ਼ਮਤ ਬ੍ਰਿੰਦ ਦੇਖਿਬੇ ਕਰਿ ਕੈ।
ਬਹੁ ਸੰਗਤਿ ਭੀ ਸੁਜਸੁ ਉਚਰਿ ਕੈ
॥੪੧॥
ਗਾਇੰ ਰਬਾਬੀ ਸ਼ਬਦ ਹਮੇਸ਼।
ਬੈਠਹਿਂ ਮੰਜੀ ਹੁਇ ਸ਼ੁਭ ਬੇਸ਼।
ਕਰਤਿ ਖਰੇ ਅਰਦਾਸ ਅਗਾਰੀ।

ਸਹਿਤ ਪ੍ਰੇਮ ਕੇ ਹੁਇ ਬਲਿਹਾਰੀ ॥੪੨॥
ਇਕ[1] ਸਤਿਗੁਰ ਸੁਤ ਹੋਵਨਿ ਕਰਿ ਕੈ। [1]ਇਕ ਤਾਂ
[1]ਗੁਰ ਕਹਾਇ ਅਜ਼ਮਤ ਸੁ ਦਿਖਰਿ ਕੈ। [1]ਦੂਸਰੇ)।
ਅਧਿਕ ਸਮਾਜ ਬਧਯੋ ਸਭਿ ਭਾਂਤੀ।
ਦੇਸ਼ ਬਿਦੇਸ਼ਨਿ ਭਾ ਬੱਖਜਾਤੀ ॥੪੩॥
ਨੌਰੰਗ ਨਿਕਟਿ ਰਹਯੋ ਚਿਰ ਕਾਲ।
ਪਹੁੰਚਹਿ ਢਿਗ ਨਿਤ ਆਦਰ ਨਾਲ।
ਬਾਦੀ ਦੁਸ਼ਟ ਬਿਸਾਲ ਦੁਬਾਏ।
ਚਹੈਂ[1] ਬੁਰੋ, ਪਰ ਬਸ ਨ ਬਸਾਏ ॥੪੪॥ [1]ਬਾਦੀ) ਚਾਹੰਦੇ ਹਨ।
ਜਿਮ ਸੂਬੇ ਪਤਿਸ਼ਾਹੀ ਆਵਤਿ[1]। [1]ਪਾਤਸ਼ਾਹੀ ਸੂਬੇ ਜਿਵੇਂ ਆਉਂਦੇ ਹਨ।
ਸਿਵਕਾਰੂਢ ਸਦਾ ਤਿਮ ਜਾਵਤਿ।
ਕਵਿ ਸੰਤੋਖ ਸਿੰਘ ਸਤਿਗੁਰ ਨੰਦ।
ਸਕਲ ਸਮਾਜ, ਬ੍ਰਿਧਾਇ ਬਿਲੰਦ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਹਰਿਰਾਇ ਸੁਤ ਪਰਖਨ' ਪ੍ਰਸੰਗ ਬਰਨਨੰ ਨਾਮ ਏਕੋਨਸਸ਼ਟੀ ਅੰਸੂ ॥੫੯॥

## ੬੦. [ਰਾਮਰਾਇ ਲਾਹੌਰ ਨੂੰ]

੫੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਪੁਨ ਕੇਤਿਕ ਦਿਨ ਬਿਤ ਗਏ,
ਹਠ ਤੇ ਫਿਰਯੋ ਸੁਭਾਇ।
ਬਡਤਾ ਪਿਤ ਕੀ ਸਿਮਰਿ ਉਰ,
ਮਿਲਨਿ ਚਾਹਿ ਉਪਜਾਇ ॥੧॥
ਸ਼੍ਰੀ ਸਤਿਗੁਰ ਨਿਜ ਪਿਤਾ ਕੋ,
ਕ੍ਰੌਧ ਸੁਨਯੋ ਦੁਖ ਪਾਇ।
-ਕਹਾਂ ਬਾਤ ਬਿਪ੍ਰੈ ਭਈ-,
ਨਿਸ ਦਿਨ ਬਹੁ ਪਛੁਤਾਇ ॥੧॥

ਚੌਪਈ:

-ਅਬਿ ਕਰਤੱਬਜ ਅਹੈ ਕਜਾ ਮੋਹੀ-।
ਰਿਦੇ ਬਿਚਾਰਤਿ ਸੰਕਟ ਹੋਹੀ।
-ਜਾਵੌਂ ਪਿਤ ਸਮੀਪ ਇਕ ਵਾਰੀ।
ਬਖ਼ਸ਼ਾਵੌਂ ਕਰ ਜੋਰਿ ਅਗਾਰੀ- ॥੩॥
ਇਮ ਨਿਸ਼ਚੇ ਕਰਿ ਕੈ ਬਹੁ ਭਾਇ।
ਗੁਰ ਸੁਤ ਰਾਮਰਾਇ ਪਛੁਤਾਇ।
ਨੌਰੰਗ ਸੰਗ ਕਹਯੋ ਬਚ ਐਸੇ।
'ਅਬਿ ਰੁਖਸਦ ਦਿਹੁ ਜੈਸੇ ਕੈਸੇ' ॥੪॥
ਸ਼ਾਹੁ ਨ ਮਾਨੈ ਕਹੈ ਬਨਾਇ।
'ਤੁਮਰੇ ਦਰਸ਼ਨ ਕੀ ਮੁਝ ਚਾਹਿ।
ਰਹਹੁ ਕਿਤਕਿ ਦਿਨ ਇਹਾਂ ਗੁਜਾਰਹੁ।
ਮੋਹਿ ਹਰਖ ਕਰਿ ਪੁਨਹਿ ਪਧਾਰਹੁ' ॥੫॥
ਚਤੁਰਿ ਪੰਚ ਦਿਨ ਬੂਝਤਿ ਰਹੇ।
ਰੁਖਸ਼ਦ ਕਰਨਿ ਸ਼ਾਹੁ ਨਹਿਂ ਕਹੇ।
ਤਬਿ ਸ਼੍ਰੀ ਰਾਮਰਾਇ ਅਕੁਲਾਏ।
-ਹਮਹਿਂ ਜ਼ਰੂਰ ਬਨਹਿ ਤਹਿਂ ਜਾਏ- ॥੬॥
ਇਕ ਦਿਨ ਸ਼ਾਹੁ ਸ਼ਿਕਾਰ ਸਿਧਾਯਹੁ।
ਬੋਲਿ ਗੁਰੂ ਸੁਤ ਸੰਗ ਰਲਾਯਹੁ।
ਜਹਾਂ ਸ਼ਿਕਾਰਗਾਹ ਤਹਿਂ ਗਏ।

ਜੀਵ ਘਾਤ ਹਿਤ ਬਿਚਰਤਿ ਭਏ ॥੭॥
ਤਬਿ ਸ਼੍ਰੀ ਰਾਮਰਾਇ ਰਿਸ ਆਈ।
ਮਹਾਂ ਘਟਾ ਘਨ ਕੀ ਘੁਮਡਾਈ।
ਅਧਿਕ ਬੇਗ ਤੇ ਪਵਨ ਚਲਾਯਹੁ।
ਮਹਾਂ ਧੂਲ ਜੁਤਿ ਡਰ ਉਪਜਾਯਹੁ ॥੮॥
ਓਰਨਿ ਕੀ ਬਰਖਾ ਬਡ ਭਈ।
ਲਗਹਿ ਦੇਹ ਪਰ ਪੀਰਾ ਦਈ।
ਅਵਰੰਗ ਕਹੁੰ ਮਹਿਦ ਅਕੁਲਾਵਾ।
ਲਸ਼ਕਰ ਭਗਜੋ[1] ਮਹਾਂ ਦੁਖ ਪਾਵਾ ॥੯॥
ਨਹੀਂ ਸਾਹਿ ਕਿਤ ਪਾਇਵ ਠੌਰ।
ਪਵਨ ਧੂਲ ਓਰਨਿ ਤੇ ਬੌਰ[†]।
ਜਹਿਂ ਸ਼੍ਰੀ ਰਾਮਰਾਇ ਥਿਰ ਰਹੇ।
ਤਹਿਂ ਨਹਿਂ ਓਰਾ, ਪਵਨ ਨ ਬਹੇ ॥੧੦॥
ਕਿਤਕਿ ਕਾਲ ਲੌ ਇਤ ਉਤ ਫਿਰਿ ਕੈ।
ਆਵਤਿ ਭਾ ਸਮੀਪ ਸੁਤ ਗੁਰ ਕੈ।
ਦੇਖਿ ਸ਼ਾਹੁ ਨੇ ਰਿਦੇ ਬਿਚਾਰਾ।
-ਇਨਹੁਂ ਕ੍ਰੋਧ ਕੁਛ ਮੋ ਪਰ ਧਾਰਾ ॥੧੧॥
ਰੁਖ਼ਸ਼ਦ ਮਾਂਗਤਿ ਮੈਂ ਨਹਿਂ ਦੀਨਿ।
ਯਾਂ ਤੇ ਮਮ ਐਸੀ ਗਤਿ ਕੀਨਿ।
ਨੰਮ੍ਰਿ ਹੋਇ ਕਰਿ ਬਾਕ ਬਖਾਨਾ।
'ਸ਼ੌਂਕ ਦਰਸ ਕੋ ਮੋਹਿ ਮਹਾਨਾ ॥੧੨॥
ਯਾਂ ਤੇ ਮੈਂ ਰੁਖ਼ਸ਼ਦ ਨਹਿਂ ਕਰੇ।
ਅਬਿ ਤਿਮ ਕਰਹੁ ਜਥਾ ਉਰ ਧਰੇ।
ਪੁਨ ਤੂਰਨ ਹੀ ਦਰਸ਼ਨ ਦੀਜੈ।
ਅਪਨੇ ਸਦਨ ਵਿਖੈ ਗਮਨੀਜੈ' ॥੧੩॥
ਤਬਿ ਸ਼੍ਰੀ ਰਾਮਰਾਇ ਮੁਸਕਾਨੇ।
'ਤੁਵ ਮਨ ਬਹੁ ਹੰਕਾਰ ਕੋ ਠਾਨੇ।
ਜਿਸ ਸੈਨਾ ਤੇ ਲਖੈਂ ਬਡੇਰੇ।
ਸੋ ਅਬਿ ਕਹਾਂ, ਨ ਦੀਖਤਿ ਨੇਰੇ ॥੧੪॥
ਯਾਂ ਤੇ ਸਭਿ ਖੁਦਾਇ ਕੇ ਹਾਥ।
ਕਹਾਂ ਹੋਇ ਧਨ ਦਲ ਬਲ ਸਾਥ।
ਅਬਿ ਹਮ ਪਿਤ ਸਤਿਗੁਰ ਢਿਗ ਜਾਵੈਂ।

[1]ਨੱਸ ਗਿਆ।
[†]ਪਾ:-ਦੌਰ।

ਦਰਸ਼ਨ ਦੇਖਹਿਂ ਸੀਸ ਨਿਵਾਵੈਂ ॥੧੫॥
ਦਾਤਾ ਸਾਸ ਗਿਰਾਸ ਹਮਾਰੋ।
ਸਰਬ ਭਾਂਤਿ ਸਮਰਥ ਗੁਰ ਭਾਰੋ।'
ਪੁਰਿ ਦਿੱਲੀ ਮਹਿਂ ਤਬਿ ਚਲਿ ਆਏ।
ਸ਼ਾਹੁ ਪਦਾਰਥ ਬਹੁ ਅਰਪਾਏ ॥੧੬॥
ਜੋ ਬਹੁ ਮੋਲੇ ਬਸਤ੍ਰ ਅਭਰਨ।
ਦਿਏ ਸ਼ਾਹ ਹਿਤ ਰੁਖ਼ਸਦ ਕਰਨਿ।
ਦਰਬ ਤੁਰੰਗਮ ਬ੍ਰਿੰਦ ਪਠਾਏ।
ਗੁਰ ਨੰਦਨ ਡਰੇ ਕਹੁ ਆਏ ॥੧੭॥
ਰਿਦਾ ਉਦਾਸ ਬਹੁਤ ਜਿਨ ਕੇਰਾ।
ਹਰਖ ਨ ਕਰਹਿਂ ਕਬਹੁਂ ਤਿਸ ਬੇਰਾ।
ਸਕਲ ਸਮਾਜ ਤਹਾਂ ਹੀ ਛੋਰਾ।
ਲੇ ਕਰਿ ਸੰਗ ਆਪਨੇ ਥੋਰਾ ॥੧੮॥
ਦਿੱਲੀ ਪੁਰ ਨਿਜ ਸਿੱਖਜ ਟਿਕਾਏ।
ਰਾਖਜੋ ਸਭਿ ਸਮਾਜ ਸਮੁਦਾਏ।
ਅਲਪ ਨਰਨਿ ਸੋਂ ਕੀਨਸਿ ਪਜਾਨਾ।
ਚਲਤਿ ਬਿਸੂਰਤਿ ਰਿਦੇ ਮਹਾਨਾ ॥੧੯॥
ਮਾਰਗ ਆਵਤਿ ਕੀਰਤਿ ਪੁਰਿ ਕੇ।
ਰਿਦੇ ਬਿਚਾਰਤਿ ਚਰਿਤ ਜਿ ਗੁਰ ਕੇ।
ਕ੍ਰਮ ਤੇ ਕਰਜੋ ਉਲੰਘਨਿ ਸਾਰੋ।
ਦ੍ਵਾਦਸ਼ ਕੋਸ ਪੰਥ ਰਹਿ ਸਾਰੋ ॥੨੦॥
ਡੇਰਾ ਕਰਜੋ ਟਿਕਾਵਨਿ ਤਹੀਂ।
ਗੁਰ ਬਚ ਕੋ ਚਿਤਵਜੋ ਚਿਤ ਮਹੀਂ।
-ਮੁਖ ਨ ਦਿਖਾਵੋ ਅਪੁਨੋ ਆਇ-।
ਯਾਂ ਤੇ ਨਹਿਂ ਗਮਨਜੋ ਅਗੁਵਾਇ ॥੨੧॥
ਰਿਦੈ ਬਿਖੈ ਗਿਨਿ ਗਿਨਿ ਬਹੁ ਗਿਨਤੀ।
ਲਿਖੀ ਪਤ੍ਰਿਕਾ ਨਿਜ ਕਰਿ ਬਿਨਤੀ।
'ਰਾਵਰ ਕੀ ਆਗਜਾ ਜਿਮ ਹੋਇ।
ਕਰੀ ਜਾਇ ਸਭਿ ਹੁੰ ਤੇ ਸੋਇ ॥੨੨॥
ਬਿਨ ਮਰਜ਼ੀ ਮੈਂ ਨਿਕਟ ਨ ਆਯੋ।
ਦਰਸ਼ਨ ਕੋ ਹਿਯਰਾ ਲਲਚਾਯੋ।
ਜਿਮ ਆਇਸੁ ਅਬਿ ਤੈਸੇ ਕਰੌਂ।

ਅਪਨੋ ਦੋਸ਼ ਆਪ ਹੀ ਭਰੌਂ ॥੨੩॥
ਇੱਤਯਾਦਿਕ ਲਿਖਿ ਪੱਤ੍ਰ ਪਠਾਈ।
ਸ੍ਰੀ ਸਤਿਗੁਰ ਕੇ ਢਿਗ ਪਹੁੰਚਾਈ।
ਦੇਖਤਿ ਸ਼੍ਰੀ ਹਰਿਰਾਇ ਸੁਜਾਨਾ।
ਸੁਤ ਕੋ ਸਰਬ ਬ੍ਰਿਤਾਂਤ ਪਛਾਨਾ ॥੨੪॥
ਕਹਯੋ ਤਾਂਹਿ ਜੋ ਪੱਤ੍ਰੀ ਲਯਾਯੋ।
'ਹਮ ਮਿਲਿਬੇ ਕਿਮ ਚਿਤ ਲਲਚਾਯੋ?
ਹੁਕਮ ਅਦੂਲੀ ਕਰਿ ਅਪਰਾਧੂ।
ਕੈਸੇ ਬਨਯੋ ਚਹੈ ਅਬਿ ਸਾਧੂ ॥੨੫॥
ਗਮਨ ਸਮੈਂ ਹਮ ਬਹੁ ਸਮਝਾਯੋ।
ਸਿੱਖਯਾ ਨਹੀਂ ਨੈਕ ਮਨ ਲਯਾਯੋ।
ਇਕ ਤੌਂ ਬਾਰ ਬਾਰ ਕਰਿ ਅਜ਼ਮਤ।
ਬਿਨਾਂ ਪ੍ਰਯੋਜਨ ਠਾਨੀ ਜਿਤ ਕਿਤ ॥੨੬॥
ਤੁਰਕੇਸ਼ੁਰ ਸੋਂ ਸੁਤ ਰਖੈਬੇ।
ਕਰਿ ਮੁਲਾਹਜ਼ਾ ਕੀਨਿ ਫਰੇਬੇ।
ਸ੍ਰੀ ਨਾਨਕ ਪਤਿ ਚੌਦਹਿਂ ਲੋਕ।
ਤਿਨ ਕੋ ਆਸ਼ੈ ਬੀਚ ਸ਼ਲੋਕ ॥੨੭॥
ਸੋ ਛਿਪਾਇ† ਕੈ ਅਨਤ ਸੁਨਾਯੋ।
ਹੁਤੋ ਅਪਰ ਤਿਸ ਅਪਰ ਬੁਝਾਯੋ[1]।
ਕਹਾਂ ਤ੍ਰਾਸ ਤੁਰਕੇਸ਼ੁਰ ਕੇਰਾ।
ਜਿਸ ਕੋ ਮਾਨਯੋ ਜਾਨਿ ਬਡੇਰਾ ॥੨੮॥
ਸਦਾ ਸਹਾਇਕ ਹਿਮ ਤਿਸ ਕੇਰੇਂ।
ਚਹੈਂ ਸੁ ਕਰਤਿ ਨ ਲਾਗਤਿ ਦੇਰੇਂ।
ਮਾਂਟੀ ਤੁਰਕਨਿ ਕੀ ਜਿਮ ਜਲੈ।
ਬੀਚ ਪਜਾਵੇ[1] ਆਵੈ ਬਲੈ ॥੨੯॥
ਅਜ਼ਮਤ ਬਲ ਤੇ ਤਿਸ ਅਗਵਾਈ।
ਮਾਟੀ ਜਲਤੀ ਕਯੋਂ ਨ ਦਿਖਾਈ।
ਹੁਤੀ ਵਾਸਤਵ ਦਿਖਤਿ ਬਿਦਤਿ ਹੈ।
ਤ੍ਰਾਸ ਨ ਤਨਕ ਜਿ ਤੁਰਕ ਜਿਦਤਿ ਹੈ ॥੩੦॥
ਯਾਂ ਤੇ ਹਮੈਂ ਨ ਦਰਸ ਦਿਖਾਵਹੁ।

†ਪਾ:-ਫਿਰਾਇ।
[1]ਸਮਝਾਯਾ।
[1]ਆਵੇ ਵਿਚ।

ਜਿਤ ਦਿਸ਼ਿ ਮੁਖ ਤਿਤ ਹੀ ਚਲਿ ਜਾਵਹੁ।'
ਸਤਿਗੁਰ ਕੀ ਰਿਸ ਜੁਤਿ ਸੁਨਿ ਬਾਨੀ।
ਹਟਜੋ ਸੁ ਸਿਖ ਜਿਸ ਪੱਤ੍ਰੀ ਆਨੀ ॥੩੧॥
ਤੁਰਤ ਗਮਨ ਕਰਿ ਤਹਿਂ ਤੇ ਆਯਹੁ।
ਜਹਿਂ ਸ਼੍ਰੀ ਰਾਮਰਾਇ ਉਤਰਾਯਹੁ।
ਖਰੇ ਹੁਤੇ ਤਬਿ ਸਹਿਜ ਸੁਭਾਇ।
ਚਿਤ ਮਹਿਂ ਚਿੰਤਾ ਬਹੁ ਉਪਜਾਇ ॥੩੨॥
-ਸ਼੍ਰੀ ਸਤਿਗੁਰ ਸਰਬਗ ਗੁਨ ਖਾਨੀ।
ਪਿਤਾ ਧੀਰ ਕਜਾ ਕਰਹਿਂ ਬਖਾਨੀ!
ਬਖਸ਼ਹਿਂ ਮੋਹਿ ਕਿ ਨਹਿਂ ਅਪਰਾਧੂ।
ਲਖਿ ਨ ਸਕਜੋ ਮੈਂ ਰਿਦਾ ਅਗਾਧੂ- ॥੩੩॥
ਇਤਨੇ ਮਹਿਂ ਸਿਖ ਸੋ ਚਲਿ ਆਯੋ।
ਗੁਰ ਕੋ ਕਹਿਬੋ ਸਕਲ ਸੁਨਾਯੋ।
'ਜਿਤ ਦਿਸ਼ਿ ਮੁੱਖ ਤਿਤ ਹੀ ਚਲਿ ਜਾਵਹੁ।
ਹਮ ਢਿਗ ਆਇ ਨ ਦਰਸ ਦਿਖਾਵਹੁ' ॥੩੪॥
ਸੁਨਜੋ ਪਿਤਾ ਕੋ ਅਸ ਜਬਿ ਮਤੋ।
ਲਵਪੁਰਿ ਦਿਸ਼ਿ ਤਬਿ ਤਿਸ ਮੁਖ ਹੁਤੋ।
ਹਾਥ ਜੋਰਿ ਧਰ ਪਰ ਧਰਿ ਮਾਥਾ।
ਮਾਨਜੋ ਹੁਕਮ ਪ੍ਰੇਮ ਕੇ ਸਾਥਾ ॥੩੫॥
ਭਯੋ ਅਰੂਢਿ ਠਾਨਿ ਕਰਿ ਤਜਾਰੀ।
ਗਮਨਜੋ ਲਵਪੁਰਿ ਪੰਥ ਮਝਾਰੀ।
ਸਨੈ ਸਨੈ ਡੇਰਾ ਕਰਿ ਜਾਤਿ।
ਅਪਨਿ ਖੋਟ ਕੋ ਲਖਿ ਪਛੁਤਾਤ ॥੩੬॥
ਸੁਨੀ ਸਰਬ ਸੁਧ ਸ੍ਰੀ ਹਰਿਰਾਇ।
-ਹੁਕਮ ਮਾਨਿ ਲਵਪੁਰਿ ਕੋ ਜਾਇ-।
ਲਿਖਜੋ ਹੁਕਮਨਾਮਾ ਤਿਸ ਕਾਲ।
ਸਿਖ ਸੰਗਤਿ ਤਹਿਂ ਰਹੈ ਬਿਸਾਲ ॥੩੭॥
ਤਿਨ ਪਰ ਹੁਕਮ ਸੁ ਅਸ ਫੁਰਮਾਇਵ।

'ਸਿੱਖ ਹਮਾਰੋ ਜੌਨ ਕਹਾਇਵ।
ਪੈਸਾ ਕੌਡੀ ਅੰਸ ਜੁ ਗੁਰ ਕੀ।
ਅਰਪਹਿ ਗਨ ਸ਼ਰਧਾ ਧਰਿ ਉਰ ਕੀ ॥੩੮॥
ਪੁਰਿ ਮਹਿਂ ਰਾਮਰਾਇ ਜਬ ਆਵਹਿ।
ਨਹੀਂ ਕਾਰ ਕੋ ਇਸ ਅਰਪਾਵਹਿ।'
ਕਾਸਦ ਲੇ ਗੁਰ ਕੋ ਜਬਿ ਗਯੋ।
ਸੁਨਿ ਕਰਿ ਸਭਿਨਿ ਅਚੰਭਾ ਭਯੋ ॥੩੯॥
'ਗੁਰ ਚਰਿੱਤ੍ਰ ਕਛੁ ਲਖ੍ਯੋ ਨ ਜਾਈ।
ਪਜਾਰੇ ਸੁਤ ਕੀ ਪੂਜ ਹਟਾਈ।
ਲਾਇਕ ਕੇ ਅਜ਼ਮਤ ਮਹਿਂ ਭਾਰੇ।
ਹੋਤਿ ਤਥਾ ਮੁਖ ਜਥਾ ਉਚਾਰੇ ॥੪੦॥
ਸਤਿਗੁਰ ਅੰਸ ਅਹੈ ਅਵਤਾਰਾ[1]।'

[1]ਅਵਿਤਾਰ ਸਤਿਗੁਰਾਂ ਦੀ ਅੰਸ਼ ਹਨ। (ਅ) ਸਤਿਗੁਰੂ ਦੀ ਅੰਸ਼ ਤੋਂ ਅਵਤਰੇ (ਜਨਮੇ) ਹਨ।

ਸਿਖ ਸੰਗਤਿ ਇਮ ਭਏ ਹਜ਼ਾਰਾ।
'ਜੇ ਹਮ ਦਰਸ ਕਰਨਿ ਨਹਿਂ ਜਾਵੈਂ।
ਕਰੇ ਕੋਪ ਕੋ ਮਾਰਿ ਮਿਟਾਵੈਂ ॥੪੧॥
ਛੂਛੇ ਮਿਲੈਂ ਜਾਇ ਕਰਿ ਕੈਸੇ।
ਉਤ ਗੁਰ ਬਾਕ ਭਯੰਕਰ ਤੈਸੇ।
ਬਨੀ ਕਠਨ, ਕੋ ਕਰਹਿਂ ਉਪਾਈ?'
ਮਿਲਿ ਸੰਗਤਿ ਇਕਠੀ ਸਮੁਦਾਈ ॥੪੨॥
ਗਟੀ ਗਿਨਤਿ ਬਹੁ ਕਰੈਂ ਬਿਚਾਰਨਿ।
-ਕਿਮ ਦੁਇ ਦਿਸ਼ਿ ਤੇ ਹੋਇ ਉਬਾਰਨਿ-।
ਕਿਤਿਕ ਸਮੇਂ ਮਹਿਂ ਇਮ ਠਹਿਰਾਈ।
-ਉਬਰਹਿਂ ਦੁਹਿਦਿਸ਼ਿ ਏਵ ਉਪਾਈ ॥੪੩॥
ਪੈਸਾ ਕੌਡੀ ਗੁਰੂ ਉਚਾਰਾ।
ਨਹਿਂ ਕੋ ਸਿਖ ਦੇ ਅੰਸ ਹਮਾਰਾ।
ਕੰਚਨ ਰਜਤ ਬਚਨ ਮਹਿਂ ਨਾਂਹੀ[1]।

[1]ਸੌਨਾ ਚਾਂਦੀ ਗੁਰੂ ਬਚਨ (= ਹੁਕਮ ਵਿਚ ਮਨ੍ਹੇ) ਨਹੀਂ (ਲਿਖਿਆ ਆਯਾ)।

ਸੋ ਲੇ ਚਲਹੁ ਗੁਰੂ ਸੁਤ ਪਾਹੀ- ॥੪੪॥

ਕੌਡੀ ਪੈਸਾ ਦੋਨਹੁਂ ਛੋਰਿ।
ਮੁਹਰ ਰਜਤਪਣ ਕਰਿ ਇਕ ਠੌਰ।
ਉਤਰੇ ਰਾਮਰਾਇ ਜਿਸ ਥਾਨ।
ਤਬਿ ਗਮਨੇ ਲੇ ਭੇਟ ਮਹਾਨ ॥੪੫॥
ਕਰਿ ਕਰਿ ਬੰਦਨ ਨਿਜ ਕਰ ਬੰਦੇ।
ਲਹਿ ਦਰਸ਼ਨ ਕੋ ਰਿਦੇ ਅਨੰਦੇ।
ਯਹਿ ਬ੍ਰਿਤੰਤ ਸਤਿਗੁਰ ਜੀ ਸੁਨਜੋਂ।
ਬਿਗਸੇ ਬਹੁਤ, ਬਦਨ ਤੇ ਭਨਜੋ ॥੪੬॥
'ਲਵਪੁਰਿ ਕੀ ਸੰਗਤਿ ਸਮੁਦਾਈ।
ਮਾਨਜੋ ਬਾਕ ਨ, ਕੀਨਿ ਖੁਟਾਈ।
ਠਾਨਿ ਕਪਟ ਕੀ ਜੁਗਤਿ ਮਹਾਨਾ।
ਬਰਜੇ ਰਹੇ ਨ ਮੋ ਕਹੁ ਜਾਨਾ ॥੪੭॥
ਇਹ ਅੰਤਰਿ ਤੇ ਖੋਟੇ ਰਹੈਂ।
ਮੁਖ ਤੇ ਮਿਸ਼ਟ ਗਿਰਾ ਕੋ ਕਹੈਂ।
ਗੁਰ ਬਚ ਮਾਨੇ ਸਿਖ ਹ੍ਵੈ ਸੋਈ।
ਇਨ ਕੀ ਮਤਿ ਲੇ ਕਬਹੁਂ ਨ ਕੋਈ'
॥੪੮॥
ਇਮ ਕਹਿ ਸਤਿਗੁਰੁ ਤੂਸ਼ਨ ਭਏ।
ਪਜਾਰੋ ਪੁੱਤ੍ਰ ਤਜਾਗ ਹੀ ਦਏ।
ਅਪਨਿ ਸਮੀਪ ਨ ਆਵਨਿ ਦੀਨਿ।
ਪਿਖਜੋ ਦੋਸ਼ ਜੋ ਕੀਨਸਿ ਪੀਨ ॥੪੯॥
ਨਵਮਿ ਰਾਸਿ ਪੂਰਨ ਅਬਿ ਭਈ।
ਸ਼੍ਰੀ ਹਰਿਰਾਇ ਕਥਾ ਰਸ ਮਈ।
ਜੇਤਿਕ ਸੁਨੀ ਲਿਖੀ ਪਠਿ ਸਾਰੀ।
ਸਾਰ ਕਥਜੋ ਗੁਰੁ ਕੀਰਤ ਭਾਰੀ ॥੫੦॥
ਪਾਪਨਿ ਪੁੰਜ ਪਲਾਵਨਿ ਹਾਰੀ[†]।
ਜਿਮ ਸੁਰਸਰੀ ਬਿਲਮ ਬਰ ਬਾਰੀ।
ਸ਼੍ਰੀ ਸਤਿਗੁਰ ਕੇ ਚਰਨ ਮਨਾਇ।
ਪੂਰਨ ਰਾਸ ਕਰੀ ਸੁਖਦਾਇ ॥੫੧॥
ਕਵਿ ਸੰਤੋਖ ਸਿੰਘ ਗਹਿ ਗੁਰ ਸ਼ਰਨੀ।
ਮਤਿ ਅਨੁਸਾਰ ਕਥਾ ਬਰ ਬਰਨੀ।
ਗੁਰ ਜਸੁ ਪਾਵਨ ਕਰਤਾ[1] ਕਹਜੋ।

[†]ਪਾ:-ਭਾਰੀ।

[1]ਪਵਿੱਤ੍ਰ ਕਰਨ ਵਾਲਾ।

ਹੈ ਬਿਅੰਤ ਪਰ ਜੇਤਿਕ ਲਹਜੋ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਨਵਮਿ ਰਾਸੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਨਵਮੀ ਰਾਸ ਸੰਪੂਰਨ ਮਸਤ ਸ਼ੁਭ ਮਸਤੁ ਨਾਮਸ਼ਸ਼ਟੀ ਅੰਸੂ ॥੬੦॥

[ਨੌਵੀ ਰਾਸ਼ਿ ਸੰਪੂਰਨ ਹੋਈ]